# ਘੋਰਕੰਡੇ

ਕਹਾਣੀ-ਸੰਗ੍ਰਹਿ

ਸਿਮਰਨ ਧਾਲੀਵਾਲ



www.PunjabiLibrary.com

# ਘੋਰਕੰਡੇ

(ਕਹਾਣੀ ਸ੍ਰੰਗਹਿ)

ਅੱਖ਼ਰਾਂ 'ਚੋਂ ਔਕਾਤ ਮੇਰੀ ਪਹਿਚਾਣ ਲਵੀਂ
ਮੱਥੇ ਤੋਂ ਰੇਖਾਵਾਂ ਨਹੀਂਉਂ ਪੜ੍ਹੀ ਦੀਆਂ।
-ਤ੍ਰੈਲੋਚਨ ਲੋਚੀ

www.PunjabiLibrary.com

**ਇਸੇ ਕਲਮ ਤੋਂ-**

ਕਹਾਣੀ ਸੰਗ੍ਰਹਿ

ਆਸ ਅਜੇ ਬਾਕੀ ਹੈ(2012 ,2015)

ਉਸ ਪਲ(2015)

ਬੱਚਿਆਂ ਲਈਃ-

ਸੱਤ ਪਰੀਆਂ(2014, 2016)

ਸਫ਼ੈਦ ਪਰੀ ਤੇ ਪੰਛੀ (2016)

ਪੁਰਾਣੇ ਖੂਹ ਵਾਲਾ ਦੈਂਤ(2017)

www.PunjabiLibrary.com

# ਘੋਰਕੰਡੇ

(ਕਹਾਣੀ ਸੰਗ੍ਰਹਿ)

ਸਿਮਰਨ ਧਾਲੀਵਾਲ

ਸਾਹਿਬਦੀਪ ਪ੍ਰਕਾਸ਼ਨ
ਭੀਖੀ (ਮਾਨਸਾ) ਪੰਜਾਬ-151504

www.PunjabiLibrary.com

**Ghorkande**

(short stories)

by

**Simran Dhaliwal**
Assitant professor
Department of Punjabi
Guru Nanak Dev University college
Chung (Tarn Taran)

Adab niwaz house , St. no: 8
Near Shahid Bhagat Singh School,
Patti 143416 (Tarn Taran)
Contact: 94632 15168,
dhaliwalsimran77@gmail.com

**ISBN:978-93-84717-47-6**

© ( Author-2018)

Paperback
Printed & Bound in India

SAHIBDEEP PUBLICATOIN,
BHIKHI (MANSA)-INDIA
-151504
MOB.099889-13155,
Email-sahibdeep2013@gmail.com

**www.sahibdeeppublication.com**

All rights are reserved. No Part of this publication may be reproduced, stored in a retrieval system or transmitted, in any form or by any means, mechanical, photocopying, recording or otherwise, without prior written permission of the author and publisher.

**www.PunjabiLibrary.com**

# ਸਮਰਪਿਤ

ਆਪਣੇ ਮਾਪਿਆਂ ਦੇ ਨਾਂ

www.PunjabiLibrary.com

# ਤਤਕਰਾ


1. ਮਨ ਦਾ ਕੈਨਵਸ/7
2. ਘਰ/9
3. ਉਦਾਸ ਸ਼ਾਇਰ ਦੀ ਕਥਾ/16
4. ਮੇਲਾ/29
5. ਘੋਰਕੰਡੇ/40
6. ਛੁੱਟੀ ਹੋਣ ਤੋਂ ਪਹਿਲਾਂ/51
7. ਸੂਹੇ ਰੰਗ ਮੁਹੱਬਤਾਂ ਦੇ/65
8. ਖ਼ੁਸ਼ਬੂ/74
9. ਡਾਰਕ ਪੋਰਟਰੇਟ/83
10. ਸਮਕਾਲ/93



www.PunjabiLibrary.com

# ਮਨ ਦਾ ਕੈਨਵਸ

ਸਾਹਿਤ ਤੇ ਬੰਦੇ ਦਾ ਰਿਸ਼ਤਾ ਅਨਿੱਖੜਵਾਂ ਹੈ। ਮੁੱਢ ਕਦੀਮ ਤੋਂ। ਜਨਮ ਤੋਂ ਲੈ ਕੇ ਮਰਨ ਤੀਕ ਨਾਲ ਨਿਭਣ ਵਾਲਾ। ਸਾਰੇ ਹੀ ਸਾਹਿਤ ਰੂਪਾਂ ਵਿੱਚੋਂ ਕਵਿਤਾ ਮਨੁੱਖ ਦੇ ਬਹੁਤਾ ਨੇੜੇ ਹੈ। ਇਸੇ ਲਈ ਕਵਿਤਾ ਨੂੰ ਭਾਵਾਂ ਦੀ ਜ਼ੁਬਾਨ ਵੀ ਆਖਿਆ ਜਾਂਦਾ ਹੈ। ਕਵਿਤਾ ਸੰਸਾਰ ਪੱਧਰ ਦੇ ਹੀ ਸਾਹਿਤ ਵਿੱਚ ਪਹਿਲਾਂ ਜਨਮੀ ਤੇ ਕਹਾਣੀ, ਨਾਵਲ ਤੇ ਦੂਜੇ ਸਾਹਿਤ ਰੂਪ ਉਸ ਤੋਂ ਬਾਅਦ।

ਮੇਰੇ ਖਿਆਲ ਮੁਤਾਬਕ ਕਹਾਣੀ ਬੇਹੱਦ ਪੁਖਤਾ, ਬੇਹੱਦ ਮਕਬੂਲ਼ ਸਾਹਿਤ ਰੂਪ ਹੈ। ਕਵਿਤਾ ਜਿੰਨਾ ਹੀ ਪਿਆਰਾ। ਅਜੋਕੀ ਪੰਜਾਬੀ ਕਹਾਣੀ ਦਾ ਕੈਨਵਸ ਬਹੁਤ ਵਿਸ਼ਾਲ ਹੈ। ਕਹਾਣੀ ਜ਼ਿੰਦਗੀ ਦੀਆਂ ਡੂੰਘੀਆਂ ਪਰਤਾਂ ਨੂੰ ਫਰੋਲਣ ਵਾਲਾ ਸਾਹਿਤ ਰੂਪ ਹੈ।..ਤੇ ਕਹਾਣੀ ਜ਼ਿੰਦਗੀ ਦੀਆਂ ਉਹਨਾਂ ਪਰਤਾਂ ਨੂੰ ਇਕੋ ਪਰਤ ਵਿੱਚ ਫਰੋਲਦੀ ਹੈ। ਇਸੇ ਲਈ ਹੀ ਵਿਦਵਾਨ ਇਸ ਨੂੰ ਘੋੜ-ਦੌੜ ਵਾਂਗ ਆਖਦੇ ਹਨ। ਦਿਸਦੇ ਸੰਸਾਰ ਨਾਲੋਂ ਬੰਦੇ ਦੇ ਅੰਦਰ ਦਾ ਸੰਸਾਰ ਕਿਤੇ ਜ਼ਿਆਦਾ ਵਿਸ਼ਾਲ ਹੈ। ਬੰਦਾ ਇੱਕੋ ਵੇਲੇ ਕਈ ਰੂਪਾਂ ਵਿੱਚ ਜਿਊਂਦਾ ਹੈ। ਇਸ ਯੁੱਗ ਦਾ ਬੰਦਾ ਸਰਪਟ ਦੌੜ ਰਿਹਾ ਹੈ। ਉਹ ਬੇਅਰਾਮ ਹੈ।.....ਤੇ ਕਹਾਣੀ ਬੰਦੇ ਦੀ ਉਸੇ ਬੇਅਰਾਮੀ ਨੂੰ ਫੜਨ ਵਿੱਚ ਬੇਹੱਦ ਕਾਮਯਾਬ ਹੈ। ਵਕਤ ਬਦਲ ਰਿਹਾ ਹੈ। ਚੀਜ਼ਾਂ ਬਦਲ ਰਹੀਆਂ ਨੇ। ਇਸੇ ਲਈ ਕਹਾਣੀ ਵੀ ਬਦਲ ਰਹੀ ਹੈ। ਜ਼ਿੰਦਗੀ ਦੀ ਜਟਿੱਲਤਾ ਕਹਾਣੀ ਨੂੰ ਵੀ ਜਟਿੱਲ ਬਣਾ ਰਹੀ ਹੈ। ਬੰਦੇ ਦੇ ਅੰਦਰ ਦੀ ਦੁਨੀਆਂ ਬਹੁਤ ਵਿਸ਼ਾਲ ਹੈ। ਬਾਹਰੀ ਸੰਸਾਰ ਨਾਲੋਂ ਵੀ ਕਿਤੇ ਵੱਧ ਵੱਡੀ। ਅੰਦਰ ਬਹੁਤ ਕੁਝ ਖੁਰਦਾ ਹੈ। ਬਹੁਤ ਕੁਝ ਟੁੱਟਦਾ ਹੈ। ਇਹ ਕਹਾਣੀਆਂ ਪਾਤਰਾਂ ਦੇ ਅੰਦਰ ਦੀ ਉਸੇ ਟੁੱਟ ਭੱਜ ਨੂੰ ਬਿਆਨ ਕਰਦੀਆਂ ਹਨ। ਦੁਨੀਆਂ ਤੇਜ਼ੀ ਨਾਲ ਬਦਲੀ ਹੈ। ਬਦਲ ਰਹੀ ਹੈ। ਵਿਸ਼ਵ ਪਿੰਡ ਦਾ ਪਸਾਰਾ ਹੋਰ ਵੱਡਾ, ਹੋਰ ਗੂੜਾ ਹੋ ਗਿਆ ਹੈ। ਇੰਟਰਨੈਟ, ਮੋਬਾਈਲ, ਫੇਸਬੁੱਕ ਤੇ ਪਤਾ ਨਹੀਂ ਹੋਰ ਕਿੰਨਾ ਕੁਝ ਇਹੋ ਜਿਹਾ ਹੈ ਜਿਸ ਨੇ ਸਾਡੀ ਜ਼ਿੰਦਗੀ ਵਿਚ ਵੱਡੀ ਸਪੇਸ ਆ ਮੱਲੀ ਹੈ। ਬੰਦਾ ਬੰਦੇ ਕੋਲੋਂ ਦੂਰ ਹੋ ਕੇ ਇਹਨਾਂ ਸਾਧਨਾਂ ਨਾਲ ਜੁੜ ਚੁਕਿਆ ਹੈ। ਅੱਜ ਦਾ ਯੁੱਗ ਨੈਟ-ਰਿਸ਼ਤਿਆਂ ਦਾ ਯੁੱਗ ਹੈ। ਅਜਿਹੇ ਰਿਸ਼ਤੇ ਜਿੰਨਾਂ ਦੀ ਪਰਿਭਾਸ਼ਾ ਹੀ ਕੁਝ ਹੋਰ ਹੈ।


www.PunjabiLibrary.com

ਇਹ ਕਹਾਣੀਆਂ ਵਿਸ਼ਵ-ਪਿੰਡ ਦੇ ਇਹਨਾਂ ਹੀ ਬਾਸ਼ਿੰਦਿਆਂ ਦੀ ਗੱਲ ਕਰਦੀਆਂ ਨੇ। ਜਿੰਨਾਂ ਨੇ ਜ਼ਿੰਦਗੀ ਦੀ ਨਵੀਂ ਪਰਿਭਾਸ਼ਾ ਸਿਰਜ ਲਈ ਹੈ। ਜਿੰਨਾਂ ਦੀ ਜ਼ਿੰਦਗੀ ਅਨੇਕਾਂ ਟੁਕੜਿਆਂ ਵਿਚ ਵੰਡੀ ਹੋਈ ਹੈ। ਵਿਸ਼ਵ ਪਿੰਡ ਦੇ ਉਹ ਵਸਨੀਕ ਮੈਂ, ਤੁਸੀਂ ਆਪਾਂ ਸਾਰੇ ਹਾਂ।ਆਉ ਆਪਾਂ ਆਪਣੀ-ਆਪਣੀ ਕਹਾਣੀ ਨੂੰ ਪੜੀਏ।ਯਕੀਨਣ-ਤੁਸੀਂ ਇਹਨਾਂ ਕਹਾਣੀਆਂ ਵਿਚੋਂ ਖ਼ੁਦ ਨੂੰ ਪਹਿਚਾਣ ਪਾਉਗੇ।

**-ਸਿਮਰਨ ਧਾਲੀਵਾਲ**


**www.PunjabiLibrary.com**

# ਘਰ

ਮੈਨੂੰ ਤੀਜਾ ਦਿਨ ਹੈ, ਘਰ ਪਹੁੰਚੇ ਨੂੰ। ਤਿੰਨਾਂ ਦਿਨਾਂ 'ਚ ਬਾਪੂ ਕਈ ਵਾਰ ਫਿਸ ਚੁਕਿਆ। ਜ਼ਰਾ ਜਿੰਨੀ ਕੋਈ ਗੱਲ ਛਿੜਦੀ। ਉਹ ਗਲਾ ਭਰ ਆਉਂਦਾ। ਬਾਪੂ ਦੀਆਂ ਅੱਖਾਂ ਵਿੱਚ ਆਏ ਹੰਝੂ, ਮੈਨੂੰ ਬਹੁਤ ਅਜੀਬ ਲੱਗਦੇ ਨੇ। ਮੇਰਾ ਦਿਲ ਕਰਦਾ , ਬਾਪੂ ਨੂੰ ਕਹਾਂ, ਹੁਣ ਬੱਸ ਵੀ ਕਰ ਐਵੇਂ......।

ਪਰ 'ਪਾਖੰਡ' ਸ਼ਬਦ ਵਰਤਣਾ ਮੈਨੂੰ ਔਖਾ ਲੱਗਦਾ।

ਹਰ ਵਾਰ ਮੇਰੀਆਂ ਅੱਖਾਂ ਅੱਗੇ ਚਾਰ ਸਾਲ ਪਹਿਲਾਂ ਵਾਲਾ ਬਾਪੂ ਆਣ ਖੜਦਾ.....! ਤੇ ਮੇਰੇ ਜ਼ਹਿਨ ਵਿੱਚ ਵੀਹ ਸਾਲ ਤੋਂ ਵੱਸੀ ਤਸਵੀਰ ਸਾਹਮਣੇ ਹੰਝੂ ਕੇਰਦਾ ਅੱਜ ਵਾਲਾ ਬਾਪੂ, ਮੈਨੂੰ ਕੋਈ ਹੋਰ ਜਾਪਣ ਲੱਗਦਾ। ਮੈਂ ਸੋਚਦਾ ਉਹ ਇੰਜ ਕਿਵੇਂ ਬਦਲ ਸਕਦਾ ? ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਉਹ ਮੈਨੂੰ, ਮੇਰੇ ਘਰੋਂ ਤੁਰਨ ਵੇਲੇ ਲੱਗਿਆ ਸੀ।

ਬੇਬੇ ਕੋਲੋਂ ਆਪਣੇ ਹੰਝੂ ਨਹੀਂ ਸੀ ਰੁਕ ਰਹੇ।

"ਰੋਟੀ ਜੋਗਾ ਕੀ ਨਹੀਂ ਹੈਗਾ ਆਪਣੇ ਕੋਲ ?" ਉਹ ਕਈ ਦਿਨ ਕਲਪਦੀ ਰਹੀ ਸੀ। ਪਰ ਬਾਪੂ ਇੰਨੀ ਗੱਲ ਸੁਣਦਿਆਂ ਭੜਕ ਪੈਂਦਾ।

"ਤੇਰੇ ਵੱਸ ਹੋਵੇ ਨਾ......। ਸੋਹੀਆਂ ਦੀ ਝੰਡੀ ਕਰਨੀ ਏ ਪਿੰਡ 'ਚ। ਲੰਡੀ ਬੁੱਚੀ ਨਹੀਂ ਮੈਂ ਕੋਈ। ਇਹਨੂੰ ਬੱਸ ਰੋਟੀ ਦਿਸਦੀ।"

ਸੇਠੀ ਏਜੰਟ ਨਾਲ ਕਿਸੇ ਵੀ ਤਰ੍ਹਾਂ 'ਵਾਧਾ-ਘਾਟਾ' ਕਰਕੇ ਬਾਪੂ ਨੇ ਮੈਨੂੰ ਆਸਟ੍ਰੇਲੀਆ ਤੋਰ ਦਿੱਤਾ ਸੀ। ਘਰੋਂ ਤੁਰਨ ਵੇਲੇ ਮੈਂ ਬੇਬੇ ਨੂੰ ਚਿੰਬੜ ਕੇ ਕਿੰਨੀ ਹੀ ਦੇਰ ਤੀਕ ਰੋਂਦਾ ਰਿਹਾ ਸੀ। ਗੱਡੀ 'ਚ ਬੈਠਣ ਵੇਲੇ ਝੁਕ ਕੇ ਬਾਪੂ ਦੇ ਪੈਰੀਂ ਹੱਥ ਲਗਾਉਣ ਲੱਗਿਆ ਤਾਂ ਉਹਨੇ ਮੇਰਾ ਹੱਥ ਫੜ ਕੇ ਅੱਖਾਂ ਵਿੱਚ ਝਾਕਦੇ ਹੋਏ ਕਿਹਾ ਸੀ, "ਬੁੜੀਆਂ ਵਾਂਗੂੰ ਡੁਸਕੇ ਨਾ ਲਗਾਈ ਜਾਈਂ ਹੁਣ ਉਥੇ ਜਾ ਕੇ। ਰੁੱਗ ਰੁਪਈਆਂ ਦਾ ਲੱਗਿਆ। ਚੇਤਾ ਰੱਖੀਂ।"

ਏਅਰਪੋਰਟ ਤੀਕ ਜਾਂਦਿਆਂ, ਮੈਂ ਬਾਪੂ ਦੀ ਏਸੇ ਗੱਲ ਬਾਰੇ ਸੋਚਦਾ ਰਿਹਾ ਸੀ।

ਕਾਸ਼! ਬਾਪੂ ਨੇ ਕਿਹਾ ਹੁੰਦਾ-

"ਭੋਲਿਆ ਆਪਣਾ ਖਿਆਲ ਰੱਖੀਂ। ਖਾਣ-ਪੀਣ ਤੋਂ ਘੋਲ ਨਾ ਕਰੀਂ। ਕਮਾਈਆਂ ਨਾਲ ਵੀ ਰੱਜਿਆ ਕਦੀ ਬੰਦਾ।"

ਪਰ ਮੈਂ ਜਾਣਦਾ ਸੀ। ਬਾਪੂ ਤਾਂ ਇੰਜ ਦਾ ਕਦੀ ਵੀ ਨਹੀਂ ਸੀ। ਫਿਰ ਉਹ ਜਿਸ ਨੂੰ ਮੈਂ ਤਿੰਨ ਦਿਨਾਂ ਤੋਂ ਦੇਖ ਰਿਹਾ।

ਬਾਪੂ ਦਾ ਇਹ ਰੂਪ ਮੇਰੀ ਸਮਝੋਂ ਬਾਹਰ ਸੀ।


www.PunjabiLibrary.com

ਇਹਨਾਂ ਤਿੰਨਾਂ ਦਿਨਾਂ 'ਚ ਬਾਪੂ ਦੇ ਕਈ ਰੂਪ ਮੇਰੇ ਸਾਹਮਣੇ ਉਭਰੇ ਨੇ। ਹਰ ਰੂਪ ਵਿੱਚ ਉਹ ਮੈਨੂੰ ਪਹਿਲਾਂ ਨਾਲੋਂ ਵੀ ਵੱਧ ਅਜੀਬ ਲੱਗਿਆ। ਮੈਂ ਇੰਨੇ ਸਾਲਾਂ ਤੋਂ ਉਸਦੇ ਇਹਨਾਂ ਰੂਪਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਰਿਹਾ ਆ ਸੀ। ਪਰ ਉਸਦਾ ਕੋਈ ਵੀ ਰੂਪ ਮੇਰੇ ਕਦੀ ਸਮਝ ਨਹੀਂ ਸੀ ਆਇਆ।

...ਤੇ ਉਸ ਨੂੰ ਇੰਜ ਹੰਝੂ ਕੇਰਦਿਆਂ ਦੇਖ ਕੇ.......।

ਇੱਕ ਪਲ ਲਈ ਮੇਰਾ ਮਨ ਬਾਪੂ ਲਈ ਤਰਸ ਨਾਲ ਭਰ ਜਾਂਦਾ। ਪਰ ਉਸੇ ਪਲ ਬਾਪੂ ਕਿਸੇ ਹੋਰ ਰੂਪ ਵਿੱਚ ਮੇਰੀਆਂ ਅੱਖਾਂ ਅੱਗੇ ਆਣ ਖੜਦਾ।

"ਤੂੰ ਤਾਂ ਮੇਰੇ ਜੋਗੀ ਹੀ ਰੱਖੀ ਸੀ। ਘਾਟੇ ਦਾ ਘਰ। ਕਦੀ ਕਿਹਾ ਵੀ ਏ ਤੂੰ ਕਿ ਠੀਕ ਆ ਮੈਂ। ਚੱਤੋ-ਪਹਿਰ ਕੁਝ ਨਾ ਕੁਝ ਦੁਖਦਾ ਹੀ ਰਹਿੰਦਾ ਤੇਰਾ। ਮੱਲ੍ਹੇ ਕੋਲੋਂ ਦਾਰੂ ਲਿਆ ਕੇ ਪਾ ਲੈ।"

ਮੈਂ ਪਹਿਲੀ ਤਨਖਾਹ 'ਚੋਂ ਖਰਚੇ ਜੋਗੇ ਪੈਸੇ ਰੱਖ ਕੇ ਬਾਕੀ ਸਾਰੇ ਬਾਪੂ ਨੂੰ ਭੇਜ ਦਿੱਤੇ ਸੀ। ਪਰ ਬਾਪੂ ਬੇਬੇ ਦੀਆਂ ਅੱਖਾਂ ਦਾ ਆਪ੍ਰੇਸ਼ਨ ਕਰਾਉਣ ਲਈ ਨਹੀਂ ਸੀ ਮੰਨਿਆ।

"ਜੀਆਂ ਨਾਲੋਂ ਪੈਸਾ ਤਾਂ ਨਹੀਂ ਚੰਗਾ। ਚੜ੍ਹੇ ਮਹੀਨੇ ਮੈਂ ਇੰਨੇ ਹੀ ਹੋਰ ਪਾ ਦਊ।" ਪਰ ਮੇਰੀ ਗੱਲ ਪੂਰੀ ਨਹੀਂ ਸੀ ਹੋਈ। ਮੈਨੂੰ ਲੱਗਿਆ ਜੇ ਕਿਤੇ ਮੈਂ ਫੋਨ ਦੀ ਥਾਂ ਸਾਹਮਣੇ ਹੁੰਦਾ, ਬਾਪੂ ਮੇਰੇ ਮੂੰਹ 'ਤੇ ਤਾੜ ਕਰਦਾ ਥੱਪੜ ਮਾਰਦਾ।

"ਸਾਲਿਆ ਜੰਮ ਮੁੱਕਿਆ ਨਹੀਂ ਪਿਉ ਨੂੰ ਮੱਤਾ ਦਿੰਦਾ। ਅੰਨ੍ਹੀ ਤਾਂ ਨਈਂ ਹੋ ਗਈ ਉਹ। ਮੇਰੇ ਨਾਲ ਬਕਵਾਸ ਕਰਨ ਦੀ ਲੋੜ ਨਹੀਂ।" -ਬਾਪੂ ਨੇ ਫੋਨ ਕੱਟ ਦਿੱਤਾ ਸੀ।

ਮੇਰੇ ਸਾਹਮਣੇ ਬੇਬੇ ਖੜੀ ਸੀ। ਲਾਚਾਰ ਜਿਹੀ ਹਰੇਕ ਚੀਜ਼ ਨੂੰ ਤਰਸਦੀ।

ਅਸੀਂ ਦੋਵੇਂ ਭੈਣ ਭਰਾ ਸਕੂਲ ਪੜਦੇ ਸਾਂ। ਬੇਬੇ ਜਦ ਵੀ ਕੁਝ ਖ਼੍ਰੀਦਦੀ। ਬਾਪੂ ਤੋਂ ਪਰਦਾ ਰੱਖਦੀ।

"ਵੇ ਨਿੱਕਿਆ ਤੇਰੀ ਜ਼ੁਬਾਨ ਨਹੀਂ ਖਲੋਂਦੀ ਹੁੰਦੀ। ਐਂਵੇਂ ਨਾ ਆਪਣੇ ਬਾਪੂ ਕੋਲੇ.....।"

ਤੇ ਬਾਪੂ ਅੱਗੇ ਚੁਪ ਰਹਿੰਦਾ-ਰਹਿੰਦਾ ਮੈਂ ਵੱਡਾ ਹੋ ਕੇ ਵੀ ਬਾਪੂ ਕੋਲੋਂ ਦੂਰ ਹੋ ਗਿਆ ਸੀ।

ਅਸੀਂ ਆਪਸ ਵਿੱਚ ਮੁੱਲ ਦਾ ਹੀ ਬੋਲਦੇ।

"ਬੱਚਿਆਂ 'ਤੇ ਅਸਰ ਤਾਂ ਫਿਰ ਪੈਣਾ ਈ ਆ। ਜਦ ਹਰ ਵੇਲੇ......।" ਮੇਰੀ ਮਾਸੀ ਬਾਪੂ ਦੇ ਕਲੇਸ਼ ਦੀਆਂ ਗੱਲਾਂ ਕਰਿਆ ਕਰਦੀ ਸੀ। ਪਰ ਬਾਪੂ 'ਤੇ ਔਲਾਦ ਦੇ ਵੱਡੀ ਹੋਣ ਦਾ ਵੀ ਕੋਈ ਅਸਰ ਨਹੀਂ ਸੀ।

"ਹੁਣ ਤਾਂ ਧੀ ਵੀ ਵਿਆਹੀ ਗਈ। ਖ਼ਬਰੈ ਹੁਣ ਈ.......।" ਬੇਬੇ ਬਾਪੂ ਦੇ ਸੁਭਾਅ ਦੇ ਬਦਲ ਜਾਣ ਦੀ ਉਮੀਦ ਰੱਖਦੀ ਸੀ। ਪਰ ਬਾਪੂ ਤਾਂ.....।

ਸ਼ਾਮ ਨੂੰ ਦੋ-ਤਿੰਨ ਜਾਣੇ ਦਰਵਾਜ਼ੇ ਨਾਲ ਦੀ ਬੈਠਕ ਵਿੱਚ ਬੈਠੇ ਹੁੰਦੇ। ਬੇਬੇ ਸਾਨੂੰ ਰੋਟੀ ਖਵਾਕੇ, ਚੁੱਲ੍ਹੇ ਅੱਗੇ ਬੈਠੀ ਬਾਪੂ ਦੇ ਰੋਟੀ ਖਾਣ ਦੀ ਉਡੀਕ ਕਰਦੀ ਰਹਿੰਦੀ।


www.PunjabiLibrary.com

ਸਿਆਲ ਦੀ ਰੁੱਤੇ ਲੋਕ ਅੱਧੀ ਨੀਂਦ ਪੂਰੀ ਕਰ ਲੈਂਦੇ। ਜਦ ਬੇਬੇ, ਬਾਪੂ ਤੇ ਉਹਦੇ ਬੇਲੀਆਂ ਲਈ ਰੋਟੀ ਪਕਾਉਂਦੀ। ਜਦ ਬਾਪੂ ਘਰ ਹੁੰਦਾ, ਅਸੀਂ ਦੋਨੋਂ ਭੈਣ-ਭਰਾ ਉੱਚੀ ਸਾਹ ਨਾ ਲੈਂਦੇ। ਜਦ ਕਦੀ ਬਾਪੂ , ਬੇਬੇ ਨਾਲ ਝਗੜਨ ਲੱਗਦਾ। ਅਸੀਂ ਦੋਨੋਂ ਜਾਣੇ ਅੰਦਰ ਵੜ ਕੇ ਰੋਣ ਲੱਗਦੇ। ਬਾਪੂ ਰੋਟੀ ਵਾਲੀ ਥਾਲੀ ਦੂਰ ਵਗਾਹ ਮਾਰਦਾ ਤੇ ਬੇਬੇ ਨੂੰ ਵਾਲਾਂ ਤੋਂ ਫੜ ਲੈਂਦਾ।

"ਸਾਲੀ ਗੰਦੇ ਖਾਨਦਾਨ ਦੀ। ਬੰਦੇ ਇੱਕ ਰੋਟੀ ਖਾਣੀ ਹੁੰਦੀ ਸਾਰੀ ਦਿਹਾੜੀ ਖੱਪ ਕੇ। ਉਹ ਵੀ ਨਹੀਂ ਜੁੜਦੀ ਚੱਜ ਨਾਲ।" ਤਵੇ 'ਤੇ ਪਈ ਰੋਟੀ ਮੱਚ ਕੇ ਕੋਲਾ ਬਣ ਜਾਂਦੀ।

"ਵੀਹ ਵਾਰ ਕਿਹਾ ਰੋਟੀ ਤੱਤੀ ਲਿਆਇਆ ਕਰ।"

ਬੁੜ-ਬੁੜ ਕਰਦਾ ਬਾਪੂ ਅੰਦਰ ਵੜ ਜਾਂਦਾ। ਮੱਚੀ ਹੋਈ ਰੋਟੀ ਵੱਲ ਦੇਖਦੀ ਬੇਬੇ, ਆਪਣੀ ਹਰ ਵੇਲੇ ਧੁਖਦੀ ਰਹਿੰਦੀ ਜ਼ਿੰਦਗੀ ਬਾਰੇ ਸੋਚ-ਸੋਚ, ਹੰਝੂ ਕੇਰਦੀ। ਸਾਨੂੰ ਦੋਹਾਂ ਭੈਣ-ਭਰਾਵਾਂ ਨੂੰ ਨਾਲ ਘੁੱਟ ਕੇ ਸੌਣ ਦੀ ਕੋਸ਼ਿਸ਼ ਕਰਦੀ। ਪਰ ਮੈਂ ਸਾਰੀ ਉਮਰ,ਉਹਦੀਆਂ ਅੱਖਾਂ ਵਿੱਚ ਸਕੂਨ ਦੀ ਨੀਂਦ ਨਹੀਂ ਸੀ ਦੇਖੀ।

ਮੈਂ ਆਪਣੇ ਮਾਮੇ ਦੇ ਮੁੰਡੇ ਨੂੰ ਪੈਸੇ ਭੇਜ ਕੇ ਬੇਬੇ ਦਾ ਆਪ੍ਰੇਸ਼ਨ ਕਰਵਾਉਣ ਲਈ ਆਖਿਆ ਸੀ। ਉਹ ਜਦੋਂ ਬੇਬੇ ਨੂੰ ਲੈਣ ਆਇਆ, ਉਹਨੇ ਆਪ੍ਰੇਸ਼ਨ ਵਾਲੀ ਗੱਲ ਬਾਪੂ ਨੂੰ ਨਹੀਂ ਸੀ ਦੱਸੀ।

"ਲੈ ਜਾ ਭਾਈ! ਪੇਕੇ ਲੈਣ ਆਏ ਮੈਂ ਕੌਣ ਹੁੰਦਾ ਰੋਕਣ ਵਾਲਾ।"

ਬੇਬੇ ਗੁਆਂਢਣ ਤਾਈ ਨੂੰ ਰੋਟੀ ਦਾ ਪੱਕਾ ਕਰ ਕੇ ਗਈ ਸੀ। ਆਪ੍ਰੇਸ਼ਨ ਮਗਰੋਂ ਜਦੋਂ ਬੇਬੇ ਪਿੰਡ ਆਈ ਤਾਈ ਬਾਪੂ ਦੀ ਕਥਾ ਛੇੜ ਕੇ ਬੈਠ ਗਈ।

"ਭਾਈ ਰੋਟੀ ਤਾਂ ਦਿੰਦੀ ਜੇ ਤੇਰਾ ਸਾਊ ਵੇਲੇ ਸਿਰ ਘਰ ਮੁੜਦਾ। ਦਸ-ਦਸ ਬੰਦੇ ਬਿਠਾ ਛੱਡਦਾ ਸੀ। ਮੈਂ ਤਾਂ ਪਹਿਲੇ ਦਿਨ ਹੀ ਡਿਉੜੀ 'ਚੋ ਮੁੜ ਗਈ ਸੀ। ਸ਼ਰਾਬੀ ਬੰਦੇ ਨਾਲ ਕਾਹਦਾ ਚੱਜ।"

ਤੇ ਬਾਪੂ ਆਪਣੇ ਸਾਰੇ ਚੱਜ ਭੁਲ ਗਿਆ ਸੀ। ਉਹ ਬੇਬੇ ਨਾਲ ਆਪ੍ਰੇਸ਼ਨ ਪਿੱਛੇ ਉਖੜਿਆ ਫਿਰਦਾ ਸੀ।

"ਜਗਤਾਰ ਸਿਹੁੰ ਸੋਹੀ ਨਾਂ ਏ ਮੇਰਾ। ਸਿਰ ਸੁਆਹ ਪਾ ਦਿੱਤੀ ਮੇਰੇ। ਮੈਥੋਂ 'ਲਾਜ ਨਾ ਹੁੰਦਾ ਤੇਰਾ। ਪੁੱਤ ਮੇਰਾ ਦੋਹੀਂ ਹੱਥੀਂ ਨੋਟ 'ਕੱਠੇ ਕਰਦਾ।"

ਪਰ ਬਾਪੂ ਨੇ ਕਦੀ ਨਹੀਂ ਸੀ ਸੋਚਿਆ ਕਿ ਦੋਹਾਂ ਹੱਥਾਂ ਨਾਲ ਨੋਟ ਕਿੱਦਾਂ 'ਕੱਠੇ ਹੁੰਦੇ ਨੇ। ਉਹਨੇ ਕਦੀ ਮੈਨੂੰ ਮੇਰਾ ਹਾਲ ਨਹੀਂ ਸੀ ਪੁੱਛਿਆ। ਹਮੇਸ਼ਾ ਕੰਮ ਕਾਰ ਦਾ ਪੁੱਛਦਾ। ਪਰ ਹੁਣ ਉਹੀ ਬਾਪੂ ਮੈਨੂੰ ਤਿੰਨ ਦਿਨਾਂ ਵਿੱਚ ਤੀਹ ਵਾਰ ਆਖ ਚੁਕਿਆ।

"ਭੋਲਿਆ ਹੁਣ ਨਹੀਂ ਜਾਣ ਦੇਣਾ ਮੈਂ ਤੈਨੂੰ। ਵਿਆਹ ਦੀ ਤੇਰੀ ਉਮਰ ਟੱਪਦੀ ਜਾਂਦੀ। ਤੇਰੇ ਹਾਣੀ ਦੋ-ਦੋ ਜਵਾਕ ਚੁੱਕੀ ਫਿਰਦੇ।"


www.PunjabiLibrary.com

ਬੇਬੇ ਨੇ ਵੀ ਤਾਂ ਪਤਾ ਨਹੀਂ ਕਿੰਨੀ ਕੁ ਵਾਰ ਕਹੀ ਸੀ ਇਹ ਗੱਲ ਮੈਨੂੰ। ਉਹ ਫੋਨ ਉਤੇ ਹੀ ਮਨ ਭਰ ਆਉਂਦੀ।

"ਮੈਂ ਤਾਂ ਜਿਵੇਂ ਸੁੱਖ ਲਿਖਾ ਕੇ ਹੀ ਨਹੀਂ ਆਈ। ਧੀ ਵਿਆਹ ਕੇ ਆਪਣੇ ਘਰ ਤੋਰ 'ਤੀ। ਪੁੱਤ ਪ੍ਰਦੇਸੀ ਰੁਲਦਾ ਫਿਰਦਾ।"

ਪ੍ਰਦੇਸੀ ਰੁਲਣ ਨੂੰ ਕਿਸਦਾ ਦਿਲ ਕਰਦਾ ਸੀ। ਪਰ ਮੇਰੀ ਤੇ ਬਾਪੂ ਦੀ ਬਣ ਨਾ ਆਉਂਦੀ।

ਉਹਨੂੰ ਕਿਸੇ ਗੱਲ ਦੀ ਲੱਥੀ ਚੜੀ ਨਹੀਂ ਸੀ। ਨਿਤ ਦਾਰੂ ਪੀਂਦਾ ਤੇ ਪੀ ਕੇ ਗਾਹਲ ਬਿਨਾਂ ਗੱਲ ਨਾ ਕਰਦਾ। ਬੁੜੇ ਵਾਰੇ ਵੀ ਬੇਬੇ ਨਾਲ ਧੌਲ-ਧੱਫਾ ਕਰਨ ਲੱਗਦਾ। ਇਹਨਾਂ ਗੱਲਾਂ ਪਿਛੇ ਸਾਡੇ ਵਿੱਚ ਝਗੜਾ ਹੋ ਜਾਂਦਾ।

ਇੱਕ ਵਾਰ ਬਾਪੂ ਘਰ ਛੱਡ ਕੇ ਮੋਟਰ 'ਤੇ ਜਾ ਬੈਠਾ। ਵਿਹੜੇ 'ਚੋਂ ਕਿਸੇ ਕੁੜੀ ਨੂੰ ਰੋਟੀ ਪਕਾਉਂਣ ਲਈ ਲਗਾ ਲਿਆ।

ਉਹਦੀ ਸ਼ਰਮ ਹੋਰ ਚੁੱਕੀ ਗਈ।

"ਭਾਈਆ ਇਉਂ ਠੀਕ ਨਹੀਂ ਲੱਗਦਾ। ਕੁੜਮਾਂ ਵਾਲਾਂ ਤੂੰ ਸੁੱਖ ਨਾਲ। ਹੋਰ ਸਾਲ ਨੂੰ ਨੂੰਹ ਆਜੂ ਘਰੇ। ਟੱਬਰ ਤੋਂ ਪਾਸੇ.....।" ਮਾਮਾ ਬਾਪੂ ਨੂੰ ਸਮਝਾਉਣ ਲਈ ਆਇਆ ਸੀ।

"ਮੈਂ ਕਿਹੜਾ ਲੱਲੀ-ਛੱਲੀ ਆ ਫੌਜੀਆ! ਜਦ ਟੱਬਰ ਕਦਰ ਹੀ ਨਾ ਕਰੇ। ਦੁਨੀਆਂ ਪੀਂਦੀ-ਖਾਂਦੀ ਨਹੀਂ ਯਾਰ?"

ਮਾਮੇ ਦੇ ਸਮਝਾਇਆਂ ਵੀ ਬਾਪੂ ਘਰ ਨਹੀਂ ਸੀ ਆਇਆ।

ਲੋਕ ਘਰ ਆਕੇ ਦੱਸਦੇ। ਕਹਿੰਦੇ, "ਜਗਤਾਰ ਸਿਹੁੰ ਕਹਿੰਦਾ ਮੈਂ ਜ਼ਮੀਨ ਦਾਨ ਕਰ ਦੇਣੀ ਗੁਰਦੁਆਰੇ ਨੂੰ।"

ਐਸੀਆਂ ਗੱਲਾਂ ਸੁਣ ਕੇ ਬੇਬੇ ਹੋਰ ਕਲਪਣ ਲੱਗਦੀ।

ਫਿਰ ਇੱਕ ਦਿਨ ਬਿਸਤਰਾ ਚੁੱਕ ਕੇ ਬਾਪੂ ਖ਼ੁਦ ਹੀ ਘਰ ਆ ਗਿਆ।

"ਤੂੰ ਨਾ ਖਹਿਬੜਿਆ ਕਰ। ਕਰੀ ਜਾਣ ਦੇ ਜੋ ਕਰਦਾ।" -ਬੇਬੇ ਨੇ ਬਾਪੂ ਦੇ ਘਰ ਮੁੜੇ ਤੋਂ ਜਿਵੇਂ ਸੁੱਖ ਦਾ ਸਾਹ ਲਿਆ ਸੀ। ਬਾਪੂ ਮੇਰੇ ਨਾਲ ਘੁਟਿਆ ਰਹਿੰਦਾ। ਮੈਂ ਬਾਪੂ ਕੋਲੋਂ ਦੂਰ ਰਹਿੰਦਾ।

"ਜਦ ਜਵਾਕ ਨਾਲ ਬੋਲਣਾ ਨਹੀਂ ਸਿੱਧੇ ਮੂੰਹ।"

ਪਰ ਉਸ ਦਿਨ ਹਰਖੀ ਬੇਬੇ ਅੱਗਿਓਂ ਬੋਲ ਪਈ ਸੀ।

"ਤੂੰ ਤਾਂ ਕਰਾ 'ਤਾ ਸੀ 'ਲਾਜ। ਵਾਗੀਆਂ ਤਾਹ 'ਤੀ ਖਸਮਾ ਤਾਂ ਨਹੀਂ। ਤੇਰੇ ਈ ਪੁੱਤ ਨੇ ਭੇਜੇ ਸੀ ਡਾਲਰ। ਤੇਰੀ ਸ਼ਾਨ ਨੂੰ ਨਹੀਂ ਫ਼ਰਕ ਪਾ ਕੇ ਆਈ ਪੇਕੀਂ।"

ਬਾਪੂ ਦੂਣਾ ਉਖੜ ਗਿਆ ਸੀ।-"ਸਾਲੇ ਚੋਰੀਆਂ ਕਮਾਉਂਦੇ ਮੈਂਥੋਂ।"


www.PunjabiLibrary.com

ਉਹ ਦਿਨ ਰਾਤ ਦਾਰੂ ਪੀ ਕੇ ਮੈਨੂੰ ਤੇ ਬੇਬੇ ਨੂੰ ਗਾਹਲਾਂ ਕੱਢਦਾ ਰਿਹਾ। ਪਰ ਉਹੀ ਬਾਪੂ ਹੁਣ ਕਈ ਦਿਨਾਂ ਤੋਂ ਦਾਰੂ ਛੱਡੀ ਬੈਠਾ। ਰਾਤ ਨੂੰ ਉਹਨੂੰ ਠੀਕ ਤਰ੍ਹਾਂ ਨੀਂਦ ਨਹੀਂ ਆਉਂਦੀ। ਮੈਂ ਨੀਂਦ ਦੀ ਗੋਲੀ ਦੇਣੀ ਚਾਹੀ। ਪਰ ਬਾਪੂ ਨੇ ਇਨਕਾਰ ਕਰ ਦਿੱਤਾ।

"ਘੁੱਟ ਲੈ ਲਾ ਬਾਪੂ। ਨੀਂਦ ਆਜੂ। ਸਾਰੀ ਰਾਤ ਪਾਸੇ ਮਾਰਦਾ ਰਹਿੰਦਾ।"

"ਨਾ ਭੋਲਿਆ ਰੂਹ ਨਹੀਂ ਮੰਨਦੀ।" ਬਾਪੂ ਦਾਰੂ ਲਈ ਵੀ ਨਹੀਂ ਸੀ ਮੰਨਿਆ।

ਨੀਂਦ ਤਾਂ ਮੇਰੀ ਵੀ ਉਖੜੀ ਹੋਈ ਹੈ। ਮੈਂ ਬਾਪੂ ਲਈ ਰੋਟੀ ਪਵਾ ਕੇ ਲਿਆਇਆ। ਥਾਲੀ ਫੜਾ ਕੇ ਮੈਂ ਵੀ ਬਾਪੂ ਕੋਲ ਹੀ ਬੈਠਕ ਵਿੱਚ ਬੈਠ ਗਿਆ।

ਬਾਪੂ ਵਿਚਾਰਾ ਜਿਹਾ ਬਣਿਆ ਰੋਟੀ ਖਾਂਦਾ ਰਿਹਾ। ਮੈਨੂੰ ਲੱਗਿਆ ਬਾਪੂ ਹੁਣੇ ਹੀ ਕੁਝ ਬੋਲੇਗਾ।

"ਹੱਥ ਟੁੱਟਦੇ ਸੇਕ ਲਗਾਉਂਦਿਆਂ! ਕੱਚੀਆਂ ਮੰਨੀਆਂ ਮਾਰ ਦਿੱਤੀਆਂ ਮੱਥੇ।" ਥਾਲੀ ਘੁੰਮਦੀ ਹੋਈ ਵਿਹੜੇ ਵਿੱਚ ਜਾ ਡਿੱਗਦੀ। ਬੇਬੇ ਰੋਟੀਆਂ ਇਕੱਠੀਆਂ ਕਰਕੇ ਖ਼ੁਰਲੀ ਵਿੱਚ ਸੁੱਟ ਦਿੰਦੀ ਤੇ ਨਵੀਆਂ ਪਕਾਉਣ ਲਈ ਫੇਰ ਬੈਠ ਜਾਂਦੀ।

ਕਈ ਵਾਰ ਬਾਪੂ ਦੂਜੇ ਪਾਸਿਓਂ ਕਲੇਸ਼ ਪਾ ਲੈਂਦਾ।

"ਅੱਖਾਂ ਤਾਂ ਮੱਥੇ 'ਤੇ ਧਰੀਆਂ ਹੁੰਦੀਆਂ। ਸੜੇ ਮੰਡ ਲਿਆ ਧਰੇ ਮੇਰੇ ਅੱਗੇ। ਡੰਗਰ ਆ ਨਾ ਮੈਂ।" ਉਹ ਬਿਨ ਰੋਟੀ ਖਾਧੇ ਹੀ ਪੈ ਜਾਂਦਾ। ਮੋਮਬੱਤੀ ਜਿਵੇਂ ਦੋਵੇਂ ਪਾਸੇ ਤੋਂ ਬਲ ਰਹੀ ਹੋਵੇ।

"ਇਹ ਤਾਂ ਮੁੱਢ ਤੋਂ ਈ ਐਸਾ। ਮੈਂ ਤਾਂ ਭੇਦ ਪਾ ਲਿਆ। ਤੂੰ ਐਂਵੇ ਨਾ ਹਰਖੀ ਜਾਇਆ ਕਰ।"

ਮੈਂ ਕੁਝ ਬੋਲਦਾ ਤਾਂ ਬੇਬੇ ਮੈਨੂੰ ਚੁੱਪ ਕਰਾ ਦਿੰਦੀ।

"ਤੂੰ ਕਿਵੇਂ ਕੱਟੀ ਗਈ ਇਹਦੇ ਨਾਲ।" ਮੈਂ ਬੇਬੇ ਦਾ ਸਿਰੜ ਦੇਖ ਕੇ ਹੈਰਾਨ ਹੁੰਦਾ। ਬਾਪੂ ਜੋ ਮਰਜ਼ੀ ਕਰਦਾ ਬੇਬੇ ਮੱਥੇ ਵੱਟ ਨਾ ਪਾਉਂਦੀ। ਬਾਪੂ ਹਰ ਵੇਲੇ ਉਹਨੂੰ ਜ਼ਲੀਲ ਕਰਦਾ। ਪਰ ਉਹ ਹਰ ਗੱਲ ਢਿੱਡ ਵਿੱਚ ਪਾ ਲੈਂਦੀ। ਪਰ ਅੱਜ ਤਾਂ ਜਿਵੇਂ ਬਾਪੂ ਸਿਰਫ ਢਿੱਡ ਭਰ ਰਿਹਾ ਸੀ। ਉਹਨੇ ਰੋਟੀਆਂ ਜਿਵੇਂ ਅੰਦਰ ਸੁੱਟਣ ਦੀ ਕੀਤੀ ਤੇ ਉਠ ਕੇ ਬਾਹਰ ਨੂੰ ਤੁਰ ਗਿਆ।

ਇਸੇ ਤਰ੍ਹਾਂ ਹੀ ਚੁਪ-ਚਾਪ ਉਹ ਇੱਕ ਵਾਰ ਘਰ ਤੋਂ ਤੁਰ ਗਿਆ ਸੀ। ਭੈਣ ਦੇ ਵਿਆਹ ਤੋਂ ਬਾਅਦ।

ਬੇਬੇ ਸਾਰਾ ਦਿਨ ਉਡੀਕਦੀ ਰਹੀ। ਉਡੀਕ ਵਿੱਚ ਬੈਠੀ ਨੇ ਉਹਨੇ ਖ਼ੁਦ ਵੀ ਰੋਟੀ ਨਾ ਖਾਧੀ।

ਮੈਂ ਸ਼ਾਮੀ ਕਾਲਜ ਤੋਂ ਮੁੜਿਆ। ਬੇਬੇ ਨੇ ਮੈਨੂੰ ਬਾਪੂ ਨੂੰ ਲੱਭਣ ਲਈ ਤੋਰ ਦਿੱਤਾ। ਮੈਂ ਬਾਪੂ ਨੂੰ ਹਰ ਥਾਂ ਲੱਭਿਆ ਪਰ ਉਹ ਕਿਤੇ ਵੀ ਨਾ ਮਿਲਿਆ। ਮੈਂ ਥੱਕ ਹਾਰ ਕੇ ਘਰ ਮੁੜ ਆਇਆ। ਬੇਬੇ ਨੇ ਰੋਟੀ ਪਕਾਈ ਪਰ ਖ਼ੁਦ ਚੱਜ ਨਾਲ ਖਾ ਨਾ ਸਕੀ। ਮੈਂ ਬੇਬੇ ਵੱਲ ਦੇਖ-ਦੇਖ ਹੈਰਾਨ ਹੋਈ ਜਾਂਦਾ।


**www.PunjabiLibrary.com**

"ਖਬਰੈ ਕਿੱਥੇ ਹੋਣਾ ਡੁੱਬੜਾ। ਸਵੇਰੇ ਚਾਹ ਪੀਂਦਾ ਹੀ ਤੁਰ ਗਿਆ ਸੀ।" ਬੁਰਕੀ ਮੂੰਹ ਵਿੱਚ ਪਾਉਂਦੀ ਬੇਬੇ ਬੁਸਕੀ ਜਾਂਦੀ।

"ਬੇਬੇ ਰੋਟੀ ਖਾ ਕੇ ਪੈ ਜਾ। ਕਿਉਂ ਕਲਪੀ ਜਾਂਦੀ। ਸਾਰੀ ਉਮਰ ਤੇਰੀ ਕੁੱਟ ਖਾਂਦੀ ਦੀ ਲੰਘ ਗਈ।ਹੁਣ ਤੈਨੂੰ ਫਿਕਰ ਪੈ ਗਿਆ।" ਮੈਂ ਬੇਬੇ ਨੂੰ ਭੱਜ ਕੇ ਪੈ ਗਿਆ।ਬੇਬੇ ਹੋਰ ਫਿਸ ਪਈ।

"ਫਿਕਰ ਨਾ ਕਰਾਂ ? ਬੰਨ੍ਹ ਆ ਘਰਦਾ।ਨਾ ਗੁੱਸੇ ਨਾ ਰਾਜੀ।ਫਿਰ ਕਾਹਤੋਂ ਤੁਰ ਗਿਆ।"

ਅਗਲੇ ਦਿਨ ਵੱਡੇ ਤਾਏ ਨੇ ਦੱਸਿਆ, ਬਾਪੂ ਬਾਬੇ ਰੰਗੀ ਰਾਮ ਦੇ ਡੇਰੇ ਬੈਠਾ ਸੀ।

"ਕੁੜੀ ਵਿਆਹ ਕੇ ਆਵਦੇ ਘਰ ਭੇਜ ਦਿੱਤੀ।ਕਬੀਲਦਾਰੀ ਨਜਿੱਠ 'ਤੀ। ਸੰਸਾਰ ਤਿਆਗ ਦਿੱਤਾ ਮੈਂ ਤਾਂ।" ਸਾਡੇ ਮਨਾਉਣ ਗਿਆਂ ਤੋਂ ਬਾਪੂ, ਅੱਗਿਓ ਇਹ ਗੱਲਾਂ ਕਰਨ ਲੱਗਾ।ਤਾਏ ਨੇ ਬਹੁਤ ਕਿਹਾ।ਪਰ ਬਾਪੂ ਨਹੀਂ ਸੀ ਮੰਨਿਆ।ਬੇਬੇ ਦੋ ਦਿਨ ਉਖੜੀ ਰਹੀ।ਆਂਢ-ਗੁਆਂਢ ਤੋਂ ਕੋਈ ਤੀਂਵੀ ਆਉਂਦੀ।ਬੇਬੇ ਬੁਸਕਣ ਲੱਗਦੀ।

"ਖਬਰੈ ਕੀ ਆਈ ਮਨ 'ਚ।ਸਾਧ ਦੇ ਡੇਰੇ ਜਾ ਬੈਠਾ।ਨਾ ਕੋਈ ਦੁੱਖ ਦਸੇ।ਨਾ ਬਾਤ।"

ਦੂਜੇ-ਚੌਥੇ ਦਿਨ ਬਾਪੂ ਦੇ ਮਨ ਵਿੱਚ ਪਤਾ ਨਹੀਂ ਕੀ ਆਈ।ਪਿਛਲੇ ਪਹਿਰ ਨੂੰ ਘਰ ਮੁੜ ਆਇਆ।ਬੇਬੇ ਨੇ ਚਾਹ ਪਾਣੀ ਦਾ ਪੁੱਛਿਆ।ਪਰ ਉਹ ਕੁਝ ਨਾ ਬੋਲਿਆ। ਬਾਰੀ 'ਚੋਂ ਬੋਤਲ ਕੱਢ ਕੇ ਮੇਜ਼ 'ਤੇ ਰੱਖ ਲਈ।ਉਹ ਦਿਨ ਰਾਤ ਸ਼ਰਾਬ ਪੀਂਦਾ ਰਿਹਾ।

ਮੈਂ ਬਾਪੂ ਦੇ ਉਸ ਰੂਪ ਤੋਂ ਹੈਰਾਨ ਹੁੰਦਾ ਰਹਿੰਦਾ।ਜਿਵੇਂ ਹੁਣ ਬਾਪੂ ਦੇ ਇਸ ਰੂਪ ਤੋਂ ਹੈਰਾਨ ਹਾਂ।ਤਿੰਨ ਚਾਰ ਦਿਨਾਂ ਬਾਅਦ ਬਾਪੂ ਫੇਰ ਚੰਗਾ ਭਲਾ ਹੋ ਗਿਆ।ਇੱਕ ਸ਼ਾਮ ਪੈਗ ਲਗਾਉਂਦਾ, ਉੱਠ ਕੇ ਬਾਹਰ ਨੂੰ ਤੁਰ ਗਿਆ।ਸਿਆਲੀ ਰੁੱਤ ਸੀ।ਮੁੜਦਾ ਹੋਇਆ ਹੱਟੀਓ ਮੂੰਗਫਲੀ-ਰਿਉੜੀਆਂ ਚੁੱਕ ਲਿਆਇਆ।

ਰੋਟੀ ਖਾ ਕੇ ਮੇਰੇ ਤੇ ਬੇਬੇ ਕੋਲ ਆਣ ਬੈਠਾ।

"ਖਾ ਲਉ ਭਾਈ ਰੁੱਤ-ਰੁੱਤ ਦਾ ਮੇਵਾ।" ਮੇਰੀ ਸੰਭਾਲ ਵਿੱਚ ਬਾਪੂ ਪਹਿਲੀ ਵਾਰ ਇਉਂ ਜੀਆਂ ਵਿੱਚ ਬੈਠਿਆ ਸੀ।

"ਭੋਲਿਆ ਬਾਹਰ ਨਾ ਭੇਜ ਦੀਏ ਤੈਨੂੰ। ਇੱਥੇ ਕਿਹੜਾ ਰੱਖਿਆ ਕੁਝ। ਕੀ ਕਹਿੰਦਾ ? ਕੀ ਪਤਾ ਮੈਂ ਤੇ ਮਾਂ ਤੇਰੀ ਵੀ ਲੈ ਲਈਏ ਜ਼ਹਾਜ ਦਾ ਝੂਟਾ।"

ਉਹ ਗੱਲ ਕਰ ਕੇ ਖ਼ੁਦ ਹੀ ਹੱਸਦਾ ਰਿਹਾ।

ਮੈਂ ਸੋਚਿਆ ਦਾਰੂ ਪੀ ਕੇ ਕੀਤੀਆਂ ਗੱਲਾਂ ਬਾਪੂ ਸਵੇਰ ਨੂੰ ਭੁੱਲ-ਭੁਲਾ ਜਾਣੀਆਂ। ਪਰ ਉਹ ਤਾਂ ਏਜੰਟ ਨਾਲ ਪੱਕੀਆਂ ਪਕਾਉਣ ਲੱਗਿਆ ਸੀ।ਮੈਂ ਐਮ.ਏ ਦੇ ਦੂਜੇ ਸਾਲ ਵਿੱਚ ਸੀ।ਪਰ ਐਮ.ਏ ਪੂਰੀ ਨਾ ਹੋਈ।ਮੇਰਾ ਵੀਜ਼ਾ ਆ ਗਿਆ।ਨਾ ਮੈਂ ਖੁਸ਼ ਸੀ ਨਾ ਬੇਬੇ। ਪਰ ਬਾਪੂ ਕੋਲੋਂ ਚਾਅ ਨਹੀਂ ਸੀ ਸਾਂਭਿਆ ਜਾਂਦਾ।


www.PunjabiLibrary.com

ਮੈਂ ਬਾਹਰੋਂ ਫੋਨ ਕਰਦਾ। ਬੇਬੇ ਜਿਵੇਂ ਬਹੁਤ ਡੂੰਘੀਂ ਥਾਂ ਤੋਂ ਬੋਲਦੀ। "ਘਰ ਈ ਖਾਲੀ ਹੋ ਗਿਆ। ਕੰਧਾਂ ਵੱਲ ਵੇਖਦੀ ਰਹਿੰਦੀ ਸਾਰਾ ਦਿਨ। ਪਿਉ ਤੇਰੇ ਦਾ ਤਾਂ ਪਤਾ ਤੈਨੂੰ।"

ਬਾਪੂ ਜਿਵੇਂ ਹੋਰ ਅਜ਼ਾਦ ਹੋ ਗਿਆ ਸੀ।

"ਜੀਆਂ ਨਾਲ ਈ ਰੌਣਕਾਂ! ਤੇਰਾ ਵਿਆਹ ਹੋਇਆ ਹੁੰਦਾ ਤਾਂ ਵਿਹੜਾ ਭਰਿਆ ਹੁੰਦਾ। ਕੁੜੀ ਨੇ ਕਿਹੜਾ ਬਹਿ ਰਹਿਣਾ। ਉਹਦਾ ਵੀ ਟੱਬਰ ਟੀਹਰ ਏ। ਹੱਦ ਭੋਗ ਤੀਕ ਰੁੱਕ ਜੂ। ਰੌਣਕ ਤਾਂ ਨਾਲ ਈ ਲੈ ਗਈ ਤੇਰੀ ਬੇਬੇ।" ਬਾਹਰੋਂ ਵਾਪਸ ਆ ਕੇ ਬਾਪੂ ਫੇਰ ਮਨ ਭਰ ਆਇਆ।

ਰੋਟੀ ਵਾਲੇ ਭਾਂਡੇ ਉਥੇ ਹੀ ਪਏ ਸੀ। ਮੇਰੀ ਸੁਰਤੀ ਟੁੱਟੀ।

"ਜਦ ਬੇਬੇ ਢਿਲੀ ਸੀ। ਮੈਨੂੰ ਉਦੋਂ ਕਿਉਂ ਦਾ ਦੱਸਿਆ ਬਾਪੂ ?" ਤਿੰਨਾਂ ਦਿਨਾਂ ਤੋਂ ਮੈਂ ਬਾਪੂ ਨਾਲ ਬੇਬੇ ਬਾਰੇ ਕੋਈ ਗੱਲ ਨਹੀਂ ਸੀ ਕੀਤੀ।

"ਪੁੱਤ ਸੋਚਿਆ ਪ੍ਰਦੇਸ ਦਾ ਕੰਮ ਏ। ਢਿੱਲ ਮੱਠ ਤਾਂ ਹੋ ਈ ਜਾਂਦੀ। ਕੀ ਪਤਾ ਸੀ। ਤੂੰ ਮੁੱਕੀ ਤੋਂ ਪਹੁੰਚਣਾ।"

ਮੇਰੀਆਂ ਅੱਖਾਂ ਅੱਗੇ ਬੇਬੇ ਆ ਗਈ।

ਜਦ ਮੈਂ ਘਰ ਪਹੁੰਚਿਆ। ਸਸਕਾਰ ਦੀ ਤਿਆਰੀ ਹੋ ਰਹੀ ਸੀ।

"ਦੋ ਦਿਨ ਤਾਂ ਹੋਗੇ ਪੁੱਤ ਰਾਹ ਵੇਖਦਿਆਂ।" ਕੋਈ ਜਾਣਾ ਮੈਨੂੰ ਵਰਾਉਣ ਲੱਗਿਆ ਸੀ।

******

ਮੈਂ ਚਿਤਾ ਨੂੰ ਲਾਂਬੂ ਲਾਇਆ।

ਸਭ ਤੋਂ ਉਚੀ ਭੁੱਬ ਬਾਪੂ ਨੇ ਮਾਰੀ। ਉਹ ਨਿਆਣਿਆਂ ਵਾਂਗ ਰੋਂਦਾ ਰਿਹਾ।

"ਤੇਰੇ ਬਿਨਾਂ ਮੇਰਾ ਕੌਣ ਏ ਬਚਨ ਕੁਰੇ।" ਬਾਪੂ ਨੂੰ ਰੋਂਦਿਆਂ ਦੇਖ ਕੇ ਮੇਰਾ ਮਨ ਵੀ ਬੇਕਾਬੂ ਹੋ ਗਿਆ। ਮੜੀਆਂ ਤੋਂ ਘਰ ਤੀਕ ਆਉਂਦਿਆਂ ਮੇਰੇ ਪੈਰ ਮਣਾਂ ਮੂੰਹੀਂ ਭਾਰੇ ਹੋ ਗਏ। ਕਦੇ ਮੇਰੇ ਸਾਹਮਣੇ ਧਾਹਾਂ ਮਾਰਦਾ ਬਾਪੂ ਆ ਜਾਂਦਾ। ਕਦੇ ਬੇਬੇ। ਕਦੇ ਸੁਰਤ ਸੰਭਲੀ ਤੋਂ ਲੈ ਕੇ ਹੁਣ ਤੀਕ ਘਰ ਵਿੱਚ ਚਲਦੇ ਰਹਿੰਦੇ ਯੁੱਧ ਦੀ ਤਸਵੀਰ ਮੇਰੀਆਂ ਅੱਖਾਂ ਅੱਗੇ ਚਲਣ ਲੱਗਦੀ।

ਪਰ ਬਾਪੂ ਦਾ ਇਹ ਰੂਪ ਮੈਨੂੰ ਹੈਰਾਨ ਕਰੀ ਜਾਂਦਾ।

"ਬੰਦੇ ਦੇ ਕਿੰਨੇ ਹੀ ਰੂਪ ਹੁੰਦੇ ਨੇ"

ਮੈਂ ਮਨ ਵਿੱਚ ਸੋਚਦਾ।

"ਕੀ ਸੋਚੀਂ ਜਾਂਦਾ ਭੋਲਿਆ! ਜਾ ਕੇ ਪੈ ਜਾ। ਹੁਣ ਲਿਖਤਾਂ ਨੂੰ ਕੌਣ ਮੋੜੇ। ਘਰ ਤਾਂ ਜੀਅ-ਜੰਤ ਨਾਲ ਹੀ ਸੋਂਹਦੇ ਨੇ ....। ਤੀਵੀਂ ਬਿਨਾਂ ਕਾਹਦਾ ਘਰ।"

ਆਖ ਕੇ ਬਾਪੂ ਵਾਹਿਗੁਰੂ-ਵਾਹਿਗਰੂ ਕਰਨ ਲੱਗਿਆ।

**-ਸਿਰਜਣਾ**


www.PunjabiLibrary.com

# ਉਦਾਸ ਸ਼ਾਇਰ ਦੀ ਕਥਾ

ਲੋਕ ਆਖਦੇ ਨੇ ਸ਼ਾਇਰ ਤਾਂ ਪਾਗਲ ਹੁੰਦੇ ਨੇ। ਐਵੇਂ ਭਾਵੁਕ ਜਿਹਾ ਸੋਚਦੇ। ਪਰ ਤੁਹਾਨੂੰ ਮੈਂ ਸੱਚ ਦੱਸਾਂ। ਮੈਂ ਪਾਗਲ ਨਹੀਂ ਹਾਂ। ਦੱਸੋ ਤੁਸੀਂ ਮੇਰੀਆਂ ਕਵਿਤਾਵਾਂ ਪੜ੍ਹੀਆਂ ਨਾ। ਜੇਕਰ ਮੈਂ ਪਾਗਲ ਹੁੰਦਾ, ਇੰਨੀਆਂ ਚੰਗੀਆਂ ਕਵਿਤਾਵਾਂ ਲਿਖਦਾ ?...ਹਾਂ ਭਾਵੁਕ ਤਾਂ ਮੈਂ ਹੈਗਾ। ਪਰ ਭਾਵੁਕ ਹੋਣਾ ਕੋਈ ਮਿਹਣਾ ਤਾਂ ਨਹੀਂ ਹੁੰਦਾ। ਸ਼ਾਇਰ ਮੈਂ ਬਣਿਆਂ ਤਾਂ ਮੁਹੱਬਤ ਦਾ ਮਾਰਿਆ ਹੀ ਸੀ। ਪਰ ਕਮਾਲ ਦੀ ਗੱਲ ਦੇਖੋ ਮੈਂ ਮੁਹੱਬਤ ਉਪਰ ਇੱਕ ਵੀ ਕਵਿਤਾ ਨਹੀਂ ਲਿਖੀ। ਮੇਰੀਆਂ ਕਵਿਤਾ ਵਿਚ ਤਾਂ ਟੁੱਟ ਰਹੇ ਘਰਾਂ ਦੀ ਗੱਲ ਹੈ। ਜ਼ਿੰਦਗੀ ਦੇ ਦੁੱਖਾਂ ਦੀ ਗੱਲ ਹੈ। ਪਿੰਡ ਦੀ ਗੱਲ ਹੈ। ਵਿਸ਼ਵ ਪਿੰਡ ਦੀ ਗੱਲ ਹੈ। ਕੀ ਕਿਹਾ ? ਵਿਸ਼ਵ ਪਿੰਡ ?...ਕਮਾਲ ਏ ! ਤੁਸੀਂ ਇਹ ਸਵਾਲ ਪੁਛ ਰਹੇ ਹੋ। ਤੁਸੀਂ ਜਿੰਨਾਂ ਵਿਸ਼ਵ ਪਿੰਡ ਦੀ ਨੀਂਹ ਧਰਨ ਵਿਚ ਸਭ ਤੋਂ ਵੱਧ ਯੋਗਦਾਨ ਪਾਇਆ। ਹੁਣ ਪੁਛਦੇ ਹੋ ਕਿਵੇਂ ?...ਬਸ ਬਜ਼ਾਰ ਦੇ ਹਾਣੀ ਬਣ ਕੇ। ਪਰ ਇਹ ਕਥਾ ਤਾਂ ਬੜੀ ਸੌਖੀ ਹੈ। ਇਹ ਤਾਂ ਮੈਂ ਤੁਹਾਨੂੰ ਗੱਲੀਂ-ਬਾਤੀਂ ਹੀ ਸਮਝਾ ਦੇਣੀ। ਜ਼ਰਾ ਆਪਣੇ ਹੱਥ ਵਿਚ ਦੇਖੋ। ਆਈ ਫੋਨ ਦੀ ਸਭ ਤੋਂ ਲੇਟੈਸਟ ਜਨਰੇਸ਼ਨ ਦਾ ਫੋਨ ਫੜੀ ਬੈਠੇ। ਅਜੇ ਪੁਛਦੇ ਹੋ ਕਿਵੇਂ ?...ਬਸ ਜਦੋਂ ਬੰਦਾ ਬੂਹਾ ਖੋਲ ਕੇ ਬਜ਼ਾਰ ਨੂੰ ਕਹੇ ਆ ਮੇਰੇ ਘਰ ਵੜ ਆ। ਉਦੋਂ...ਤੁਹਾਡੀ ਇਸ ਕਿਵੇਂ ਦਾ ਸਵਾਲ ਹੱਲ ਹੋ ਜਾਂਦਾ।

ਮੁਹੱਬਤ ਦੀ ਕਵਿਤਾ ? ਕਿਉਂ ਨਹੀਂ ਲਿਖੀ ਮੁਹੱਬਤ ਦੀ ਕਵਿਤਾ ? ਇਹ ਸਵਾਲ ਬੜਾ ਦੁੱਖ ਦੇਣਾ ਹੈ। ਜਿਵੇਂ ਕਈ ਬੰਦੇ ਦੁੱਖ ਦੇਣੇ ਹੁੰਦੇ ਨੇ ਉਸੇ ਤਰ੍ਹਾਂ ਕਈ ਸਵਾਲ ਵੀ ਦੁੱਖ ਦੇਣੇ ਹੁੰਦੇ ਨੇ। ਸਵਾਲ ਮੇਰੇ ਜ਼ਿਹਨ ਵਿਚ ਵੀ ਬਹੁਤ ਉਠਦੇ ਨੇ। ਹੁਣ ਤੁਸੀਂ ਕਹੋਗੇ ਸ਼ਾਇਰਾਂ ਦੀ ਤਾਂ ਇਹ ਆਦਤ ਹੁੰਦੀ। ਹਾਂ ਬਸ ਇਸੇ ਆਦਤ ਨੇ ਹੀ ਤਾਂ ਉਜਾੜਿਆ ਮੈਨੂੰ। ਸਵਾਲ ਤਾਂ ਮੈਂ ਅਮਨ ਨੂੰ ਵੀ ਬਹੁਤ ਕਰਦਾ ਸੀ। ਪਰ ਜਦੋਂ ਸਵਾਲ ਉਹਨੇ ਪਾਇਆ ਮੇਰੀਆਂ ਨਾੜਾਂ ਵਿਚ ਦੌੜਦਾ ਖ਼ੂਨ ਬਰਫ ਬਣ ਕੇ ਜੰਮ ਗਿਆ। ਤਾਂ ਹੀ ਤਾਂ ਮੈਂ ਕਹਿੰਦਾ ਸੀ ਕਿ ਕਈ ਸਵਾਲ ਬਹੁਤ ਦੁੱਖ ਦੇਣੇ ਹੁੰਦੇ। ਇਸੇ ਲਈ ਮੈਂ ਅਮਨ ਬਾਰੇ ਕੋਈ ਕਵਿਤਾ ਨਹੀਂ ਲਿਖੀ। ਉਹ ਬਹੁਤ ਕਿਹਾ ਕਰਦੀ ਸੀ , "ਅਸੀਮ ! ਤੂੰ ਕੋਈ ਕਵਿਤਾ ਮੇਰੇ ਬਾਰੇ ਵੀ ਤਾਂ ਲਿਖ ਨਾ।"

ਮਨ ਤਾਂ ਮੇਰਾ ਵੀ ਬਹੁਤ ਕਰਦਾ ਸੀ। ਪਰ ਜਿਵੇਂ ਲਫਜ਼ ਹੀ ਖ਼ੁਰ ਗਏ ਹੋਣ। ਉਹ ਕਵਿਤਾ ਮੇਰੇ ਕੋਲੋਂ ਪੂਰੀ ਨਾ ਕਰ ਹੋਈ। ਬਹੁਤ ਸਾਰੀਆਂ ਕਵਿਤਾਵਾਂ ਅਕਸਰ ਅਧੂਰੀਆਂ ਰਹਿ ਜਾਂਦੀਆਂ ਨੇ। ਜਿਵੇਂ ਮੈਂ ਇੱਕ ਉਦਾਸ ਪਿੰਡ ਦੀ ਕਵਿਤਾ ਬਹੁਤ ਸਾਲਾਂ ਤੋਂ ਲਿਖਣ ਦੀ ਕੋਸ਼ਿਸ਼ ਕਰ ਰਿਹਾ। ਪਰ ਉਹ ਕਵਿਤਾ ਮੇਰੇ ਕੋਲੋਂ ਲਿਖ ਹੀ ਨਹੀਂ ਹੋਈ। ਕੀ ਪੁਛਦੇ ਹੋ ਪਿੰਡ ਕਿਵੇਂ ਉਦਾਸ ਹੋ ਸਕਦਾ ?...ਬਸ ਆਹੀ ਤਾਂ ਫਰਕ ਏ ਨਾ ਮੇਰਾ ਤੇ ਤੁਹਾਡਾ। ਤੁਹਾਨੂੰ ਕੁਝ ਹੋਰ ਨਜ਼ਰ ਆਉਂਦਾ ਹੈ ਮੈਨੂੰ ਕੁਝ ਹੋਰ। ਜੋ ਤੁਹਾਨੂੰ ਨਜ਼ਰ ਨਹੀਂ ਆਉਂਦਾ, ਮੈਨੂੰ ਤਾਂ ਉਹ ਵੀ ਨਜ਼ਰ ਆਉਂਦਾ ਹੈ। ਸ਼ਾਇਰ ਹਾਂ ਭਾਈ ਸਾਹਬ ! ਅੱਖਾਂ ਵਿਚ ਲਿਖੀਆਂ ਇਬਾਰਤਾਂ ਵੀ ਪੜ੍ਹ ਸਕਦਾ ਮੈਂ ਤਾਂ। ਤੁਹਾਨੂੰ ਨਜ਼ਰ ਆਉਂਦਾ, ਮਾਡਲ ਪਿੰਡ। ਜਿਸਦੀਆਂ ਗਲੀਆਂ ਪੱਕੀਆਂ ਨੇ। ਨਾਲੀਆਂ ਵਿੱਚ ਦੀ ਪਾਣੀ ਗੋਲੀ ਵਾਂਗ ਭੱਜਦਾ ਤੁਰਿਆ ਜਾਂਦਾ। ਪਿੰਡ ਦੇ ਵਿਚਕਾਰ


www.PunjabiLibrary.com

ਸੀਮਿੰਟ ਦਾ ਥੜਾ ਨਜ਼ਰ ਆਉਂਦਾ ਤੁਹਾਨੂੰ ਜਿਸ ਦੇ ਉਪਰ ਉਪਕਾਰ ਸਿੰਘ ਮਹਿਲੀਏ ਦੇ ਪੋਤੇ ਨੇ ਪਿਛਲੇ ਸਾਲ ਮਹਿੰਗਾ ਪੱਥਰ ਲਗਵਾਇਆ ਸੀ ਬਾਹਰੋਂ ਆ ਕੇ। ਥੜੇ ਦੇ ਉਪਰ ਪਿਆ ਫਾਈਬਰ ਦਾ ਛੱਪਰ ਤਾਂ ਮੈਨੂੰ ਵੀ ਦਿੱਸਦਾ ਹੈ। ਪਰ ਜੋ ਮੈਂ ਦੇਖਦਾ ਉਹ ਤੁਸੀਂ ਨਹੀਂ ਦੇਖਦੇ। ਇਸੇ ਲਈ ਤਾਂ ਮੈਂ ਸ਼ਾਇਰ ਹਾਂ।

"ਤੂੰ ਸ਼ਾਇਰ ਨਹੀਂ ਤੂੰ ਤਾਂ ਕਾਇਰ ਹੈ।" ਇਹ ਗੱਲ ਅਮਨ ਨੇ ਕਹੀ ਸੀ ਮੈਨੂੰ। ਇਹ ਉਹਦੇ ਤੇ ਮੇਰੇ ਵਿਚਕਾਰ ਹੋਈ ਇਹ ਆਖਰੀ ਗੱਲ ਸੀ। ਉਸ ਦਿਨ ਤਾਂ ਉਹ ਅੰਤਾਂ ਦਾ ਖਿਝੀ ਸੀ। ਸਾਰੇ ਰਿਸ਼ਤੇ ਤੋੜ ਸੁੱਟੇ ਸੀ ਉਹਨੇ। ਟੁੱਟੇ ਰਿਸ਼ਤਿਆਂ ਦਾ ਦੁੱਖ ਵੀ ਮੈਂ ਚੰਗੀ ਤਰ੍ਹਾਂ ਜਾਣਦਾ। ਤਾਂ ਹੀ ਤਾਂ ਮੈਨੂੰ ਮੇਰੀ ਮਾਂ ਦਾ ਦੁੱਖ ਵੀ ਸਮਝ ਆਉਂਦਾ। ਮੈਂ ਵੀ ਤਾਂ ਤੋੜਿਆ ਸੀ ਰਿਸ਼ਤਾ ਫਤਹਿਪੁਰੀਆਂ ਨਾਲ। ਮੇਰੀ ਮਾਂ ਨੇ ਬਹੁਤ ਜ਼ਿੱਦ ਕੀਤੀ ਸੀ ਉਸ ਰਿਸ਼ਤੇ ਲਈ। ਪਰ ਮੈਂ ਪ੍ਰਣ ਕਰ ਲਿਆ। ਜੇ ਅਮਨ ਨਹੀਂ ਤਾਂ ਮੈਨੂੰ ਵੀ ਚੈਨ ਨਹੀਂ। ਮੈਂ ਆਪਣੇ ਹੱਥੀਂ ਆਪਣੇ ਹੱਥ ਵਿਚੋਂ ਵਿਆਹ ਵਾਲੀ ਲਾਇਨ ਹੀ ਮਿਟਾ ਦਿੱਤੀ। ਰੰਗਾਂ ਨੂੰ ਤਿਆਗ ਦਿੱਤਾ। ਚਿੱਟੇ ਕੱਪੜੇ ਪਾਉਣ ਲੱਗਿਆ। ਕਿਉਂ ਕਿ ਚਿੱਟਾ ਰੰਗ ਅਮਨ ਨੂੰ ਬਹੁਤ ਪਸੰਦ ਸੀ। ਹੁਣ ਤਾਂ ਮੈਂ ਸਿਰ ਦੇ ਵਾਲ ਵੀ ਨਹੀਂ ਡਾਈ ਕਰਦਾ। ਅੱਧਾ ਸਿਰ ਚਿੱਟੇ ਵਾਲਾ ਨਾਲ ਭਰ ਗਿਆ। ਪਰ ਮੈਨੂੰ ਇਹ ਰੰਗ ਹੁਣ ਚੰਗਾ ਲੱਗਦਾ। ਚਿੱਟਾ ਰੰਗ ਅਮਨ ਦਾ ਪ੍ਰਤੀਕ ਹੁੰਦਾ। ਹਾਂ ਸਹੀ ਬੁੱਝਿਆ ਤੁਸੀਂ। ਅਮਨ ਅਜੇ ਵੀ ਮੇਰੇ ਦਿਲ 'ਚੋਂ ਨਹੀਂ ਨਿਕਲੀ। ਪਰ ਹੁਣ ਮੇਰੇ ਦਿਲ ਵਿਚੋਂ ਡਰ ਨਿਕਲ ਗਿਆ।....ਤਾਂ ਹੀ ਤਾਂ ਹੁਣ ਮੇਰੀ ਕਵਿਤਾ ਸਭ ਸੱਚੋ-ਸੱਚ ਬੋਲਦੀ ਹੈ। ਮੈਂ ਲੋਕਾਂ ਦੀ ਗੱਲ ਕਰਨ ਲੱਗਿਆ। ਉਹਨਾਂ ਦੇ ਦੁੱਖਾਂ ਦੀ ਗੱਲ ਕਰਨ ਲੱਗਿਆ। ਇਹੀ ਤਾਂ ਫਰਜ਼ ਹੁੰਦਾ ਨਾ ਸ਼ਾਇਰ ਦਾ। ਇਸੇ ਫਰਜ਼ ਨੂੰ ਪੂਰਾ ਕਰਨ ਖਾਤਿਰ ਹੀ ਤਾਂ ਮੈਂ ਉਦਾਸ ਪਿੰਡ ਦੀ ਕਵਿਤਾ ਲਿਖਣੀ ਚਾਹੀ ਸੀ। ਮੈਨੂੰ ਪਿੰਡ ਵਿਚ ਉਸਰੀਆਂ ਆਲੀਸ਼ਾਨ ਕੋਠੀਆਂ ਦਿੱਸੀਆਂ। ਹਾਂ.....ਸਹੀ ਕਿਹਾ ਤੁਸੀਂ ਇਹ ਤਾਂ ਖੁਸ਼ਹਾਲ਼ੀ ਦੀ ਨਿਸ਼ਾਨੀ ਹੈ। ਪਰ ਇਹ ਕੋਠੀਆਂ ਮੇਰੇ ਤੋਂ ਪਹਿਲਾਂ ਅਮਰੀਕੇ ਰੱਬ ਦੇ ਮੁੰਡੇ ਸ਼ੀਰੀ ਨੂੰ ਵੀ ਦਿੱਸ ਗਈਆਂ ਸਨ। ਉਹਨੂੰ ਤਾਂ ਪਤਾ ਨਹੀਂ ਕਿਵੇਂ ਕੋਠੀਆਂ ਦੇ ਅੰਦਰ ਪਿਆ 'ਕਈ ਕੁਝ ਹੋਰ' ਵੀ ਦਿੱਸਣ ਲੱਗਾ ਸੀ। ਮੈਂ ਚੰਦ ਸਤਰਾਂ ਹੀ ਲਿਖੀਆਂ ਸਨ ਕਿ ਸ਼ੀਰੀ ਨੇ ਆ ਕੇ ਮੇਰੇ ਅੱਗੇ ਇੱਕ ਹੋਰ ਸਵਾਲ ਖੜਾ ਕਰ ਦਿੱਤਾ। ਮੈਂ ਪਹਿਲਾਂ ਵੀ ਕਿਹਾ ਸੀ ਨਾ ਕਈ ਸਵਾਲ ਬੜੇ ਦੁੱਖ ਦੇਣੇ ਹੁੰਦੇ। ਮੈਨੂੰ ਸ਼ੀਰੀ ਦੇ ਕਿਸੇ ਸਵਾਲ ਦਾ ਕੋਈ ਜਵਾਬ ਨਾ ਆਇਆ।

"ਅਸੀਮ ਮੈਨੂੰ ਨੌਕਰੀ ਕਿਉਂ ਨਾ ਮਿਲੀ ?...ਜਿਲੇ ਵਿੱਚੋਂ ਪਹਿਲੀ ਪੁਜੀਸ਼ਨ ਆਈ ਸੀ ਮੇਰੀ।" ਉਸਦੇ ਸਵਾਲ ਤੋਂ ਬਚਣ ਲਈ ਮੈਂ ਅਰਥ ਸ਼ਾਸ਼ਤਰ ਦੀ ਕਿਤਾਬ ਖੋਲ ਲਈ। ਦੇਸ਼ ਦੀ ਆਰਥਿਕਤਾ ਦੀ ਕਥਾ ਛੇੜ ਬੈਠਾ।

"ਸ਼ੀਰੀ ਸਾਡੇ ਮੁਲਕ ਦੀ ਅਬਾਦੀ ਬਹੁਤ ਹੈ। ਇਹ ਸੰਭਵ ਹੈ ਸਭ ਨੂੰ ਨੌਕਰੀ ਨਾ ਵੀ ਮਿਲੇ। ਤੂੰ ਨਿਰਾਸ਼ ਨਾ ਹੋ। ਕੋਈ ਹੋਰ ਕੰਮ ਲੱਭ ਲੈ।" ਮੈਂ ਉਹਨੂੰ ਕੰਮ ਲੱਭਣ ਲਈ ਆਖਿਆ। ਪਰ ਉਹ ਦੂਜਾ ਰਾਹ ਲੱਭ ਲਿਆਇਆ। ਮੈਨੂੰ ਪਿੰਡ ਵਿੱਚ ਫਿਰਦਾ। ਉੱਚੇ ਬੂਹੇ ਵਾਲਿਆਂ ਦਾ ਤੀਰਥ ਦਿਸਿਆ। ਮੈਂ ਸਮਝ ਗਿਆ। ਸ਼ੀਰੀ ਨਹੀਂ ਸ਼ੀਰੀ ਦੇ ਅੰਦਰ ਤੀਰਥ ਬੋਲ


www.PunjabiLibrary.com

ਰਿਹਾ ਸੀ। ਮੈਂ ਬਹੁਤ ਸਮਝਾਇਆ। ਪਰ ਸ਼ੀਰੀ ਨਾ ਸਮਝਿਆ। ਉਹ ਮੈਨੂੰ ਬਾਹੋਂ ਫੜ ਕੇ ਆਪਣੇ ਘਰ ਲੈ ਗਿਆ। ਦੂਰੋਂ ਆਪਣੇ ਘਰ ਵੱਲ ਇਸ਼ਾਰਾ ਕਰਦਿਆਂ। ਉਹਨੇ ਨਵਾਂ ਸਵਾਲ ਛੇੜ ਲਿਆ।

"ਅਸੀਮ ਦੱਸ ਮਹਿਲੀਆਂ ਵਰਗੀ ਜਾਂ ਫਿਰ ਤੀਰਥ ਹੁਣਾਂ ਵਰਗੀ ਕੋਠੀ ਮੈਂ ਕਿਉਂ ਨਹੀਂ ਪਾ ਸਕਦਾ ?"

ਮੈਨੂੰ ਜਵਾਬ ਤਾਂ ਆਉਂਦਾ ਸੀ ਪਰ ਮੈਂ ਚੁੱਪ ਰਿਹਾ। ਮੈਨੂੰ ਚੁੱਪ ਦੇਖ ਕੇ ਉਹਨੇ ਹੋਰ ਸਵਾਲ ਛੇੜ ਲਏ। ਉਹੀ ਦੁੱਖ ਦੇਣੇ ਸਵਾਲ ਕਿ ਸਾਧਨਾਂ ਦੀ ਕਾਣੀ ਵੰਡ ਕਿਉਂ ਹੈ ਇਸ ਮੁਲਕ ਵਿਚ। ਕਿਸਾਨ ਖ਼ੁਦਕੁਸ਼ੀਆਂ ਕਿਉਂ ਕਰ ਰਿਹਾ।....ਤੇ ਜਿਸ ਦਿਨ ਅਮਰੀਕੇ ਰੱਬ ਨੇ ਖ਼ੁਦਕੁਸ਼ੀ ਕੀਤੀ। ਮੇਰਾ ਦਿਲ ਕੀਤਾ ਸੀ ਸ਼ੀਰੀ ਨੂੰ ਉਹਦੇ ਸਵਾਲ ਦਾ ਜਵਾਬ ਦੇਵਾਂ। ਪਰ ਮੈਨੂੰ ਉਹ ਵੇਲਾ ਠੀਕ ਨਾ ਲੱਗਿਆ। ਸ਼ੀਰੀ ਨੇ ਆਪਣੇ ਬਾਪੂ ਲਈ ਕਵਿਤਾ ਲਿਖਣ ਲਈ ਆਖਿਆ। ਮੈਨੂੰ ਲੱਗਿਆ। ਸ਼ੀਰੀ ਨਹੀਂ ਪੂਰਾ ਪੰਜਾਬ ਮੈਨੂੰ ਐਸੀ ਕਵਿਤਾ ਲਿਖਣ ਲਈ ਆਖ ਰਿਹਾ ਹੋਵੇ। ਮੇਰੀ ਉਦਾਸ ਪਿੰਡ ਵਾਲ਼ੀ ਕਵਿਤਾ ਵਿਚਾਲੇ ਰੁੱਕ ਗਈ। ਮੇਰਾ ਸਿਰ ਚਕਰਾਉਣ ਲੱਗਿਆ। ਮੈਂ ਡਾਇਰੀ ਬੰਦ ਕਰਕੇ ਬਾਹਰ ਨੂੰ ਨਿਕਲ ਤੁਰਿਆ। ਥੜੇ 'ਤੇ ਪਹੁੰਚਿਆ। ਸੋਚਿਆ ਪਿੰਡ ਦੇ ਲੋਕਾਂ ਨਾਲ ਗੱਲਾਂ ਕਰਾਂਗਾ। ਸ਼ਾਇਦ ਮੇਰੀ ਕਵਿਤਾ ਪੂਰੀ ਹੋ ਜਾਏ। ਪਰ ਥੜਾ ਤਾਂ ਖਾਲੀ ਪਿਆ ਸੀ। ਮਹਿਲੀਆਂ ਦੇ ਲਗਵਾਏ ਮਹਿੰਗੇ ਪੱਥਰ 'ਤੇ ਪੋਟਾ-ਪੋਟਾ ਧੂੜ ਚੜੀ ਹੋਈ ਸੀ। ਮੈਂ ਜ਼ਮੀਨ 'ਤੇ ਪਿਆ ਅਖ਼ਬਾਰ ਦਾ ਟੁਕੜਾ ਚੁੱਕਿਆ ਤੇ ਧੂੜ ਸਾਫ ਕਰ ਕੇ ਬੈਠ ਗਿਆ। ਮੁੜ ਟਾਈਮ ਪਾਸ ਕਰਨ ਲਈ ਉਸੇ ਅਖ਼ਬਾਰ ਦੇ ਟੁਕੜੇ ਤੋਂ ਖ਼ਬਰਾਂ ਪੜਨ ਲੱਗਾ। ਅਗਲੇ ਹੀ ਪਲ ਖ਼ਬਰਾਂ ਤੋਂ ਮੇਰਾ ਮਨ ਅੱਕ ਗਿਆ। ਅਖ਼ਬਾਰ ਦਾ ਟੁਕੜਾ ਗੋਲ ਕਰਕੇ ਮੈਂ ਦੂਰ ਵਗਾਹ ਮਾਰਿਆ। ਕਦੇ ਮੈਨੂੰ ਲੱਗਦਾ, ਅਖ਼ਬਾਰ ਵਿਚ ਛਪੀਆਂ ਇਹ ਖ਼ਬਰਾਂ ਤਾਂ ਨਿੱਤ ਇਸ ਪਿੰਡ ਵਿਚ ਵਾਪਰਦੀਆਂ ਨੇ। ਕਦੀ ਲੱਗਦਾ ਇਹ ਖ਼ਬਰ ਇਸ ਪਿੰਡ ਦੀ ਨਹੀਂ ਹੈ ਸਗੋਂ ਹਰ ਪਿੰਡ ਦੀ ਹੈ। ਇਕ ਖ਼ਬਰ ਉਤੇ ਮੇਰੀ ਸੁਰਤੀ ਅਟਕ ਗਈ। ਕਿਸੇ ਟ੍ਰੈਵਲ ਏਜੰਟ ਦੀ ਠੱਗੀ ਦੀ ਖ਼ਬਰ ਸੀ। ਨਹੀਂ ਮੈਨੂੰ ਲੱਗਿਆ ਜਿਵੇਂ ਉਹ ਸ਼ੀਰੀ ਦੀ ਖ਼ਬਰ ਸੀ। ਪਿੰਡ ਦੇ ਵਿਦੇਸ਼ੀਆਂ ਦੀਆਂ ਕੋਠੀਆਂ ਦੇਖ ਕੇ ਸ਼ੀਰੀ ਨੂੰ ਆਪਣਾ ਘਰ ਛੋਟਾ ਲੱਗਣ ਲੱਗ ਗਿਆ ਸੀ। ਉਹਨੇ ਵੀ ਕਿਸੇ ਏਜੰਟ ਨਾਲ ਵਾਧਾ-ਘਾਟਾ ਕਰ ਲਿਆ। ਅਮਰੀਕੇ ਰੱਬ ਕੋਲੇ ਚਾਰ ਕਿਲੇ ਜ਼ਮੀਨ ਸੀ ਉਹ ਕਿਸੇ ਹੋਰ ਦੇ ਨਾਂ ਬੋਲਣ ਲੱਗੀ। ਡਾਲਰ ਹੂੰਝਣ ਲਈ ਸ਼ੀਰੀ ਇੰਗਲੈਂਡ ਤੁਰ ਗਿਆ। ......ਤੇ ਅਮਰੀਕਾ ਰੱਬ ਸਾਰਾ ਦਿਨ ਵਿਹਲਾ ਗਲੀਆਂ ਵਿਚ ਫਿਰਦਾ ਰਹਿੰਦਾ। ਪਰ ਗਲੀਆਂ ਤਾਂ ਸੁੰਨੀਆਂ ਪਈਆਂ ਸਨ।

"ਗਲੀਆਂ ਹੋ ਜਾਣ ਸੁੰਨੀਆਂ ਵਿਚ ਮਿਰਜ਼ਾ ਯਾਰ ਫਿਰੇ।" ਉਹ ਮੈਨੂੰ ਕੋਈ ਐਸਾ ਗੀਤ ਜੋੜਨ ਲਈ ਆਖਦਾ। ਆਖਿਆ ਤਾਂ ਮੈਂ ਸ਼ੀਰੀ ਨੂੰ ਵੀ ਬਹੁਤ ਕੁਝ ਸੀ। ਪਰ ਉਹਨੇ ਮੇਰੀ ਕੋਈ ਗੱਲ ਨਹੀਂ ਸੀ ਸਮਝੀ। ਮੈਂ ਉਹਨੂੰ ਉਹ ਦਿਖਾ ਰਿਹਾ ਸੀ ਜੋ ਮੈਨੂੰ ਦਿਸਦਾ। ਮੈਨੂੰ ਪਤਾ ਏ। ਤੁਸੀਂ ਕਹੋਗੇ ਮੈਂ ਸ਼ੀਰੀ ਨਾਲ ਵੀ ਆਪਣੀ ਕਵੀਆਂ ਵਾਲੀ ਤੀਜੀ ਅੱਖ ਦੀਆਂ


www.PunjabiLibrary.com

ਗੱਲਾਂ ਕੀਤੀਆਂ ਹੋਣੀਆਂ। ਪਰ ਨਹੀਂ ਮੈਂ ਤਾਂ ਸਿੱਧੀ ਜਿਹੀ ਗੱਲ ਦੱਸੀ ਸੀ। ਜਿਵੇਂ ਅਮਨ ਨੇ ਸਿੱਧੀ ਜਿਹੀ ਗੱਲ ਮੈਨੂੰ ਦੱਸੀ ਸੀ।

"ਮੇਰੇ ਘਰੇ ਮੇਰੇ ਵਿਆਹ ਦੀ ਗੱਲ ਚੱਲਦੀ। ਆਪਣੇ ਘਰੇ ਮੇਰੀ ਗੱਲ ਕਰ ਲੈ।" ਪਰ ਸਾਡੀ ਗੱਲ ਹੋਰ ਪਾਸੇ ਤੁਰ ਗਈ।

"ਅਮਨ ਤੂੰ ਜੱਟਾਂ ਨੂੰ ਨਹੀਂ ਜਾਣਦੀ। ਗੱਲ ਤਾਂ ਕੁੜੀ ਵਾਲੇ ਹੀ ਕਰਦੇ ਹੁੰਦੇ। ਤੂੰ ਆਪਣੇ ਘਰਦਿਆਂ ਨੂੰ ਮੇਰੇ ਵੱਲ ਭੇਜ। ਸਿਆਣੇ ਕਹਿੰਦੇ ਕਿ ਧੀ ਵਾਲੇ ਤਾਂ ਨੀਵੇਂ ਹੁੰਦੇ।" ਮੇਰੀ ਭਾਵਨਾਂ ਤਾਂ ਸਿੱਧੀ ਸੀ। ਪਰ ਗੱਲ ਮੈਂ ਪੁੱਠੇ ਢੰਗ ਨਾਲ ਕਰ ਬੈਠਾ। ਅਮਨ ਤੜਫ਼ ਉਠੀ। ਕਹਿਣ ਲੱਗੀ , "ਤੂੰ ਤਾਂ ਸ਼ਾਇਰ ਹੋਣ ਦੇ ਨਾਮ 'ਤੇ ਕਲੰਕ ਹੈ। ਅਜੇ ਵੀ ਜ਼ਾਤਾਂ-ਪਾਤਾਂ ਵਿੱਚ ਫਸਿਆ ਫਿਰਦਾ।"

ਫਸ ਤਾਂ ਸ਼ੀਰੀ ਵੀ ਗਿਆ ਸੀ। ਤੀਰਥ ਦੇ ਗਲੇ ਵਿੱਚ ਪਾਇਆ ਅੱਧਾ ਕਿੱਲੋ ਸੋਨਾ ਦੇਖ ਕੇ। ਤੀਰਥ ਹੁਣਾਂ ਦੀ ਨਵੀਂ ਬਣੀ ਕੋਠੀ ਦੇਖ ਕੇ। ਚਾਰ ਦਿਨ ਤੀਰਥ ਨਾਲ ਬੁਲੇਟ 'ਤੇ ਝੂਟੇ ਲੈ ਕੇ ਉਹਦਾ ਵੀ ਜਹਾਜ਼ ਦਾ ਝੂਟਾ ਲੈਣ ਨੂੰ ਜੀਅ ਕਰ ਆਇਆ। ਉਹ ਭੱਜਾ ਆਇਆ ਸੀ ਮੇਰੇ ਕੋਲ।

"ਤੂੰ ਇੰਗਲੈਂਡ ਬਾਰੇ ਵੀ ਕੋਈ ਕਵਿਤਾ ਲਿਖੀ। ਹੁਣ ਮੈਂ ਵੀ ਇੰਗਲੈਂਡ ਚਲੇ ਜਾਣਾ। ਤੈਨੂੰ ਉਥੋਂ ਦੀਆਂ ਫੋਟੋਆਂ ਭੇਜੂ ਵਟਸਐਪ 'ਤੇ।"

ਮੈਂ ਉਹਨੂੰ ਸਮਝਾਉਣ ਲੱਗਿਆ। ਦੱਸਿਆ ਕਿ ਪ੍ਰਦੇਸਾਂ ਦੀ ਜ਼ਿੰਦਗੀ ਕਿਤੇ ਸੌਖੀ ਨਹੀਂ ਹੁੰਦੀ। ਇਹ ਅਮੀਰ ਦਿਸਦੇ ਵਲੈਤੀਏ ਉਥੇ ਵੀਹ-ਵੀਹ ਘੰਟੇ ਹੱਡ ਰਗੜਦੇ ਨੇ। ਜੇ ਤੂੰ ਉਥੇ ਜਾ ਕੇ ਹੱਡ ਈ ਰਗੜਨੇ ਤਾਂ ਇੱਥੇ ਕਿਉਂ ਨਹੀਂ ਕੰਮ ਕਰਦਾ। ਪਰ ਉਹ ਮੰਨਿਆਂ ਨਾ। ਦੇਖੋ ਇੱਥੇ ਕੋਈ ਨਹੀਂ ਮੰਨਦਾ ਕਿਸੇ ਦੀ। ਮੈਂ ਅਮਨ ਦੀ ਨਹੀਂ ਸੀ ਮੰਨੀ। ਸਾਡਾ ਗੱਡਾ ਛੇ ਮਹੀਨੇ ਇਸੇ ਗੱਲ 'ਤੇ ਫਸਿਆ ਰਿਹਾ। ਉਹ ਚਾਹੰਦੀ ਸੀ ਮੈਂ ਆਪਣੇ ਘਰਦਿਆਂ ਨੂੰ ਰਿਸ਼ਤਾ ਮੰਗਣ ਲਈ ਭੇਜਾ। ਮੈਂ ਕਹਿੰਦਾ ਸੀ ਰਿਸ਼ਤੇ ਦੀ ਗੱਲ ਉਹਦੇ ਘਰਦੇ ਆ ਕੇ ਕਰਨ। ਹੁਣ ਤੁਸੀਂ ਏਸ ਗੱਲ ਦੀ ਵਜਾਹ ਪੁੱਛੋਗੇ।

ਵਜਾਹ ਸੀ ਮੇਰਾ ਬਾਪ। ਮੈਂ ਆਪਣੇ ਬਾਪ ਦੇ ਰੁੱਖੇ ਸੁਭਾਅ ਤੋਂ ਡਰ ਗਿਆ। ਸੋਚਿਆ ਬਾਪੂ ਨੇ ਮਿਸਤਰੀਆਂ ਦੀ ਕੁੜੀ ਨੂੰ ਨੂੰਹ ਬਣਾਉਣ ਨੂੰ ਮੰਨਣਾ ਨਹੀਂ। ਉਹ ਤਾਂ 'ਬਚੀਆਂ-ਖੁਚੀਆਂ' ਜ਼ਾਤਾਂ ਨੂੰ ਸਮਝਦਾ ਹੀ ਕੁਝ ਨਹੀਂ। ਮੈਂ ਤਾਂ ਸੋਚ ਹੀ ਲਿਆ ਸੀ। ਅਮਨ ਬਾਰੇ ਕੁਝ ਸੋਚਣਾ ਹੀ ਨਹੀਂ। ਪਰ ਕਦੇ-ਕਦੇ ਮੇਰੇ ਅੰਦਰੋਂ ਕੋਈ ਹੋਰ ਬੋਲਣ ਲੱਗਦਾ। ਉਹ ਮੈਨੂੰ ਫਿਟਕਾਰਾ ਪਾਉਂਦਾ।

"ਤੂੰ ਕੀ ਲੜਨਾ ਹੱਕਾਂ ਲਈ। ਆਪਣੇ ਪਿਆਰ ਖ਼ਾਤਰ ਤੈਥੋਂ ਲੜ ਨਹੀਂ ਹੋਇਆ। ਸ਼ਾਇਰ ਬਣਿਆ ਫਿਰਦਾ ਵੱਡਾ।" ਜਦੋਂ ਮੇਰੇ ਅੰਦਰੋਂ ਐਸੀਆਂ ਅਵਾਜ਼ਾਂ ਆਉਂਦੀਆਂ। ਮੈਂ ਸੁਰਤੀ ਨੂੰ ਖਿੰਡਾਉਣ ਦੀ ਕੋਸ਼ਿਸ਼ ਕਰਦਾ।

"ਕੋਸ਼ਿਸ਼ ਤਾਂ ਭਾਈ ਹਰੇਕ ਬੰਦਾ ਕਰਦਾ। ਕੀ ਕਰੀਏ ਜਦੋਂ ਕਿਸਮਤ ਈ ਖੋਟੀ ਹੋਵੇ।" ਨਿਰਾਸ਼ ਹੋਇਆ ਅਮਰੀਕਾ ਰੱਬ ਲੋਕਾਂ ਨੂੰ ਆਖਦਾ ਫਿਰਦਾ। ਸ਼ੀਰੀ ਨੂੰ ਇੰਗਲੈਂਡ ਦਾ


www.PunjabiLibrary.com

ਕਹਿ ਕੇ ਏਜੰਟ ਨੇ ਮਲੇਸ਼ੀਆ ਉਤਾਰ ਦਿੱਤਾ। ਮਹੀਨਾ ਭਰ ਮਲੇਸ਼ੀਆ ਧੱਕੇ ਖਾ ਕੇ ਸ਼ੀਰੀ ਪਿੰਡ ਮੁੜ ਆਇਆ।

"ਸ਼ੀਰੀ ਪੁੱਤ ਆਪਾਂ ਤਾਂ ਸੀਰੀ ਰਲਣ ਜੋਗੇ ਵੀ ਨਾ ਰਹੇ।" ਅਮਰੀਕਾ ਰੱਬ ਕਦੇ ਸ਼ੀਰੀ ਵੱਲ ਝਾਕਦਾ ਕਦੇ ਉਜੜੇ ਘਰ ਵੱਲ। ਅਗਲੇ ਦਿਨ ਸਵੇਰ ਦੀ ਪਹਿਲੀ ਗੱਡੀ ਉਹਨੇ ਮਾਡਲਾਂ ਵਾਲੇ ਸ਼ਟੇਸ਼ਨ 'ਤੇ ਜਾ ਕੇ ਗੱਡੀ ਥੱਲੇ ਸਿਰ ਦੇ ਲਿਆ। ਸਿਵਿਆਂ ਤੋਂ ਘਰ ਤੀਕ ਆਉਦਿਆਂ। ਮੈਂ ਤੇ ਸ਼ੀਰੀ ਆਪਸ ਵਿੱਚ ਕੁਝ ਨਾ ਬੋਲੇ। ਪਰ ਘਰ ਆ ਕੇ। ਸੁੰਨਾ ਘਰ ਦੇਖ ਕੇ ਸ਼ੀਰੀ ਨੇ ਹੋਰ ਸਵਾਲ ਪਾ ਦਿੱਤਾ।

"ਮੇਰੇ ਬਾਪੂ ਦੇ ਦੁੱਖ ਦੀ ਕਵਿਤਾ ਲਿਖੇਗਾ ਨਾ ਤੂੰ ?" ਮੇਰੇ ਕੋਲੋਂ ਉਥੇ ਖੜਨਾ ਮੁਸ਼ਕਲ ਹੋ ਗਿਆ। ਮੈਂ ਜ਼ਰੂਰੀ ਕੰਮ ਦਾ ਬਹਾਨਾ ਬਣਾ ਕੇ ਘਰ ਮੁੜ ਆਇਆ। ਕੁਝ ਲਿਖਣ ਲਈ ਡਾਇਰੀ ਖੋਲ਼ੀ ਤਾਂ ਪਿੰਡ ਵਾਲ਼ੀ ਕਵਿਤਾ ਦਾ ਸਫ਼ਾ ਖੁਲ ਗਿਆ। ਮੈਂ ਲਿਖਣ ਲਈ ਕਲਮ ਚੁੱਕੀ ਸੀ ਕਿ ਮੇਰੇ ਚਾਚੇ ਦੇ ਪੁੱਤ ਜੱਗੀ ਨੇ ਪਿੱਛੋਂ ਆ ਕੇ ਮੇਰੀ ਸੁਰਤੀ ਤੋੜ ਦਿੱਤੀ।

"ਤੂੰ ਅਜੇ ਤੀਕ ਵੀ ਕਾਗਜ਼ ਕਾਲੇ ਕਰੀ ਜਾਂਦਾ। ਫੋਰ ਜੀ ਦਾ ਜ਼ਮਾਨਾਂ ਯਾਰ। ਆ ਤੈਨੂੰ ਕੁਝ ਦਿਖਾਵਾ।" ਉਹ ਯੂ ਟਿਊਬ 'ਤੇ ਕੋਈ ਫੈਸ਼ਨ ਸ਼ੋਅ ਖੋਲ ਕੇ ਬੈਠ ਗਿਆ। ਮੈਂ ਲਿਖਣਾ ਛੱਡ ਕੇ ਮੋਬਾਈਲ 'ਤੇ ਨਜ਼ਰਾਂ ਗੱਡ ਲਈਆਂ। ਅਗਲੇ ਹੀ ਪਲ ਮੈਨੂੰ ਨਾ ਸ਼ੀਰੀ ਦੀ ਕਵਿਤਾ ਯਾਦ ਰਹੀ ਨਾ ਪਿੰਡ ਦੀ।

"ਲੈ ਲਾ ਇਹੋ ਜਿਹਾ ਫੋਨ। ਦੇਖ ਲਾ ਕਿੰਨਾ ਨਜ਼ਾਰਾ। ਬਹੁਤ ਕੁਝ ਆਉਂਦਾ ਇਹਦੇ 'ਚ। ਦੂਜਾ ਜੁਗਾੜ ਵੀ।" ਜੱਗੀ ਨੇ ਮੇਰੇ ਵੱਲ ਦੇਖ ਅੱਖ ਦੱਬੀ। ਮੈਂ ਜੇਬ ਵਿੱਚ ਹੱਥ ਮਾਰਿਆ। ਆਪਣਾ ਬਲੈਕ ਐਂਡ ਵਾਈਟ ਫੋਨ ਕੱਢਿਆ। ਜੱਗੀ ਦੇ ਫੋਨ ਅੱਗੇ ਮੈਨੂੰ ਆਪਣਾ ਫੋਨ ਬੜਾ ਨਕਲੀ ਜਿਹਾ ਲੱਗਿਆ। ਮੈਂ ਅਲਮਾਰੀ ਖੋਲੀ। ਕਿਤਾਬਾਂ ਦੇ ਪਿਛੇ ਪੈਸੇ ਪਏ ਸਨ।

"ਮੈਂ ਤਾਂ ਯਾਰ ਕਾਗਜ਼ ਤੇ ਕਿਤਾਬਾਂ ਖ਼੍ਰੀਦਣ ਲਈ ਰੱਖੇ ਸਨ।" ਮੈਂ ਨੋਟ ਗਿਣਦਿਆਂ ਜੱਗੀ ਨੂੰ ਆਖਿਆ।

"ਕਿਤਾਬਾਂ ਪੜ੍ਹ-ਪੜ੍ਹ ਤਾਂ ਤੂੰ ਮਗਜ਼ ਖਰਾਬ ਕਰ ਲੈਣਾ। ਆਜਾ ਆਪਾਂ ਗਣੇਸ਼ ਟੈਲੀਕਾਮ 'ਤੇ ਚੱਲੀਏ।"

ਮੈਂ ਵੀ ਜੱਗੀ ਵਰਗਾ ਮੋਬਾਈਲ ਲੈ ਲਿਆ। ਨੈੱਟ ਪਵਾ ਕੇ ਮੈਂ ਕਈ ਦਿਨ ਉਸੇ ਵਿਚ ਗੁਆਚਿਆ ਰਿਹਾ। ਮੈਨੂੰ ਕਵਿਤਾ ਭੁਲ ਗਈ। ਡਾਇਰੀ ਕਈ ਦਿਨ ਮੇਜ਼ ਉੱਤੇ ਪਈ ਰਹੀ। ਜਿਸ ਦਿਨ ਮੇਰਾ ਧਿਆਨ ਪਿਆ। ਮੇਜ਼ 'ਤੇ ਡਾਇਰੀ ਦੋਨਾਂ ਉਤੇ ਧੂੜ ਜੰਮੀ ਪਈ ਸੀ।

"ਸ਼ੇਰਾ ਜਿਹੜੀਆਂ ਚੀਜ਼ਾਂ ਦੀ ਵਰਤੋਂ ਨਾ ਹੋਵੇ ਉਨਾਂ 'ਤੇ ਧੂੜ ਹੀ ਜੰਮਣੀ ਹੁੰਦੀ।" ਥੜੇ 'ਤੇ ਜੰਮੀ ਧੂੜ ਦੇਖ ਕੇ ਸੈਣੀਆਂ ਦੇ ਬੁੜੇ ਨੇ ਆਖਿਆ। ਉਹ ਮੇਰੇ ਪਿੱਛੇ ਹੀ ਖੜਾ ਸੀ।

"ਮਹਿਲੀਆਂ ਨੇ ਥੜਾ ਤਾਂ ਚੰਗਾ ਸੋਹਣਾ ਬਣਾ 'ਤਾਂ ਸਹੁਰੀ ਦੇ ਚਾਰ ਬੰਦੇ ਵੀ ਇੱਥੇ ਬੈਠਣ ਨੂੰ ਬਾਹਰੋਂ ਭੇਜ ਦਿੰਦੇ।"


www.PunjabiLibrary.com

ਬੁੜਾ ਵੀ ਜੁੱਤੀ ਲਾਹ ਕੇ ਥੜੇ 'ਤੇ ਆ ਬੈਠਾ। ਨਹੀਂ ਨਹੀਂ ਗਿਆਨ ਗੋਸ਼ਟਿ ਮੈਂ ਨਹੀਂ ਸੀ ਘੋਟੀ ਬੁੜੇ ਨਾਲ। ਗੱਲਾਂ ਤਾਂ ਸਗੋਂ ਉਹਨੇ ਦੱਸੀਆਂ ਸੀ ਮੈਨੂੰ। ਅਗਲੇ ਪਾਰ ਦੀਆਂ। ਜਿਵੇਂ ਕਹਿੰਦੇ ਨਾ ਮੱਕਿਓ ਅੱਗੇ ਉਜਾੜ ਹੁੰਦਾ। ਉਹਦੀਆਂ ਗੱਲਾਂ ਤੋਂ ਮੈਂ ਆਹੀ ਸਿੱਟਾ ਕੱਢਿਆ।

"ਬਾਹਰ ਤੋਂ ਯਾਦ ਆਇਆ ਤਾਇਆ ਬਾਹਰ ਤਾਂ ਕਹਿੰਦੇ ਤੂੰ ਵੀ ਗਿਆ ਸੀ।" ਇਸ ਤੋਂ ਪਹਿਲਾਂ ਕਿ ਬੁੜਾ ਕੋਈ ਸਵਾਲ ਪਾਉਂਦਾ। ਮੈਂ ਬੁੜੇ ਨੂੰ ਸਵਾਲ ਪਾ ਦਿੱਤਾ। ਪਰ ਸਹੀ ਦੱਸਾਂ ਬੁੜਾ ਤਾਂ ਜਿਵੇਂ ਤਪਿਆ ਹੀ ਬੈਠਾ ਸੀ। ਕਹਿਣ ਲੱਗਾ-

"ਬਾਹਰ ਮੈਂ ਕਿਹੜੀਆਂ ਧਾਰਾ ਲੈਣ ਗਿਆ ਸੀ। ਮੁੰਡਾ ਲੈ ਗਿਆ ਸੀ ਮੱਲੋਜ਼ੋਰੀ। ਉਹਨੂੰ ਆਪਣੀ ਤਮਾ ਸੀ। ਜਵਾਕ ਸਾਂਭਣ ਦੀ। ਆਪ ਦੋਹੇਂ ਜੀਅ ਕੰਮ 'ਤੇ ਤੁਰ ਜਾਂਦੇ। ਮੈਂ ਪਿਛੋਂ ਜਵਾਕ ਸਾਂਭਦਾ। ਪਹਿਲਾਂ ਸਾਰੀ ਉਮਰ ਇਹਨਾਂ ਨੂੰ ਸਾਂਭਿਆ। ਤਾਈ ਤਾਂ ਤੇਰੀ ਸ਼ੇਰਾ ਤੀਹ ਸਾਲ ਹੋਗੇ ਗੁਜ਼ਰੀ ਨੂੰ। ਜਵਾਕ ਮੈਥੋਂ ਸੂਤ ਨਾ ਆਉਣ। ਕੰਮ ਕੋਈ ਹੈ ਨਾ। ਨਾ ਬੰਦਾ ਮਿਲਦਾ ਨਾ ਪਰਿੰਦਾ। ਮੈਂ ਤਾਂ ਅੱਕ ਗਿਆ। ਚੜ੍ਹ ਆਇਆ ਜਹਾਜ਼ੇ। ਜਿੱਥੇ ਇੰਨੇ ਸਾਲ 'ਕੱਲਿਆਂ ਕੱਟੇ। ਆਹ ਬਚੇ ਬਚਾਏ ਵੀ ਕੱਟ ਜਾਣੇ।"

ਬੁੜੇ ਨੇ ਆਪਣੀ ਕਥਾ ਛੇੜ ਲਈ।

"ਆਪ ਮਾਸਟਰ ਸੀ ਸਾਡੇ ਵਾਲਾ ਤੇ ਘਰ ਵਾਲੀ ਬੈਂਕ 'ਚ ਸਰਵਿਸ ਕਰਦੀ ਸੀ। ਨਾ ਘਾਟਾ ਸੀ ਕੋਈ ? ਜ਼ਮੀਨ ਵੀ ਹੈਗੀ ਥੋੜੀ-ਘਣੀ। ਪਰ ਸਬਰ ਹੈਨੀ ਬੰਦੇ ਨੂੰ। ਘਰ ਛੱਤ ਗਏ ਕਿਲ੍ਹੇ ਵਰਗਾ। ਵਿਚ ਮੈਂ 'ਕੱਲਾ ਵਹਾਂਕਦਾ ਫਿਰਦਾ। ਤੈਂ ਕੋਈ ਕਵਿਤਾ ਲਿਖਣੀ ਤਾਂ ਇਹਨਾਂ ਖਾਲੀ ਘਰਾਂ ਦੀ ਲਿਖ। ਗਿਣ ਪਿੰਡ ਦੇ ਕਿੰਨੇ ਘਰ ਖਾਲੀ ਪਏ। ਆਪਣਾ ਤਾਂ ਪਿੰਡ ਤਾਂ ਬੱਲਿਆ ਐਨ.ਆਰ.ਆਈਆਂ ਦਾ ਵੱਜਦਾ ਇਲਾਕੇ 'ਚ। ਹਰੇਕ ਤੀਜਾ ਬੰਦਾ ਵਿਦੇਸ਼ ਬੈਠਾ ਜਾ ਕੇ। ਨੰਬਰਦਾਰਾਂ ਦੇ ਤਾਂ ਹੁਣ ਨੱਥੂ ਭਈਆ ਰਹਿੰਦਾ ਪੱਕਾ ਈ। ਤੂੰ ਜਾਣ ਬਈ। ਉਹਨੂੰ ਵੀ ਪੀ.ਆਰ ਮਿਲ ਗਈ।" ਏਸ ਗੱਲ 'ਤੇ ਮੈਂ ਤੇ ਬੁੜਾ ਦੋਵੇਂ ਹੱਸ ਪਏ। ਪਰ ਖਾਲੀ-ਖਾਲੀ, ਉਜੜਿਆ-ਉਦਾਸ ਪਿੰਡ ਪਿੱਛੇ ਖੜਾ ਸੀ। ਅੱਡੇ ਵਾਲੇ ਇਸ ਥੜੇ ਤੋਂ ਪਿਛੇ ਨੂੰ ਪੂਰਾ ਪਿੰਡ ਨਜ਼ਰ ਆਉਂਦਾ।

ਨਜ਼ਰ ਤਾਂ ਮੈਨੂੰ ਅਮਨ ਦੀ ਮੁਹੱਬਤ ਵੀ ਆਉਂਦੀ ਸੀ। ਪਰ !! ਚਲੋ ਪਹਿਲਾਂ ਮੇਰੀ ਤੇ ਉਹਦੀ ਮੁਹੱਬਤ ਦੀ ਕਥਾ ਦੱਸਦਾ। ਅਸੀਂ ਦੋਵੇਂ ਕਾਲਜ ਪੜ੍ਹਦੇ ਸਾਂ। ਅਮਨ ਨੂੰ ਮੇਰੀ ਕਵਿਤਾ ਚੰਗੀ ਲੱਗਦੀ ਸੀ। ਉਹ ਕਵਿਤਾ ਦੀਆਂ ਗੱਲਾਂ ਕਰਨ ਲਈ ਮੇਰੇ ਕੋਲ ਆ ਜਾਂਦੀ। ਅਸੀਂ ਲਾਇਬ੍ਰੇਰੀ ਬੈਠੇ ਕਵਿਤਾ ਦੀਆਂ ਗੱਲਾਂ ਕਰਦੇ। ਕਿਤਾਬਾਂ ਦੀਆਂ ਗੱਲਾਂ ਕਰਦੇ। ਕਵਿਤਾ ਦੀਆਂ ਗੱਲਾਂ ਕਰਦਿਆਂ-ਕਰਦਿਆਂ ਸਾਡੀਆਂ ਦੋਵਾਂ ਦੀਆਂ ਅੱਖਾਂ ਵਿੱਚ ਮੁਹੱਬਤ ਦੀ ਕਵਿਤਾ ਲਿਖੀ ਗਈ। ਚਾਰ ਸਾਲ ਦੇ ਮੁਹੱਬਤ ਦੇ ਰਿਸ਼ਤੇ ਵਿਚ ਅਸੀਂ ਜ਼ਿੰਦਗੀ ਨੂੰ ਰੱਜ ਕੇ ਜੀਅ ਲਿਆ। ਮੇਰੀ ਕਵਿਤਾ ਵਿਚ ਹੋਰ ਨਿਖਾਰ ਆ ਗਿਆ।

"ਮੁਹੱਬਤ ਬੰਦੇ ਨੂੰ ਬੰਦਾ ਹੋਣਾ ਸਿਖਾਉਂਦੀ ਏ।" ਕਿਸੇ ਸ਼ਾਇਰ ਦੀ ਕਹੀ ਗੱਲ ਮੈਨੂੰ ਚੰਗੀ ਲੱਗਦੀ। ਇਹ ਗੱਲ ਮੈਂ ਡਾਇਰੀ 'ਤੇ ਲਿਖ ਲਈ। ਪਰ ਜਦੋਂ ਜ਼ਿੰਦਗੀ ਇੱਕਠਿਆਂ


www.PunjabiLibrary.com

ਕੱਟਣ ਦੀ ਵਾਰੀ ਆਈ। ਮੇਰੇ ਅੰਦਰੋਂ ਜਿਵੇਂ ਬੰਦਾ ਹੀ ਮਨਫ਼ੀ ਹੋ ਗਿਆ। ਮੈਨੂੰ ਲੱਗਿਆ, ਸਾਡੀ ਜ਼ਾਤ ਇੱਕ ਨਹੀਂ ਹੈ। ਏਸ ਵਿਆਹ ਨੂੰ ਕਿਵੇਂ ਮੰਨਣਾ ਮੇਰੇ ਮਾਪਿਆ। ਜਿਸ ਦਿਨ ਮੈਂ ਇਹ ਗੱਲ ਸੋਚ ਲਈ। ਉਸ ਦਿਨ ਤੋਂ ਮੁਹੱਬਤ ਦਾ ਰੰਗ ਮੇਰੇ ਮਨ ਵਿੱਚੋਂ ਫਿੱਕਾ ਪੈਣਾ ਸ਼ੁਰੂ ਹੋ ਗਿਆ। ਉਸ ਰਾਤ ਮੇਰੀ ਆਪਣੀ ਹੀ ਲ਼ਿਖੀ ਕਵਿਤਾ 'ਘੀਚਰ ਦੇ ਭਾਂਡੇ' ਮੇਰੇ ਸੁਪਨੇ ਵਿਚ ਗੂੰਜ਼ਦੀ ਰਹੀ।

ਮੈਨੂੰ ਮੁੜ ਸਾਰੀ ਰਾਤ ਨੀਂਦ ਨਾ ਆਈ। ਲੱਗਿਆ ਜ਼ਾਤ-ਪਾਤ ਦਾ ਵਿਰੋਧ ਬਸ ਇੱਕ ਕਵਿਤਾ ਹੀ ਲਿਖ ਕੇ ਨਹੀਂ ਹੋ ਸਕਦਾ।

ਇਹੀ ਗੱਲ ਮੇਰਾ ਜੀਅ ਕੀਤਾ ਸੀ ਸੈਣੀਆਂ ਦੇ ਬੁੜ੍ਹੇ ਨੂੰ ਵੀ ਕਹਾਂ। ਆਖਾਂ ਕਿ ਤਾਇਆ ਮੇਰੀ ਲਿਖੀ ਕਵਿਤਾ ਖਾਲੀ ਘਰਾਂ ਦੇ ਵਾਰਸਾਂ ਨੂੰ ਮੋੜ ਨਹੀਂ ਸਕਦੀ। ਪਰ ਮੈਂ ਇਹ ਸਭ ਕਹਿਣ ਦੀ ਥਾਂ ਘਰ ਜਾਣ ਦੀ ਇਜ਼ਾਜਤ ਮੰਗਕੇ ਉਥੋਂ ਉਠ ਤੁਰਿਆਂ। ਵੱਡੀ ਗਲੀ ਦਾ ਮੋੜ ਮੁੜਨ ਤੀਕ ਮੈਂ ਪਿਛਾਂਹ ਮੁੜ-ਮੁੜ ਦੇਖਦਾ ਰਿਹਾ। ਖਾਲੀ ਥੜ੍ਹਾ ਤੇ ਇੱਕਲਾ ਬੈਠਾ ਬੁੜ੍ਹਾ ਮੈਨੂੰ ਮੁੜ ਕਵਿਤਾ ਲਿਖਣ ਲਈ ਪ੍ਰੇਰਨ ਲੱਗੇ। ਘਰ ਆ ਕੇ ਅਜੇ ਡਾਇਰੀ ਖੋਲੀ ਹੀ ਕਿ ਜੱਗੀ ਦਾ ਫੋਨ ਆ ਗਿਆ।

"ਵਟਸਐਪ ਦੇਖ ਪੱਟੂਆ! ਬੋਦੀ ਵਾਲੇ ਬਾਬੇ ਦਾ ਕਾਂਡ ਭੇਜਿਆ ਤੈਨੂੰ।"

ਮੈਂ ਇੰਟਰਨੈਟ ਆਨ ਕਰਕੇ ਵਟਸਐਪ ਚਲਾਇਆ। ਵੀਡੀਓ ਡਾਊਨਲੋਡ ਕਰਕੇ ਦੇਖਣ ਲੱਗਾ। ਬਾਬੇ ਦੀ ਕਰਤੂਤ ਦੇਖ ਕੇ ਮੇਰਾ ਮਨ ਖ਼ਰਾਬ ਹੋ ਗਿਆ।

"ਇਹਨੂੰ ਤਾਂ ਮੈਂ ਚੰਗਾ ਸਮਝਦਾ ਸੀ।"-ਸੋਚ ਕੇ ਮਨ ਵਿੱਚ ਮੋਟੀ ਸਾਰੀ ਗਾਹਲ ਬੋਦੀ ਵਾਲੇ ਸਾਧ ਨੂੰ ਕੱਢੀ। ਚੈਨਲਾਂ ਵਾਲਿਆਂ ਨੂੰ ਮਸਾਲਾ ਮਿਲ ਗਿਆ। ਹਫ਼ਤਾ ਭਰ ਟੀ.ਵੀ ਉਤੇ ਬੋਦੀ ਵਾਲੇ ਬਾਬੇ ਦੀ ਚਰਚਾ ਹੀ ਛਿੜੀ ਰਹੀ। ਇਲਾਕਾ ਭਰਿਆ ਪਿਆ ਸੀ ਬਾਬੇ ਦੇ ਸੇਵਕਾਂ ਨਾਲ। ਪਰ ਵੀਡੀਓ ਲੀਕ ਹੋਣ ਨਾਲ ਚਾਰੇ ਪਾਸੇ ਹਾਹਾਕਾਰ ਮੱਚ ਗਈ।

"ਸਾਧ ਨਹੀਂ! ਉਹ ਤਾਂ ਸਾਲਾ ਸਾਨ੍ਹ ਸੀ।" ਸਾਡੇ ਪਿੰਡ ਵਾਲਾ ਰਵੇਲ ਕਾਮਰੇਡ ਕਈ ਦਿਨ 'ਕੱਲੇ-'ਕੱਲੇ ਕੋਲ ਸਾਧ ਨੂੰ ਗਾਹਲ਼ਾਂ ਕੱਢਦਾ ਰਿਹਾ। ਮੈਂ ਵੀ ਗਿਆ ਸੀ ਬੋਦੀ ਵਾਲੇ ਸਾਧ ਦੇ ਡੇਰੇ। ਹਰਜੀਤ ਨੂੰ ਲੈ ਕੇ। ਮੈਨੂੰ ਪਤਾ ਸੀ ਤੁਸੀਂ ਆਹੀ ਕਹਿਣਾ ਸੀ ਕਿ ਚੰਗੇ-ਭਲੇ ਬੰਦੇ ਵੀ ਸਾਧਾਂ ਦੇ ਤੁਰੇ ਫਿਰਦੇ। ਇਹ ਤੋਂ ਵੱਧ ਹਨੇਰ ਹੋ ਸਕਦਾ ਕੋਈ। ਪਰ ਮੇਰੀ ਸਮੱਸਿਆ ਹੀ ਹੋਰ ਸੀ। ਹਰਜੀਤ। ਹਰਜੀਤ ਕੌਣ ਸੀ ?...ਜਿਸ ਨਾਲ ਮਾਪਿਆਂ ਮੇਰੇ ਫੇਰੇ ਕਰਵਾਏ ਸੀ ਉਹ ਕੁੜੀ ਸੀ ਹਰਜੀਤ। ਫਤਾਹਪੁਰ ਦੀ। ਘਰ ਦਿਆਂ ਵਿਆਹ ਵੇਲੇ ਰਾਤੋਂ ਦਿਨ ਦਿਨ ਨਹੀਂ ਸੀ ਚੜ੍ਹਨ ਦਿੱਤਾ। ਪਰ ਸਿਆਣੇ ਕਹਿੰਦੇ ਕਾਹਲ਼ੀ ਅੱਗੇ ਟੋਏ ਹੁੰਦੇ। ਉਹੀ ਕਾਹਲੀ ਟੋਆ ਬਣ ਕੇ ਮੇਰੇ ਅੱਗੇ ਆ ਗਈ। ਸਾਡੇ ਵਿਚਾਲੇ ਵਿਚਾਰਾਂ ਦਾ ਯੁੱਧ ਪਹਿਲੇ ਦਿਨੋਂ ਹੀ ਛਿੜ ਪਿਆ ਸੀ। ਪਰ ਢਾਈਆਂ ਕੁ ਸਾਲਾਂ 'ਚ ਇਹ ਯੁੱਧ ਮਹਾਂ-ਯੁੱਧ ਵਿਚ ਬਦਲ ਗਿਆ। ਉਹ ਸੁੱਤੀ ਪਈ ਉਠ ਕੇ ਚੀਕਾਂ ਮਾਰਨ ਲੱਗਦੀ। ਆਪਣੇ ਸਿਰ ਦੇ ਵਾਲ ਖੋਹਣ ਲੱਗਦੀ। ਘਰ ਦੀਆਂ ਚੀਜ਼ਾਂ ਭੰਨਣ ਲੱਗਦੀ। ਪੁੱਛਿਆਂ ਦੁੱਖ ਨਾ ਦੱਸਦੀ। ਨਿੱਕੀ-ਨਿੱਕੀ ਗੱਲੋਂ ਅਸੀਂ ਖਹਿਬੜਨ ਲੱਗਦੇ। ਕਦੀ ਉਹ ਮੇਰੀਆਂ ਲਿਖੀਆਂ ਕਵਿਤਾਵਾਂ ਪਾੜ ਦਿੰਦੀ।

"ਮੈਨੂੰ ਪਤਾ ਕਵੀਆਂ ਦਾ ਕਈ ਤੀਵੀਆਂ ਨਾਲ ਚੱਕਰ ਹੁੰਦਾ।" ਮੈਂ ਲਿਖਣ ਬੈਠਦਾ ਤਾਂ ਉਹ ਝਗੜਨ ਲੱਗਦੀ। ਬਥੇਰਾ ਚਿਰ ਮੈਂ ਅੰਦਰ ਵੜ-ਵੜ ਜਰਦਾ ਰਿਹਾ। ਅਖੀਰੀ ਜਦੋਂ ਉਹਦਾ ਪਾਗਲਪਣ ਹੋਰ ਵੱਧ ਗਿਆ। ਮੈਂ ਮਾਪਿਆ ਅੱਗੇ ਹਾਲ-ਪਾਰਿਆ 'ਲਾ ਦਿੱਤਾ।

ਫਤਾਹਪੁਰੀਏ ਬਾਬੇ ਦੇ ਜਾਂਦੇ ਸਨ। ਘਰਦਿਆਂ ਮੱਲੋ-ਜ਼ੋਰੀ ਮੈਨੂੰ ਤੇ ਹਰਜੀਤ ਨੂੰ ਨਾਲ ਤੋਰ ਦਿੱਤਾ। ਮਹਿਲ ਵਰਗਾ ਬਾਬੇ ਦਾ ਡੇਰਾ। ਕਈ ਬੰਦੇ-ਬੁੜੀਆਂ, ਜਵਾਨ ਮੁੰਡੇ ਕੁੜੀਆਂ ਡੇਰੇ ਫਿਰਦੇ।ਬਾਬੇ ਦੇ ਵੱਡੇ ਸੇਵਾਦਾਰ ਨੂੰ ਮੁਸ਼ਕਲ ਦੱਸੀ।ਉਹਨੇ ਕਿਹਾ ਕੁੜੀ ਨੂੰ ਇੱਥੇ ਛੱਡ ਜਾਓ। ਦੋ ਦਿਨਾਂ ਨੂੰ ਆਇਓ।

"ਕਿਸੇ ਦਿਮਾਗ਼ੀ ਰੋਗਾਂ ਵਾਲੇ ਡਾਕਟਰ ਕੋਲੇ ਚਲਦੇ।" ਹਰਜੀਤ ਨੂੰ ਡੇਰੇ ਛੱਡਣ ਤੋਂ ਮੈਂ ਨਾਂਹ ਨੁੱਕਰ ਕੀਤੀ। ਪਰ ਮੇਰੀ ਸੱਸ ਨਾ ਮੰਨੀ। ਆਖੀਰੀ ਮੈਂ ਸੋਚਿਆ। ਕੋਈ ਫਾਇਦਾ ਨਹੀਂ ਇਹਨਾਂ ਨੂੰ ਸਮਝਾਉਣ ਦਾ। ਮੈਂ ਬੱਸੇ ਚੜਕੇ ਪਿੰਡ ਮੁੜ ਆਇਆ। ਦੂਜੇ ਦਿਨ, ਢਲੇ ਦਿਨ ਮੇਰਾ ਸਹੁਰਾ ਹਰਜੀਤ ਨੂੰ ਘਰ ਛੱਡ ਗਿਆ। ਮੇਰਾ ਜੀਅ ਤਾਂ ਕੀਤਾ ਸੀ ਪੁਛਾ ਉਹਨੂੰ ਨੂੰ ਕਿ ਕੀ ਕਹਿੰਦਾ ਥੋਡਾ ਬਾਬਾ। ਪਰ ਮੈਂ ਚੁੱਪ ਰਿਹਾ। ਦੋ ਤਿੰਨ ਦਿਨ ਬਥੇਰੇ ਸੌਖੇ ਲੰਘੇ। ਘਰਦਿਆਂ ਅੰਬਰਸਰ ਨੂੰ ਤੋਰ ਦਿੱਤਾ। ਦਰਬਾਰ ਸਾਹਬ ਮੱਥਾ ਟੇਕਣ ਲਈ। ਮੈਂ ਵੀ ਸ਼ੁਕਰ ਮਨਾਇਆ। ਬੜੀ ਦੇਰ ਬਾਅਦ ਗੂੜ੍ਹੀ ਨੀਂਦ ਆਉਣ ਲੱਗੀ ਸੀ। ਪਰ ਫੇਰ ਇਕ ਦਿਨ ਉਹੀ ਕਹਾਣੀ ਸ਼ੁਰੂ ਹੋ ਗਈ।ਮੈਂ ਉਹਦੇ ਕੋਲੋਂ ਰੋਟੀ ਮੰਗੀ। ਕਮਰੇ ਵਿਚੋਂ ਜਾ ਕੇ ਉਹ ਰਸੋਈ ਵਿਚ ਭਾਂਡੇ ਭੰਨਣ ਲੱਗੀ। ਅਵਾਜ਼ ਸੁਣ ਕੇ ਮੈਂ ਭੱਜਾ ਗਿਆ। ਰੋਕਿਆ ਤਾਂ ਕੰਧਾਂ ਨਾਲ ਸਿਰ ਮਾਰਨ ਲੱਗੀ।ਪਲਾਂ ਵਿਚ ਅਜੀਬ ਜਿਹਾ ਮਾਹੌਲ ਬਣ ਗਿਆ।ਫਤਾਹਪੁਰੀਏ ਵੀ ਆ ਗਏ। ਉਹਨਾਂ ਮੁੜ ਬਾਬੇ ਦੇ ਜਾਣ ਦੀ ਗੱਲ ਕੀਤੀ। ਪਰ ਮੈਂ ਨਾ ਮੰਨਿਆਂ। ਡਾਕਟਰ ਦੇ ਜਾਣ ਨੂੰ ਉਹ ਨਾ ਮੰਨਦੇ।ਆਖੀਰੀ ਉਹ ਹਰਜੀਤ ਨੂੰ ਆਪਣੇ ਨਾਲ ਲੈ ਗਏ।ਛੇ ਮਹੀਂਨੇ ਚੁੱਪ ਵਿਚ ਹੀ ਬੀਤ ਗਏ।ਮੁੜ ਮੈਂ ਘਰਦਿਆਂ ਨਾਲ ਦੋ ਹਰਫ਼ੀ ਗੱਲ ਮੁਕਾ ਲਈ।ਉਸ ਪਾਗਲ ਔਰਤ ਨਾਲ ਰਹਿਣ ਨੂੰ ਮੈਂ ਨਹੀਂ ਸੀ ਰਾਜ਼ੀ। ਕਈ ਵਾਰ ਪੰਚਾਇਤਾਂ ਹੋਈਆਂ। ਗੱਲ ਕਿਸੇ ਪਾਸੇ ਨਾ ਲੱਗਦੀ। ਅੰਤ ਨੂੰ ਸਾਡਾ ਲਿਖ ਲਿਖਾ ਹੋ ਗਿਆ। ਮੁੜ ਮੈਂ ਜ਼ਿੰਦਗੀ ਅਮਨ ਦੇ ਲੇਖੇ ਲਗਾ ਦਿੱਤੀ।

"ਮੁੜ ਲੇਖੇ ਲਾਈ ਦਾ ਕੀ ਭਾਅ ਜਦ ਸਹੀ ਵੇਲੇ ਤੈਂ ਹਿੰਮਤ ਨਾ ਕੀਤੀ।"-ਮੈਂ ਜਾਣਦਾ ਅਮਨ ਨੇ ਆਹੀ ਗੱਲ ਕਹਿਣੀ ਮੈਨੂੰ।ਹੁਣ ਜੇ ਮੈਂ ਆਪਣਾ ਫੈਸਲਾ ਉਹਨੂੰ ਦੱਸਾਂ। ਪਰ ਹੁਣ ਤਾਂ ਖ਼ਬਰੇ ਉਹ ਕਿੱਥੇ ਹੋਵੇ।

"ਕਿੱਥੇ ਜਾਣਾ ਇਹਨੇ ਸਾਧ ਨੇ। ਜੇਲ ਕੱਟਕੇ ਆਕੇ ਮੁੜ ਸੰਤਸੰਗ ਸ਼ੁਰੂ ਕਰ ਲਊ। ਇਹਨਾਂ ਦਾ ਬੀਅ ਨਾਸ ਕਰਨਾ ਤਾਂ ਫਾਹੇ ਟੰਗੋ ਇਹਨਾਂ ਨੂੰ ਫਾਹੇ।" ਕਾਮਰੇਡ ਗਰਮ ਹੋਣ ਲੱਗਦਾ।ਕਈ ਵਾਰ ਜਦ ਮੈਂ ਬੇਹੱਦ ਉਦਾਸ ਹੋ ਜਾਂਦਾ।ਮੇਰਾ ਜੀਅ ਕਰਦਾ ਮੈਂ ਵੀ ਸਾਧ ਹੋ ਜਾਵਾਂ। ਸਾਰਾ ਕੁਝ ਛੱਡ ਕੇ ਕਿਸੇ ਡੇਰੇ ਜਾ ਬੈਠਾ।

"ਡੇਰੇ ਤਾਂ ਭਾਈ ਸਾਹਬ ਖੁੰਬਾਂ ਵਾਂਗੂ ਪੈਦਾ ਹੋਗੇ ਪੰਜਾਬ 'ਚ। ਇੱਕ ਪਿੰਡ ਵਿਚ ਦੋ-ਦੋ ਬਾਬੇ ਬੈਠੇ।" ਕਾਮਰੇਡ ਬਾਬਿਆਂ ਦੇ ਪਿੱਛੇ ਪਿਆ ਰਹਿੰਦਾ। ਜਿਵੇਂ ਮੈਂ ਉਦਾਸ ਪਿੰਡ ਵਾਲੀ ਕਵਿਤਾ ਦੇ ਪਿੱਛੇ ਪਿਆਂ। ਪਰ ਜਿਸ ਦਿਨ ਦਾ ਮੈਂ ਨਵਾਂ ਫੋਨ ਲਿਆ ਸੀ। ਲਿਖਣ ਪੜਨ ਵਾਲਾ ਕੰਮ ਮੱਠਾ ਪੈ ਗਿਆ। ਜਦੋਂ ਵੀ ਵਹਿਲ ਮਿਲਦੀ ਮੈਂ ਨੈੱਟ ਖੋਲ ਕੇ ਬੈਠ ਜਾਂਦਾ। ਅੱਗੇ ਹੀ ਅੱਗੇ ਕੁਝ ਖੁੱਲ੍ਹਦਾ ਤੁਰਿਆ ਜਾਂਦਾ। ਕਿਤਾਬ ਖੁੱਲ੍ਹੀ ਪਈ ਰਹਿੰਦੀ। ਮੈਂ ਕਿਤੇ ਹੋਰ ਚਲਿਆ ਜਾਂਦਾ। ਮੈਂ ਜੱਗੀ ਨੂੰ ਮਜ਼ਾਕ ਕਰਦਾ। ਆਖਦਾ-ਇਹ ਤਾਂ ਪੈਸੇ ਦੇ ਕੇ ਤੂੰ ਮੁਸੀਬਤ ਮੁੱਲ ਲੈ ਦਿੱਤੀ। ਜੱਗੀ ਆਪਣੀ ਫੇਸਬੁੱਕ ਖੋਲ ਕੇ ਦਿਖਾਉਣ ਲੱਗਦਾ। ਆਪਣੀਆਂ ਪੋਸਟਾਂ 'ਤੇ ਹੋਏ ਲਾਈਕ ਤੇ ਕੁਮੈਂਟ ਗਿਣਨ ਲੱਗਦਾ।

"ਤੂੰ ਆਪਣੀਆਂ ਕਵਿਤਾਵਾਂ ਫੇਸਬੁਕ 'ਤੇ ਪਾਇਆ ਕਰ। ਅੱਜ-ਕੱਲ੍ਹ ਲੋਕ ਕਿਤਾਬਾਂ ਨਹੀਂ ਪੜ੍ਹਦੇ।" ਜੱਗੀ ਨੇ ਮੇਰਾ ਫੇਸਬੁੱਕ ਅਕਾਊਂਟ ਬਣਾ ਦਿੱਤਾ। ਮੇਰੀਆਂ ਕਈ ਕਵਿਤਾਵਾਂ ਫੇਸਬੁਕ ਉਪਰ ਪਾ ਦਿੱਤੀਆਂ। ਧੜਾ-ਧੜ ਲਾਈਕ ਤੇ ਕੁਮੈਂਟ ਆਉਣ ਲੱਗੇ। ਕੋਈ ਕਵਿਤਾ ਨੂੰ ਸਿਰਾ ਆਖਦਾ। ਕੋਈ ਕੋਕਾ। ਕੋਈ ਅੱਤ। ਮੈਂ ਇਹੋ ਜਿਹੇ ਕੁਮੈਂਟ ਪੜ੍ਹ-ਪੜ੍ਹ ਅੱਕ ਗਿਆ। ਇਹ ਅਸਾਹਿਤਕ ਜਿਹੀ ਭਾਸ਼ਾ ਕਵਿਤਾ ਲਈ ਨਹੀਂ ਹੋ ਸਕਦੀ। ਸੋਚ ਕੇ ਮੈਂ ਫੇਸਬੁੱਕ ਉਪਰ ਕਵਿਤਾਵਾਂ ਪਾਉਣੀਆਂ ਬੰਦ ਕਰ ਦਿੱਤੀਆਂ।

ਸ਼ੀਰੀ ਕਈ ਚਿਰ ਪਿਛੇ ਪਿਆ ਰਿਹਾ। ਉਹ ਆਖਦਾ-ਮੇਰੇ ਬਾਪੂ ਦੇ ਦੁੱਖ ਦੀ ਕਵਿਤਾ ਲਿਖ ਕੇ ਫੇਸਬੁੱਕ 'ਤੇ ਪਾ। ਮੈਂ ਤੇਰੀ ਪੋਸਟ ਨੂੰ ਸ਼ੇਅਰ ਕਰਾਂਗਾ। ਮੈਂ ਉਹਨੂੰ ਹਰ ਵਾਰ ਬਹਾਨਾ ਬਣਾ ਕੇ ਟਾਲ ਦਿੰਦਾ। ਮੈਨੂੰ ਕਵਿਤਾ ਨਾ ਸੁਝਦੀ। ਮੈਂ ਡਾਇਰੀ ਦੇ ਕਈ ਸਫ਼ੇ ਖਰਾਬ ਕਰ ਦਿੱਤੇ। ਦੋ ਚਾਰ ਸਤਰਾਂ ਲਿਖਦਾ ਤੇ ਮੁੜ ਖ਼ੁਦ ਦੀ ਕੱਟ ਦਿੰਦਾ।

"ਲਿਖੀਆਂ ਕਿਤੇ ਕੱਟ ਹੁੰਦੀਆਂ। ਪਤਾ ਈ ਨਹੀਂ ਲੱਗਾ। ਦੁੱਖ ਅੰਦਰੋਂ ਈ ਕਿਤੇ ਪੈਦਾ ਹੋ ਜਾਂਦੇ।"-ਸਾਰਾ ਪਿੰਡ ਗਿਆਨੀ ਦੀ ਖ਼ਬਰ ਲੈਣ ਨੂੰ ਦੌੜ ਗਿਆ। ਗਿਆਨੀ ਨੂੰ ਡਾਕਟਰਾਂ ਨੇ ਕੈਂਸਰ ਦੱਸਿਆ ਸੀ। ਪਰ ਪਤਾ ਉਦੋਂ ਲੱਗਿਆ, ਜਦੋਂ ਇਲਾਜ ਵੀ ਨਹੀ ਸੀ ਹੋ ਸਕਦਾ। ਗਿਆਨੀ ਦੀ ਘਰਵਾਲੀ ਪਤਾ ਲੈਣ ਗਏ ਲੋਕਾਂ ਕੋਲੇ ਰੋਂਦੀ। ਅਗਲਾ ਦੋ ਚਾਰ ਮਿੰਟ ਉਦਾਸ ਜਿਹੀਆਂ ਗੱਲਾਂ ਕਰਕੇ ਘਰ ਮੁੜ ਆਉਂਦਾ। ਜਦੋਂ ਦਾ ਗਿਆਨੀ ਮੰਜੇ 'ਤੇ ਪਿਆ ਸੀ। ਸਵੇਰੇ ਸ਼ਾਮ ਗੁਰਦੁਆਰੇ ਵੱਜਣ ਵਾਲਾ ਸਪੀਕਰ ਬੰਦ ਹੋ ਗਿਆ। ਡੀਪੂ ਵਾਲਿਆਂ ਦਾ ਮੁੰਡਾ ਦੋਵੇਂ ਵੇਲੇ ਮਾੜੀ-ਚੰਗੀ ਸੇਵਾ ਕਰ ਆਉਂਦਾ। ਬਿਨਾਂ ਸਪੀਕਰ ਤੋਂ ਪਾਠ ਕਰਦਾ। ਲੋਕ ਗੱਲਾਂ ਕਰਦੇ। ਗਿਆਨੀ ਵਿਚਾਰਾ ਅਗਿਆਨੀ ਬਣਿਆ ਰਿਹਾ। ਜਾਂਚ ਕਰਾ ਲੈਂਦਾ ਵੇਲੇ ਸਿਰ ਤਾਂ ਦੁੱਖ ਫੜਿਆ ਜਾਂਦਾ। ਦੇਖਿਆ ਕਿੰਨੇ ਭੋਲੇ ਹੁੰਦੇ ਲੋਕ! ਜੋ ਲੋਕ ਸੋਚਦੇ ਮੈਂ ਉਸ ਤੋਂ ਅਗਲੀ ਗੱਲ ਸੋਚਦਾ। ਕਿਹਾ ਸੀ ਨਾ ਮੈਂ ਜੋ ਮੈਨੂੰ ਦਿਸਦਾ....ਉਹ ਤੁਹਾਨੂੰ ਨਹੀਂ ਦਿਸਦਾ। ਮੈਨੂੰ ਦਿਸਦੀਆਂ ਗਿਆਨੀ ਦੀਆਂ ਚਾਰ ਕੁੜੀਆਂ। ਤਿੰਨ ਵਿਆਹੀਆਂ ਹੋਈਆਂ ਤੇ ਚੌਥੀ ਵਿਆਹ ਦੇ ਯੋਗ ਹੋਈ। ਗਿਆਨੀ ਦਾ ਇਕੋ ਇੱਕ ਮੁੰਡਾ ਜਿਨੂੰ ਸਾਰਾ ਪਿੰਡ ਸਤ-ਮਾਹਿਆਂ ਕਹਿ ਕੇ ਛੇੜਦਾ। ਦਸ ਜਮਾਤਾਂ ਪੜ੍ਹ ਕੇ ਅੱਜ-ਕੱਲ੍ਹ ਅੱਡੇ ਵਾਲੇ ਡਾਕਟਰ ਨਾਲ ਲੱਗਿਆ ਹੋਇਆ। ਮੈਨੂੰ ਜੇਬ ਨਜ਼ਰ ਆਉਂਦੀ ਗਿਆਨੀ ਦੀ। ਸਾਰੀ ਉਮਰ ਪਾਠਾਂ 'ਤੇ

ਬਹਿ-ਬਹਿ ਉਹਦੇ ਗੋਡੇ ਤਾਂ ਖੜ੍ਹ ਗਏ ਪਰ ਘਰ ਨਹੀਂ ਚੱਜ ਨਾਲ ਚਲਿਆ। ਤੁਸੀਂ ਦੱਸੋ ਕਿਵੇਂ ਕਰਾ ਲੈਂਦਾ ਗਿਆਨੀ ਇਲਾਜ ?...ਉਹਨੇ ਤਾਂ ਅਖੀਰੀ ਮਰਨਾ ਈ ਸੀ। ਪਿਛਲੇ ਵਰ੍ਹੇ ਦੋਧੀਆਂ ਦਾ ਵੱਡਾ ਮੁੰਡਾ ਨਹੀਂ ਸੀ ਮਰਿਆ ਇਸੇ ਰੋਗ ਨਾਲ ?...ਅਜੇ ਤਾਂ ਖ਼ਬਰੇ ਕੀਹਦੇ ਅੰਦਰੋਂ ਕੀ-ਕੀ ਨਿਲਕਣਾ। ਇਹ ਨਵਾਂ ਪੰਜਾਬ ਏ ਜਨਾਬ ਜਿੱਥੇ ਖੇਤਾਂ ਵਿਚ ਫਸਲਾਂ ਨਹੀਂ ਜ਼ਹਿਰ ਉਗਦਾ। ਮੈਂ ਜਦੋਂ ਇਹ ਗੱਲਾਂ ਸੋਚਦਾ। ਫਿਰ ਮੈਨੂੰ ਲੱਗਦਾ। ਪਿੰਡ ਦੀ ਨਹੀਂ ਸਗੋਂ ਮੈਨੂੰ ਪੂਰੇ ਪੰਜਾਬ ਦੀ ਕਵਿਤਾ ਲਿਖਣੀ ਚਾਹੀਦੀ। ਇਕ ਬੰਦੇ ਨੂੰ ਬਿਮਾਰੀ ਖਾਂਦੀ ਏ ਦੂਜਾ ਹਸਪਤਾਲ।

"ਖਾ ਤਾਂ ਬੰਦੇ ਨੂੰ ਚਿੰਤਾ ਵੀ ਜਾਂਦੀ ਬੱਲਿਆ ! ਬਾਣੀ ਵੀ ਦੱਸਦੀ ਚਿੰਤਾ, ਚਿਤਾ ਸਮਾਨ ਹੁੰਦੀ। ਅੰਦਰੋਂ ਅੰਦਰੀ ਧੁਖਣਾ ਕੋਈ ਮਾਮੂਲੀ ਗੱਲ ਨਈ ਹੁੰਦੀ।" ਹੱਟੀ ਵਾਲਾ ਚਾਚਾ ਆਪਣਾ ਦੁੱਖ ਦੱਸਣ ਲੱਗਦਾ। ਮੈਂ ਜਾਣਦਾ ਸਾਂ ਉਹਦੇ ਅੰਦਰ ਕੀ ਸੁਲ਼ਘਦਾ ਪਿਆ।

"ਚਾਚਾ ਗਰਮੀ ਬਹੁਤ ਏ। ਕੇਰਾਂ ਖੜ੍ਹ ਤੂੰ। ਨਿਬੂੰ ਪਾਣੀ ਲਿਆਉਂਦਾ ਮੈਂ ਬਣਾ ਕੇ।" ਮੈਂ ਘਰ ਆ ਕੇ ਸਾਡੇ ਦੋਹਾਂ ਜੋਗਾ ਨਿੰਬੂ ਪਾਣੀ ਬਣਾ ਕੇ ਲਿਜਾਂਦਾ। ਸੋਚਦਾ-ਠੰਡਾ ਪਾਣੀ ਚਾਚੇ ਦੇ ਤਪਦੇ ਹਿਰਦੇ ਨੂੰ ਵੀ ਠਾਰ ਦੇਊ। ਪਰ ਮੈਂ ਇਹ ਵੀ ਤਾਂ ਜਾਣਦਾ ਸੀ। ਚਾਚੇ ਦੇ ਅੰਦਰ ਦੀ ਤਪਸ਼ ਇਉਂ ਮਿਟਣ ਵਾਲ਼ੀ ਨਹੀਂ। ਚਾਚੇ ਨੂੰ ਤਪਸ਼ ਉਹਦੇ ਆਪਣੇ ਪੁੱਤ ਨੇ ਲਾਈ ਸੀ। ਚਾਚੀ ਤੇ ਉਹਦਾ ਨੂੰਹ ਪੁੱਤ ਸਾਰੇ ਸ਼ਹਿਰ ਰਹਿੰਦੇ। ਚਾਚਾ ਪਿੰਡ ਬੈਠਾ ਇਕੱਲਾ ਹੱਟੀ ਕਰਦਾ। ਸਵੇਰੇ ਸ਼ਹਿਰ ਜਾਂਦਾ। ਰੋਟੀ ਖਾਂਦਾ ਤੇ ਰਾਤ ਜੋਗੀ ਪੱਲੇ ਬੰਨ੍ਹ ਲਿਆਉਂਦਾ।

"ਚਾਚਾ ਜਦ ਪਿੰਡ ਰਹਿਣਾ ਈ ਨਹੀਂ ਤਾਂ ਵੇਚ ਦੇ ਘਰ। ਤੂੰ ਵੀ ਚਲਾ ਜਾ ਸ਼ਹਿਰ। ਇੰਨੇ ਪੈਸੇ ਉਥੇ ਰਹਿਣ ਨੂੰ ਈ ਲਾਏ। ਹੱਟੀ ਦਾ ਛੱਡ ਖਹਿੜਾ।" ਮੈਂ ਉਸਦੀਆਂ ਉਦਾਸ ਅੱਖਾਂ ਵਿਚ ਝਾਕਦਾ। ਖਾਲ਼ੀ ਘਰ ਦੇਖ ਕੇ ਮੈਨੂੰ ਸੈਣੀਆਂ ਦਾ ਬੁੜਾ ਯਾਦ ਆ ਜਾਂਦਾ। ਕੰਧ ਉਹਲੇ ਵੀ ਪ੍ਰਦੇਸ ਹੁੰਦਾ। ਮੈਂ ਮਨ ਵਿਚ ਸੋਚਦਾ। ਚਾਚੇ ਦੇ ਭਾਅ ਦਾ ਤਾਂ ਬਾਕੀ ਟੱਬਰ ਵਲੈਤ ਈ ਬੈਠਾ ਸੀ ਜਿੱਦਾਂ।

"ਬੱਲਿਆ ! ਮੇਰਾ ਕਿਹੜਾ ਚਿੱਤ ਨਹੀਂ ਕਰਦਾ। ਪਰ ਢਿੱਡ ਲਾਹ ਕੇ ਤਾਂ ਰੱਖ ਨ੍ਹੀ ਦੇਣਾ। ਐਸੇ ਹੱਟੀ ਸਿਰੋਂ ਤਾਂ ਘਰ ਚੱਲਦਾ। ਉਹ ਦੋਵੇਂ ਜੀ ਕਿਤੇ ਪੱਕੀਆਂ ਨੌਕਰੀਆਂ ਲੱਗ ਜਾਣ ਤਾਂ ਮੈਂ ਵੀ ਖਹਿੜਾ ਛੱਡ ਦਿਆਂ। ਮੈਂ ਜ਼ਰੂਰ ਠੰਡੀਆਂ ਰੋਟੀਆਂ-ਰੋਟੀਆਂ ਖਾਣੀਆਂ।"

ਮੇਰੇ ਮਨ ਵਿਚ ਕਈ ਸਵਾਲ ਉਠਣ ਲੱਗੇ। ਪਰ ਜਾਣਦਾ ਸਾਂ। ਇਹਨਾਂ ਸਵਾਲਾਂ ਨੇ ਚਾਚੇ ਨੂੰ ਦੁੱਖ ਦੇਣਾ। ਇਸ ਲਈ ਮੈਂ ਚੁੱਪ ਰਿਹਾ। ਪਰ ਮੈਂ ਮਨ ਵਿਚ ਸੋਚਿਆ ਚਾਚੇ ਦੀ ਉਦਾਸੀ ਨੂੰ ਕਵਿਤਾ ਵਿਚ ਬਿਆਨ ਜ਼ਰੂਰ ਕਰਨਾ। ਮੈਂ ਆਪਣੀ ਡਾਇਰੀ ਵਿਚ ਨੋਟ ਕਰ ਲਿਆ। ਉਸ ਤੋਂ ਅਗਲੇ ਸਫ਼ੇ 'ਤੇ ਅਮਨ ਦੀ ਜਨਮ ਤਰੀਕ ਨੋਟ ਸੀ। ਭੁੱਲ ਜਾਣ ਦੇ ਡਰੋਂ ਮੈਂ ਖਾਸ-ਖਾਸ ਤਰੀਕਾ ਨੋਟ ਕਰਕੇ ਰੱਖਦਾ। ਜਨਮ ਤਰੀਕ ਦੇਖ ਕੇ ਮੈਨੂੰ ਕਈ ਕੁਝ ਯਾਦ ਆ ਗਿਆ। ਅਸੀਂ ਦੋਵੇਂ ਇਕ ਦੂਜੇ ਦਾ ਜਨਮ ਦਿਨ ਮਨਾਉਂਦੇ ਹੁੰਦੇ ਸਾਂ। ਅਮਨ ਨੇ ਮੇਰੇ ਕੋਲੋ ਵਾਅਦਾ ਲਿਆ ਸੀ ਕਿ ਅਸੀਂ ਆਪਣੇ ਜਨਮ ਦਿਨ ਵਾਲੇ ਦਿਨ ਰੁੱਖ ਲਗਾਇਆ ਕਰਾਂਗੇ। ਚਾਰ ਸਾਲ ਅਸੀਂ ਰੁੱਖ ਲਗਾਉਂਦੇ ਰਹੇ। ਫਿਰ ਜਦੋਂ ਅਮਨ ਦਾ ਤੇ ਮੇਰਾ ਰਿਸ਼ਤਾ ਨਾ ਰਿਹਾ।

ਉਸ ਸਾਲ ਮੈਂ ਇੱਕ ਵੀ ਰੁੱਖ ਨਾ ਲਗਾਇਆ। ਪਰ ਫਤਾਹਪੁਰੀਆਂ ਨਾਲ ਰਿਸ਼ਤਾ ਟੁੱਟਣ ਤੋਂ ਮਗਰੋਂ ਉਸੇ ਸਾਲ ਮੈਂ ਆਪਣੇ ਤੇ ਅਮਨ ਦੇ ਨਾਮ ਦੇ ਬੂਟੇ ਲਗਾਏ। ਉਹ ਸ਼ਿਵ ਦੀ ਕਵਿਤਾ ਗਾਇਆ ਕਰਦੀ ਸੀ– 'ਕੁਝ ਰੁੱਖ ਮੇਰਾ ਜੀਅ ਕਰਦਾ ਏ ਚੁੰਮਾਂ ਤੇ ਮਰ ਜਾਵਾਂ' ਮੈਂ ਕਵਿਤਾ ਦੀਆਂ ਸਤਰਾਂ ਬਦਲ ਦਿੰਦਾ। ਆਖਦਾ–'ਚੁੰਮਾਂ ਤੇ ਰੁੱਖਾਂ ਵਾਂਗੂ ਸਦਾ ਲਈ ਕਾਇਮ ਰਹਾਂ ਇਸ ਰਿਸ਼ਤੇ ਵਿਚ।' ਅਮਨ ਨੂੰ ਯਾਦ ਕਰਦਿਆਂ ਮੈਨੂੰ ਉਸਦਾ ਰੁੱਖਾਂ ਪ੍ਰਤੀ ਮੋਹ ਯਾਦ ਆ ਜਾਂਦਾ। ਮੇਰਾ ਮਨ ਕਰਦਾ। ਇੱਕ ਕਵਿਤਾ ਰੁੱਖਾਂ ਬਾਰੇ ਵੀ ਲਿਖਾਂ। ਰੁੱਖਾਂ ਤੇ ਕੁਦਰਤ ਬਾਰੇ। ਕੁਦਰਤ ਤਾਂ ਅਧਾਰ ਹੈ ਸਾਡੀ ਜ਼ਿੰਦਗੀ ਦਾ। ਅਮਨ ਆਖਿਆ ਕਰਦੀ ਸੀ। ਵਿਆਹ ਤੋਂ ਬਾਅਦ ਆਪਾਂ ਸੰਸਥਾ ਬਣਾਵਾਂਗੇ। ਰੁੱਖਾਂ ਤੇ ਪਾਣੀਆਂ ਦੀ ਸੰਭਾਲ ਲਈ ਯਤਨ ਕਰਾਂਗੇ। ਦੋਨਾਂ ਬਿਨਾਂ ਹੀ ਜ਼ਿੰਦਗੀ ਕਲਪੀ ਨਹੀਂ ਜਾ ਸਕਦੀ।

"ਪਾਣੀ ਪਹਿਲਾਂ ਅਧਾਰ ਹੁੰਦਾ ਸੀ ਜ਼ਿੰਦਗੀ ਦਾ। ਹੁਣ ਤਾਂ ਛੱਤੀ ਪ੍ਰਕਾਰ ਦੇ ਰੋਗ ਲਾਉਂਦਾ। ਕਮਾਲ ਦੇਖਲੋ ਬੰਦੇ ਦਾ ਧਰਤੀ ਦੇ ਐਨ ਹੇਠਾਂ ਵੀ ਪਾਣੀ ਨੂੰ ਦੂਸ਼ਿਤ ਕਰ ਦਿੱਤਾ।" ਇਕ ਦਿਨ ਕੋਈ ਟੀ.ਵੀ. ਉੱਤੇ ਬੋਲ ਰਿਹਾ ਸੀ। ਮੈਂ ਝਾਤ ਮਾਰੀ। ਪਿੰਡ ਦਾ ਪਾਣੀ ਸੱਚੀਂ ਪੀਣ ਲਾਇਕ ਨਹੀਂ ਸੀ ਰਿਹਾ। ਮੈਨੂੰ ਅਮਨ ਦਾ ਫਿਕਰ ਜਾਇਜ਼ ਲੱਗਿਆ ਸੀ। ਪਾਣੀ ਬਚਾਉਣਾ ਬੇਹੱਦ ਲਾਜ਼ਮੀ ਸੀ। ਮੈਂ ਸਰਪੰਚ ਵੱਲ ਚਲਾ ਗਿਆ। ਪੀਣ ਵਾਲੇ ਪਾਣੀ ਦੀ ਟੈਂਕੀ ਦੀ ਸਫ਼ਾਈ ਕਰਵਾਉਣ ਦੀ ਖ਼ਾਤਰ। ਪਿੰਡ ਵਿਚ ਆਰ.ਓ. ਸਿਸਟਮ ਲਗਾਉਣ ਖ਼ਾਤਰ।

"ਉਹ ਤਾਂ ਬੰਦ ਹੋਈ ਨੂੰ ਛੇ ਮਹੀਨੇ ਹੋਗੇ ਭਤੀਜ! ਪੜੁੱਲ ਬਿੱਲ ਦਾ ਬੱਝਾ। ਲੋਕ ਬਿੱਲ ਭਰਦੇ ਨਹੀਂ। ਪਾਣੀ ਖੂਹ ਗੇੜ ਕੇ ਦਈਏ। ਤੂੰ ਆਰ.ਓ ਭਾਲਦਾਂ।" ਸਰਪੰਚ ਦੀਆਂ ਰੁੱਖੀਆਂ ਜਿਹੀਆਂ ਗੱਲਾਂ ਸੁਣਕੇ ਮੈਂ ਪੈਰ ਮਲਦਾ ਘਰ ਮੁੜ ਆਇਆ। ਬਾਣੀ ਵਿਚ ਪਾਣੀ ਨੂੰ ਮਹਾਨ ਦੱਸਿਆ ਗਿਆ। ਪੁਰਾਣੇ ਲੋਕ ਦੁੱਧ ਵੇਚਣਾ ਪਾਪ ਮੰਨਦੇ ਸੀ, ਪਰ ਅੱਜ–ਕੱਲ੍ਹ ਤਾਂ ਪਾਣੀ ਵੀ ਮੁੱਲ ਵਿਕਣ ਲੱਗਿਆ। ਅੱਡੇ ਵਾਲੀ ਦੁਕਾਨ ਤੋਂ ਪਾਣੀ ਦੀਆਂ ਬੋਤਲਾਂ ਖ਼੍ਰੀਦੀ ਜਾਂਦਾ, ਰੌਣੀ ਕਾ ਸੀਰੀ ਮੇਰੇ ਨਜ਼ਰੀ ਪਿਆ।

"ਕੀ ਗੱਲ ਪਿੰਡ ਵਿਚ ਕਾਲ ਪੈ ਗਿਆ ਪਾਣੀ ਦਾ।"–ਮੈਂ ਉਹਨੂੰ ਟਿਚਰ ਕੀਤੀ। ਪਰ ਉਹ ਅੱਗਿਓਂ ਟਿੱਚਰ ਮੈਨੂੰ ਕਰ ਗਿਆ।

"ਬਈ ਲਿਖਾਰੀ ਸਾਬ ਕਾਲ ਈ ਸਮਝੋ। ਹੋਰ ਸਾਲ ਖੰਡ ਖੜ੍ਹ ਜਾ ਬੋਰ ਦੇ ਵਿਚ ਵੜ ਕੇ ਕੱਢਿਆ ਕਰਨਾ ਤੇਰੇ ਵਰਗਿਆਂ ਪਾਣੀ। ਲਿਖ ਦੇ ਕਵਿਤਾ ਪਾਣੀ 'ਤੇ।" ਸੀਰੀ ਅੱਖ ਦੱਬ ਕੇ ਤੁਰਦਾ ਬਣਿਆ।

"ਕਵਿਤਾ ਨਾਲ ਨਹੀਂ ਹੁੰਦਾ ਕੁਝ। ਬਥੇਰੀਆਂ ਲਿਖੀਆਂ ਪਹਿਲਾਂ।" ਮੈਂ ਨਿਰਾਸ਼ ਜਿਹਾ ਹੋਇਆ ਬੁੜਬੁੜਾਉਣ ਲੱਗਾ। ਮੇਰਾ ਸਿਰ ਫੱਟਣ ਲੱਗਾ। ਮੈਂ ਅੰਦਰ ਆ ਕੇ ਪੈ ਗਿਆ। ਫੋਨ 'ਤੇ ਟੀਂ–ਟੀਂ ਹੋਈ। ਵਟਸਐਪ 'ਤੇ ਕਿਸੇ ਕੋਈ ਵੀਡੀਓ ਭੇਜੀ ਸੀ। ਡਾਊਨਲੋਡ ਕਰਕੇ ਮੈਂ ਵੇਖਣ ਲੱਗਾ। ਬੱਚੇ ਦੀ ਮਾਂ ਬੱਚੇ ਨੂੰ ਡਾਂਟ ਰਹੀ ਹੁੰਦੀ।


**www.PunjabiLibrary.com**

"ਪਿਛਲੇ ਹਫਤੇ ਅਜੇ ਆਕਸੀਜਨ ਦਾ ਸਿਲ਼ੰਡਰ ਦਿੱਤਾ ਸੀ ਤੈਨੂੰ। ਏਨੀ ਜਲਦੀ ਕਿਵੇਂ ਮੁੱਕ ਗਈ ?"

"ਖੇਡਦਿਆਂ ਵੱਧ ਖਰਚ ਹੋਗੀ ਮੰਮਾ। ਕੁਝ ਮੇਰੇ ਦੋਸਤ ਨੇ ਉਧਾਰੀ ਲੈ ਲਈ।" ਬੱਚਾ ਨਵੇਂ ਸਿਲੰਡਰ ਲਈ ਤਰਲਾ ਲੈਂਦਾ। ਮੈਂ ਵੀਡੀਓ ਦੇਖ ਕੇ ਪ੍ਰੇਸ਼ਾਨ ਹੋ ਜਾਂਦਾ। ਕੀ ਪੁਛਦੇ ਹੋ ਐਸੇ ਦਿਨ ਵੀ ਆਉਣਗੇ ?...ਹਾਂ ਯਕੀਨਣ ਆਉਣਗੇ। ਜਦੋਂ ਪੀਣ ਨੂੰ ਸਾਫ ਪਾਣੀ, ਸਾਹ ਲੈਣ ਨੂੰ ਹਵਾ ਤੇ ਖਾਣ ਨੂੰ ਸ਼ੁੱਧ ਅਨਾਜ਼ ਨਹੀਂ ਲੱਭਿਆ ਕਰਨਾ। ਮੈਂ ਇਹ ਗੱੱਲਾਂ ਆਪਣੀ ਕਵਿਤਾ ਵਿਚ ਵੀ ਲ਼ਿਖਾਗਾਂ। ਮੋਬਾਈਲ ਪਾਸੇ ਰੱਖ ਕੇ ਮੈਂ ਮੁੜ ਆਪਣੀ ਕਵਿਤਾ ਬਾਰੇ ਸੋਚਣ ਲੱਗਾ। ਡਾਇਰੀ ਖੋਲੀ। ਕਵਿਤਾ ਦਾ ਸਿਰਲੇਖ ਸੀ- 'ਪਿੰਡ ਉਦਾਸ ਖੜਾ ਹੈ'! ਮਨ ਵਿਚ ਸੋਚਦਿਆਂ ਮੈਂ ਸਿਰਲੇਖ ਉਪਰ ਲੀਕ ਮਾਰ ਦਿੱਤੀ। ਪਿੰਡ ਦੀ ਥਾਂ ਪੰਜਾਬ ਲਿਖ ਦਿੱਤਾ। ਪਹਿਲਾਂ ਲਿਖੀਆਂ ਸਤਰਾਂ ਪੜ੍ਹਨੀਆਂ ਸ਼ੁਰੂ ਹੀ ਕੀਤੀਆਂ ਸਨ ਕਿ ਬੇਬੇ ਨੇ ਆ ਕੇ ਮੇਰੀ ਸੁਰਤੀ ਤੋੜ ਦਿੱਤੀ।

"ਅਸੀਮ ਵੇ ਤੇਰੀ ਮਾਸੀ ਨੇ ਆਉਣਾ। ਜਾ ਕੇ ਅੱਡੇ ਤੋਂ ਲੈ ਆ ਮੇਰਾ ਪੁੱਤ ਭੱਜਕੇ।"

"ਕਾਂ ਤਾਂ ਬੋਲਦਾ ਸਣਿਆ ਨ੍ਹੀ ਸਵੇਰ ਦਾ ਮਾਸੀ ਕਿੱਥੋਂ ਆ ਗਈ।" ਮੈਂ ਬੇਬੇ ਨੂੰ ਮਜ਼ਾਕ ਕੀਤਾ। ਫਿਰ ਖ਼ੁਦ ਹੀ ਇਸ ਗੱਲ ਦਾ ਜਵਾਬ ਖ਼ੁਦ ਨੂੰ ਦਿੱਤਾ।

"ਹੁਣ ਕਾਂ ਨਹੀਂ ਮੋਬਾਇਲ ਬੋਲਦਾ।"-ਮਾਸੀ ਦਾ ਵੀ ਫੋਨ ਆਇਆ ਹੋਣਾ। ਬੇਬੇ ਵੀ ਅੱਜ-ਕੱਲ੍ਹ ਸਭ ਕੁਝ ਸਿੱਖ ਗਈ। ਝੱਟ ਬਟਨ ਜਿਹਾ ਦੱਬ ਕੇ ਕੰਨ ਨੂੰ ਲਗਾ ਲੈਂਦੀ। ਮੈਂ ਮਨ ਹੀ ਮਨ ਮੁਸਕੁਰਾਉਂਦਾ। ਮੋਟਰ ਸਾਈਕਲ ਸਟਾਰਟ ਕਰਕੇ ਅੱਡੇ ਨੂੰ ਤੁਰ ਪਿਆ। ਅੱਡੇ ਵਾਲ਼ੀ ਟਾਹਲੀ ਹੇਠ ਖੜ੍ਹਕੇ ਮੈਂ ਮਾਸੀ ਦੀ ਬੱਸ ਉਡੀਕਣ ਲੱਗਾ। ਮੇਰਾ ਧਿਆਨ ਟਾਹਲੀ ਉਪਰ ਪਿਆ ਤਾਂ ਉੱਤੇ ਇੱਕ ਵੀ ਪੰਛੀ ਨਹੀਂ ਸੀ। ਮਾਸੀ ਦੀ ਬੱਸ ਆਈ ਤਾਂ ਮੈਂ ਮਾਸੀ ਨੂੰ ਬਿਠਾ ਕੇ ਘਰ ਲੈ ਆਇਆ। ਬੇਬੇ ਤੇ ਮਾਸੀ ਗੱਲਾਂ ਕਰਨ ਲੱਗੀਆਂ। ਮੈਂ ਮੁੜ ਜਾ ਕੇ ਕਵਿਤਾ ਵਾਲੀ ਡਾਇਰੀ ਖੋਲ ਲਈ। ਅਗਲੀਆਂ ਸਤਰਾਂ ਫੇਰ ਪੜ੍ਹਨ ਲੱਗਾ। ਇਸ ਤੋਂ ਪਹਿਲਾਂ ਕਿ ਅੱਗੇ ਕੁਝ ਲਿਖਦਾ। ਮੋਬਾਈਲ 'ਤੇ ਫੇਰ ਟੀਂ-ਟੀਂ ਹੋਣ ਲੱਗੀ। ਮੈਂ ਡਾਇਰੀ ਬੰਦ ਕਰ ਕੇ ਮੋਬਾਇਲ ਫੜ ਲਿਆ। ਮੁੜ ਕਈ ਦਿਨ ਹੋ ਗਏ ਕਵਿਤਾ ਦਾ ਧਿਆਨ ਹੀ ਨਾ ਆਇਆ। ਸੈਣੀਆਂ ਦਾ ਬੁੜਾ ਰਾਹ ਗਲੀ ਮਿਲਦਾ ਤਾਂ ਖਾਲ਼ੀ ਘਰਾਂ ਦੀ ਕਵਿਤਾ ਲਿਖਣ ਨੂੰ ਆਖਦਾ। ਸ਼ੀਰੀ ਮਿਲਦਾ ਤਾਂ ਉਹ ਆਪਣੇ ਬਾਪੂ ਲਈ ਕਵਿਤਾ ਲਿਖਣ ਲਈ ਆਖਦਾ। ਮੈਂ ਦੋਨਾਂ ਨੂੰ ਲਿਖਣ ਦਾ ਵਾਅਦਾ ਕਰਕੇ ਟਾਲ ਦਿੰਦਾ। ਕਈ ਦਿਨ ਹੋਗੇ ਮੈਂ ਕਵਿਤਾ ਬਾਰੇ ਸੋਚਿਆ ਵੀ ਨਹੀਂ। ਮੈਨੂੰ ਜੱਗੀ ਦੀ ਗੱਲ ਸੱਚੀ ਲੱਗਣ ਲੱਗ ਜਾਂਦੀ ਕਿ ਹੁਣ ਕੋਈ ਨਹੀਂ ਪੜਦਾ। ਤੁਸੀਂ ਦੱਸੋ ਜਦ ਕੋਈ ਪੜ੍ਹਦਾ ਹੀ ਨਹੀਂ ਤਾਂ ਮੈਂ ਕਵਿਤਾ ਕਿਸਦੇ ਲਈ ਲਿਖਾਂ ?...ਮੈਂ ਜੱਗੀ ਨੂੰ ਆਖਦਾ। ਆ ਆਪਾਂ ਪਿੰਡ 'ਚ ਰੁੱਖ ਲਗਾਈਏ। ਪੰਛੀ ਰੁੱਖਾਂ 'ਤੇ ਆਲ੍ਹਣੇ ਬਣਾਉਣਗੇ। ਆਲਾ-ਦੁਆਲਾ ਚਹਿਕ ਉਠੇਗਾ। ਮੈਨੂੰ ਪੰਛੀ ਬਹੁਤ ਚੰਗੇ ਲੱਗਦੇ ਨੇ। ਅਗਲੀ ਪੀੜ੍ਹੀ ਰੁੱਖਾਂ ਦੀ ਛਾਂ ਮਾਣੇਗੀ। ਕੋਈ ਬੇਸ਼ੱਕ ਕਵਿਤਾ ਨਾ ਪੜ੍ਹੇ। ਪਰ ਛਾਂ ਤਾਂ ਹਰ


www.PunjabiLibrary.com

ਇੱਕ ਨੂੰ ਚਾਹੀਦੀ। ਜਿਊਂਦਾ ਬੰਦਾ ਸਾਹ ਵੀ ਤਾਂ ਰੁੱਖਾਂ ਕਰਕੇ ਲੈਂਦਾ। ਆ ਬੰਦੇ ਨੂੰ ਬੁੱਤ ਹੋਣੋਂ ਬਚਾਈਏ। ਪਰ ਉਹ ਮੇਰੀ ਗੱਲ ਦਾ ਹੋਰ ਜਵਾਬ ਦੇਣ ਲੱਗ ਜਾਂਦਾ।

"ਕਮਲਿਆ! ਪੰਛੀ ਤਾਂ ਤੇਰੇ ਟਾਵਰਾਂ ਨੇ ਖਾ ਲੈ। ਰਹਿੰਦੀ ਕਸਰ ਰੇਹਾਂ-ਸਪਰੇਹਾਂ ਨੇ ਕੱਢ 'ਤੀ..ਉਤੋਂ ਅਬਾਦੀ ਇੰਨੀ ਵੱਧਦੀ ਜਾਂਦੀ ਦੇਸ਼ ਦੀ। ਥਾਂ ਰੁੱਖਾਂ ਨਾਲ ਈ ਭਰ 'ਤੀ ਤਾਂ ਲੋਕਾਂ ਰਹਿਣਾ ਕਿੱਥੇ? ਆਕਸੀਜਨ ਤਾਂ ਬੰਦਾ ਮੁੱਲ ਵੀ ਲੈ ਲਊ। ਜਾ ਕੇ ਤਾਂ ਵੇਖ ਅਗਲੇ ਅੱਡੇ ਵਾਲੀ ਟਾਹਲੀ ਵੱਢੀ ਜਾਂਦੇ। ਕਹਿੰਦੇ ਉਥੇ ਕਿਸੇ ਸ਼ਹੀਦ ਦਾ ਬੁੱਤ ਲੱਗਣਾ। ਤੂੰ ਬੰਦੇ ਨੂੰ ਬੁੱਤ ਹੋਣੋ ਬਚਾਉਣ ਦੀ ਗੱਲ ਕਰਦਾ।"

ਮੈਂ ਅੱਡੇ ਵੱਲ ਨੂੰ ਸ਼ੂਟ ਵੱਟ ਲਈ। ਮਜ਼ਦੂਰ ਟਾਹਲੀ ਦੀਆਂ ਜੜਾਂ ਕੋਲੇ ਟੋਆ ਪੁੱਟੀ ਜਾਂਦੇ ਸਨ। ਮੈਂ ਭੱਜ ਕੇ ਟਾਹਲੀ ਨੂੰ ਜੱਫੀ ਪਾ ਲਈ। ਮਜ਼ਦੂਰਾਂ ਦਾ ਕੰਮ ਰੁੱਕ ਗਿਆ। ਕਿਸੇ ਸਰਪੰਚ ਨੂੰ ਬੁਲਾ ਲਿਆ।

"ਯਾਰ ਸਰਕਾਰੀ ਕੰਮ ਏ ਤੂੰ ਵਿਚ ਲੱਤ ਫਸਾਉਣ ਨੂੰ ਕਿਧਰੋਂ ਆ ਗਿਆ?" ਸਰਪੰਚ ਕਲਪਣ ਲੱਗਾ।

"ਪਹਿਲਾਂ ਮੈਨੂੰ ਕੱਟੋ। ਮੈਂ ਫੇਰ ਟਾਹਲੀ ਕੱਟਣ ਦੇਣੀ।" ਮੈਂ ਟਾਹਲੀ ਨੂੰ ਛੱਡਿਆ ਨਾ। ਪੰਜ ਸੱਤ ਮਜ਼ਦੂਰਾਂ ਨੇ ਮੈਨੂੰ ਧੂਹ ਕੇ ਪਰ੍ਹਾਂ ਸੁੱਟ ਦਿੱਤਾ।

"ਜਾਹ ਜਾ ਕੇ ਕੋਈ ਆਵਦੀ ਕਵਿਤਾ-ਕੂਵਿਤਾ ਲਿਖ। ਚਿੱਟ ਕੱਪੜੀਆ ਜਿਹਾ।" ਸਰਪੰਚ ਨੇ ਹਸਦਿਆਂ ਆਖਿਆ। ਅੱਡੇ 'ਤੇ ਖੜ੍ਹੇ ਲੋਕ ਵੀ ਹੱਸਣ ਲੱਗੇ।

"ਮੈਂ ਹੁਣ ਰੁੱਖਾਂ 'ਤੇ ਕਵਿਤਾ ਲਿਖੂ।" ਮੈਂ ਕੱਪੜੇ ਝਾੜਦਾ। ਘਰ ਨੂੰ ਤੁਰ ਪਿਆ।

ਮੇਰੀ ਪਿੱਠ ਪਿੱਛੇ ਅਵਾਜ਼ਾਂ ਆ ਰਹੀਆਂ ਸਨ- "ਪਗਲ ਬੰਦਾ ਏ ਤਾਂ। ਇਹਦੀ ਕਿਹੜੀ ਗੱਲ ਏ। ਸ਼ਹੀਦ ਦਾ ਬੁੱਤ ਲੱਗਣਾ। ਨੇਕ ਕੰਮ ਰੋਕਣ ਨੂੰ ਆ ਗਿਆ। ਸਾਰਾ ਪਿੰਡ ਤਾਂ ਹੀ ਤਾਂ ਪਾਗਲ ਕਹਿੰਦਾ ਇਹਨੂੰ। ਦਾਰੂ ਪੀ ਕੇ ਲੋਕਾਂ ਦੀਆਂ ਕੰਧਾਂ ਉਤੇ ਕਵਿਤਾਵਾਂ ਲਿਖ ਆਉਂਦਾ ਰਾਤ ਨੂੰ। ਇਹ ਤਾਂ ਕਰੈੱਕ ਏ ਯਾਰ।"

ਮੈਂ ਪਿੱਛੇ ਮੁੜ ਕੇ ਦੇਖਿਆ। ਭੀੜ ਹੱਸ ਰਹੀ ਸੀ। ਪਰ ਸਾਹਮਣੇ ਦਿਸਦਾ ਪਿੰਡ ਉਦਾਸ ਖੜ੍ਹਾ ਸੀ।

**-ਹੁਣ**


www.PunjabiLibrary.com

# ਮੇਲਾ

ਅੱਜ ਬੁੱਢਾ ਨਹੀਂ ਆਇਆ।

ਸ਼ੁਕਰ ਹੈ ਮਜ਼ਾਰ ਵਾਲੇ ਪੀਰ ਦਾ। ਨਹੀਂ ਤਾਂ ਉਹਨੇ ਚੀਕ ਉੱਠਣਾ ਸੀ।

"ਉਏ, ਸੂਰ ਦਿਆ ਪੁੱਤਰਾ! ਧਿਆਨ ਕਿੱਥੇ ਹੈ ਤੇਰਾ?"

ਉਹ ਹਮੇਸ਼ਾ ਇੰਝ ਹੀ ਬੋਲਦਾ।

ਮੇਰਾ ਧਿਆਨ ਅੱਜ ਵਾਰ-ਵਾਰ ਮਜ਼ਾਰ ਵੱਲ ਜਾ ਰਿਹਾ। ਮਜ਼ਾਰ ਨੂੰ ਸਜਾਇਆ ਜਾ ਰਿਹਾ। ਦੋ ਬੰਦੇ ਮਜ਼ਾਰ ਨੂੰ ਰੰਗ-ਬਰੰਗੀਆਂ ਲਾਇਟਾਂ ਲਗਾ ਰਹੇ ਨੇ। ਨਵਾਂ ਰੰਗ ਵੀ ਕੀਤਾ ਗਿਆ ਹੈ।

ਸਾਹਮਣੀ ਦੁਕਾਨ 'ਤੇ ਜਾਣ ਦੇ ਬਹਾਨੇ, ਮੈਂ ਮਜ਼ਾਰ ਦੇ ਅੰਦਰ ਵੀ ਝਾਤੀ ਮਾਰ ਆਇਆਂ। ਅੰਦਰੋਂ ਵੀ ਸਾਰਾ ਕੁੱਝ ਨਵਾਂ-ਨਕੋਰ ਲੱਗ ਰਿਹਾ।

ਪਰਸੋਂ ਮਜ਼ਾਰ 'ਤੇ ਮੇਲਾ ਹੈ।

ਭਾਪਾ ਆਖਦਾ ਸੀ, ਆਪਾਂ ਦੋਨੋਂ ਮੇਲਾ ਵੇਖਣ ਚੱਲਾਂਗੇ ਪਰ ਮੈਨੂੰ ਪਤਾ ਬੁੱਢੇ ਨੇ ਛੁੱਟੀ ਨਹੀਂ ਕਰਨ ਦੇਣੀ। ਮੈਂ ਭਾਪੇ ਨੂੰ ਕਹਾਂਗਾ ਉਹੀ ਆ ਕੇ ਛੁੱਟੀ ਮੰਗੇ।

ਮੈਂ ਰੋਜ਼ ਮਜ਼ਾਰ ਵਾਲੇ ਪੀਰ ਨੂੰ ਅਰਦਾਸ ਕਰਦਾ ਸਾਂ-

"ਹੇ ਸੱਚੇ ਪਾਤਸ਼ਾਹ! ਇਹ ਬੁੱਢਾ ਮਰ ਜਾਏ।"

ਇੱਕ ਦਿਨ ਮੈਂ ਇਹੀ ਗੱਲ ਆਪਣੀ ਬੀਬੀ ਨੂੰ ਦੱਸੀ। ਉਹਨੇ ਝਿੜਕਿਆ ਕਹਿਣ ਲੱਗੀ-

"ਵੇ ਲੱਲੂਆ! ਪੁੱਤ ਇੰਝ ਨਹੀਂ ਆਖੀ ਦਾ ਕਿਸੇ ਨੂੰ। ਤੂੰ ਕਿਹਾ ਕਰ ਹੇ ਸੱਚੇ ਪੀਰ ਸਾਡਾ ਘਰ ਰੁਪਈਆਂ ਨਾਲ ਭਰ ਦੇ।"

"ਪਰ ਬੀਬੀ! ਫੇਰ ਕੀ ਹੋ ਜਾਊ? ਬੁੱਢੇ ਨੇ ਤਾਂ ਫੇਰ ਵੀ ਗਾਲ੍ਹਾਂ ਦਿੰਦੇ ਰਹਿਣਾ।"

"ਵੇ ਸਿਧਰਿਆ! ਸੱਚਾ ਈ ਨਾਮ ਰੱਖਿਆ ਤੇਰਾ ਤਾਂ ਲੱਲੂ।"

ਮੈਨੂੰ ਬੀਬੀ ਦੀ ਗੱਲ ਸਮਝ ਨਹੀਂ ਸੀ ਆਈ।

ਮੈਂ ਬਹੁਤ ਕੁੱਝ ਹੋਰ ਵੀ ਪੁੱਛਣਾ ਚਾਹੁੰਦਾ ਸੀ। ਪਰ ਚੁੱਪ ਕਰ ਗਿਆ। ਡਰ ਗਿਆ ਸਾਂ। ਬੀਬੀ ਨੇ ਝਿੜਕ ਕੇ ਬਿਠਾ ਦੇਣਾ ਸੀ। ਉਹ ਤਾਂ ਪਹਿਲਾਂ ਹੀ ਆਖਦੀ ਹੈ-

"ਆਹ ਕਪੂਤ ਧਰਤੀ 'ਚੋਂ ਨਿਕਲਿਆ ਨਹੀਂ ਗੱਲਾਂ ਇਉਂ ਪੁੱਛਦਾ ਜਿਵੇਂ ਬਾਪੂ ਹੁੰਦਾ।"

ਬੀਬੀ ਮੇਰੀ ਬਹੁਤੇ ਸਵਾਲ ਪੁੱਛਣ ਦੀ ਆਦਤ ਤੋਂ ਤੰਗ ਆ ਜਾਂਦੀ ਹੈ।

ਪਰ ਮੈਂ ਕਿਸ ਨੂੰ ਪੁੱਛਾਂ?

ਇਕ ਦਿਨ ਮੇਰਾ ਬਹੁਤ ਦਿਲ ਕੀਤਾ। ਬੁੱਢਾ ਸਾਰਾ ਦਿਨ ਖੀਸਿਆਂ 'ਚ ਪੈਸੇ ਪਾਉਂਦਾ ਰਹਿੰਦਾ।

ਉਹਨੂੰ ਪੁੱਛਾਂ ਬਈ ਉਹ ਇੰਨੇ ਪੈਸਿਆਂ ਦਾ ਕੀ ਕਰਦਾ ਹੈ ਪਰ ਉਸਦੀਆਂ ਗਾਲਾਂ ਤੋਂ ਡਰਦਿਆਂ ਚੁੱਪ ਰਿਹਾ। ਫਿਰ ਤਕਾਲੀਂ ਪਈ ਜਦੋਂ ਮਜ਼ਾਰ ਦੀਆਂ ਬੱਤੀਆਂ ਜਗੀਆਂ ਮੈਂ ਪੀਰ ਅੱਗੇ ਉਹੀ ਅਰਦਾਸ ਕੀਤੀ, ਜਿਹੜੀ ਮੇਰੀ ਬੀਬੀ ਨੇ ਦੱਸੀ ਸੀ। ਪਰਸੋਂ ਉਸੇ ਪੀਰ ਦਾ ਮੇਲਾ ਹੈ।

ਕਾਲੂ ਆਖਦਾ ਸੀ ਜਲੰਧਰ ਤੋਂ ਗਾਉਣ ਵਾਲੀ ਆਉਣੀ ਏ। ਮੇਰਾ ਬਹੁਤ ਦਿਲ ਕਰਦਾ ਗਾਉਣ ਵਾਲੀ ਦੇਖਣ ਨੂੰ। ਮੈਂ ਭਾਗੀ ਨੂੰ ਵੀ ਦੱਸਿਆ ਸੀ। ਪਰ ਉਹ ਤਾਂ ਸਕੂਲ ਜਾਂਦਾ। ਕਹਿੰਦਾ ਮੇਰੀ ਮੰਮੀ ਛੁੱਟੀ ਨਹੀਂ ਕਰਨ ਦਿੰਦੀ ।

ਬਹੁਤ ਚੰਦਰੀ ਹੈ ਉਸਦੀ ਮੰਮੀ।

ਇੱਕ ਦਿਨ ਮੈਂ ਉਹਨਾਂ ਦੇ ਘਰ ਗਿਆ। ਭਾਗੀ ਨਾਲ ਬੈਠ ਕੇ ਉਸਦਾ ਬਸਤਾ ਵੇਖਣ ਲੱਗਿਆ ਉਤੋਂ ਉਹਦੀ ਮੰਮੀ ਆ ਗਈ ਉਹਨੇ ਮੈਨੂੰ ਝਿੜਕ ਕੇ ਭਜਾ ਦਿੱਤਾ।

ਮੈਂ ਬਾਹਰ ਆ ਕੇ ਪੰਜ-ਛੇ ਗੰਦੀਆਂ ਗਾਹਲਾਂ ਕੱਢੀਆਂ।

ਮੇਰਾ ਸਕੂਲ ਜਾਣ ਨੂੰ ਬੜਾ ਦਿਲ ਕਰਦਾ। ਮੈਂ ਆਪਣੀ ਬੀਬੀ ਨੂੰ ਵੀ ਆਖਿਆ ਸੀ।

"ਤੇਰਾ ਪਿਉ ਆਉਂਦਾ ਤਾਂ ਪੁੱਛ ਲਈਂ ਉਹਨੂੰ।"

ਮੈਂ ਭਾਪੇ ਦੇ ਕੰਮ ਤੋਂ ਮੁੜਨ ਦੀ ਉਡੀਕ ਕਰਨ ਲੱਗਾ। ਫਿਰ ਮੇਰੇ ਮਨ ਵਿੱਚ ਕਈ ਗੱਲਾਂ ਆਉਣ ਲੱਗੀਆਂ। ਮੈਂ ਬੀਬੀ ਕੋਲ ਜਾ ਬੈਠਾ।

"ਬੀਬੀ ਪੜ੍ਹਕੇ ਕੀ ਹੁੰਦਾ ?"

"ਪੜ੍ਹਕੇ ਬੰਦਾ ਵੱਡਾ ਬੰਦਾ ਬਣ ਜਾਂਦਾ।" ਉਹਨੇ ਬੇਧਿਆਨੀ ਨਾਲ ਜਵਾਬ ਦਿੱਤਾ।

"ਬੰਦੇ ਤਾਂ ਸਾਰੇ ਹੀ ਵੱਡੇ ਹੁੰਦੇ ਨੇ। ਭਾਪਾ ਵੀ ਤਾਂ ਵੱਡਾ ਈ ਆਂ।" ਮੈਂ ਹੋਰ ਸਵਾਲ ਪੁੱਛ ਲਿਆ।

"ਝਾਟਾ ਤੇਰੀ ਮਾਂ ਦਾ। ਦਿਮਾਗ਼ ਖਾਈ ਜਾਂਦੈ। ਜਾ ਕੇ ਭੈਣ ਨਾਲ ਗੱਡੀ ਵਾਲਿਆਂ ਦੇ ਘਰੋਂ ਗੋਹਾ ਲੈ ਕੇ ਆ।"

ਜਦੋਂ ਤੱਕ ਮੈਂ ਤੇ ਮੇਰੀ ਭੈਣ ਬਾਲਟਾ ਚੁੱਕ ਕੇ ਘਰੋਂ ਬਾਹਰ ਨਾ ਹੋ ਗਏ ਬੀਬੀ ਬੋਲਦੀ ਰਹੀ। ਮੈਨੂੰ ਸਮਝ ਨਹੀਂ ਸੀ ਆਈ ਕਿ ਬੀਬੀ ਨੂੰ ਗੁੱਸਾ ਮੇਰੇ 'ਤੇ ਸੀ ਜਾਂ ਭਾਪੇ 'ਤੇ।

****

ਮੈਂ ਇੱਕ ਦਮ ਤ੍ਰਭਕਿਆ।

ਵੇਦ ਮੁਨੀ ਕਿਸੇ 'ਤੇ ਖਿਝਿਆ ਲੱਗਦਾ। ਜਿਸ ਦਿਨ ਬੁੱਢਾ ਨਹੀਂ ਆਉਂਦਾ। ਉਸ ਦਿਨ ਵੇਦ ਮੁਨੀ ਸਭ ਦਾ ਬਾਪ ਬਣ ਬੈਠਦਾ। ਮੈਨੂੰ ਇਹ ਧਰਮੇ ਠੇਕੇਦਾਰ ਵਰਗਾ ਲੱਗਦਾ, ਜਿਸਦੀ ਗੱਲ ਭਾਪਾ ਘਰੇ ਕਰਿਆ ਕਰਦਾ ਸੀ।


www.PunjabiLibrary.com

"ਧਰਮਾਂ ਤਾਂ ਦਸ ਮਿੰਟ ਦਾ ਵੀ ਹਿਸਾਬ ਕਰਦਾ। ਬੰਦਾ ਕਿਤੇ ਮੂਤਣ ਗਿਆ ਵੀ ਦੋ ਮਿੰਟ ਵੱਧ ਲਗਾ ਆਏ ਨਾ ਪਿੱਛੇ ਦੇਖਣ ਆ ਜਾਂਦਾ ਅਗਲੇ ਦੇ।" ਭਾਪਾ ਬਹੁਤ ਖਿਝਦਾ ਹੁੰਦਾ ਸੀ।

"ਮੈਂ ਤਾਂ ਕੋਈ ਹੋਰ ਧੰਦਾ ਕਰ ਲੈਣਾ।"

ਪਰ ਹੋਰ ਧੰਦਾ ਕਰਨ ਦੀ ਵਾਰੀ ਹੀ ਨਾ ਆਈ।

ਦੂਜੀ ਮੰਜ਼ਿਲ ਤੋਂ ਡਿੱਗ ਕੇ ਭਾਪੇ ਦੀ ਲੱਤ ਟੁੱਟ ਗਈ। ਕਈ ਮਹੀਨੇ ਭਾਪਾ ਮੰਜੇ 'ਤੇ ਪਿਆ ਰਿਹਾ। ਜਦੋਂ ਠੀਕ ਹੋ ਕੇ ਉਹ ਧਰਮੇ ਠੇਕੇਦਾਰ ਕੋਲ ਗਿਆ ਉਹਨੇ ਸਿਰ ਫੇਰ ਦਿੱਤਾ।

ਭਾਪਾ ਲੰਗ ਮਾਰਦਾ ਹੁਕਮੇ ਦੀ ਹੱਟੀ 'ਤੇ ਜਾ ਬੈਠਦਾ ਤੇ ਸਾਰਾ-ਸਾਰਾ ਦਿਨ ਬੀੜੀਆਂ ਫੂਕਦਾ ਰਹਿੰਦਾ।

ਬੀਬੀ ਆਂਢੋ-ਗੁਆਂਢੋ ਉਧਾਰ ਲਿਆ ਕੇ ਡੰਗ ਸਾਰਦੀ। ਕੁੱਝ ਕਹਿੰਦੀ ਤਾਂ ਭਾਪਾ ਅੱਗਿਓਂ ਟੁੱਟ ਕੇ ਪੈ ਜਾਂਦਾ।

"ਹੈਨੀ ਮੈਂ ਹੁਣ ਕਾਸੇ ਜੋਗਾ। ਬੱਸ! ਕੀ ਕਰਾਂ? ਡਿਪਟੀ ਲੱਗ ਜਾਵਾਂ ਕਿਤੇ। ਉਹਦੇ ਖਾਨਾਬਦੋਸ਼ ਦੇ ਕੰਮ ਤੋਂ ਡਿੱਗ ਕੇ ਲੱਤ ਟੁੱਟੀ ਸੀ। ਸੋਚਿਆ ਸੀ ਕੋਈ ਮਾੜਾ ਮੋਟਾ ਕੰਮ ਦੇ ਦਊ।"

ਮੈਨੂੰ ਧਰਮਾਂ ਠੇਕੇਦਾਰ ਹੋਰ ਭੈੜਾ ਲੱਗਣ ਲੱਗ ਜਾਂਦਾ।

ਫਿਰ ਇੱਕ ਦਿਨ ਮੈਂ ਬੱਸ ਵਾਲੇ ਭਿੰਦੇ ਨੂੰ ਸਾਡੇ ਘਰੋਂ ਨਿਕਲਦਿਆਂ ਦੇਖਿਆ। ਮੈਨੂੰ ਉਹ ਵੀ ਬੜਾ ਭੈੜਾ ਲੱਗਦਾ।

ਮੈਂ ਬੀਬੀ ਨੂੰ ਪੁੱਛਿਆ-

"ਭਿੰਦਾ ਕਿੱਧਰ ਆਇਆ ਸੀ ਬੀਬੀ।"

"ਨਾ ਤੂੰ ਕੀ ਅਰਜ਼ੀ ਲਿਖਣੀ ਆ ਪੁੱਛਕੇ।" ਬੀਬੀ ਮੈਨੂੰ ਭੱਜ ਕੇ ਪੈ ਗਈ।

"ਬੜਾ ਕੰਜ਼ਰ ਏ ਇਹ। ਸਾਨੂੰ ਜਾਮਣਾਂ ਨਹੀਂ ਤੋੜਣ ਦਿੰਦਾ ਹੁੰਦਾ ਆਪਣੀ ਹਵੇਲੀ 'ਚੋਂ।"

"ਲੋਲੋ ਵੇਖ ਕਿੱਦਾਂ ਚਲਦੀ ਆ, ਲੈ ਫੜ ਚੀਜ਼ੀ ਲੈ ਆ।"

ਬੀਬੀ ਨੇ ਮੈਨੂੰ ਰੁਪਈਆ ਫੜਾਇਆ। ਚੀਜ਼ੀ ਦੇ ਚਾਅ 'ਚ ਮੈਨੂੰ ਭਿੰਦੇ ਵਾਲੀ ਗੱਲ ਭੁੱਲ ਗਈ। ਮੈਂ ਦੁੜੰਗੇ ਮਾਰਦਾ ਹੱਟੀ ਵੱਲ ਭੱਜ ਗਿਆ।

ਭਿੰਦਾ ਕਈ ਵਾਰ ਸਾਡੇ ਘਰ ਆਉਂਦਾ। ਉਹ ਜਦ ਵੀ ਸਾਡੇ ਘਰ ਆਉਂਦਾ ਬੀਬੀ ਮੈਨੂੰ ਤੇ ਮੇਰੀ ਭੈਣ ਨੂੰ ਚੀਜ਼ੀ ਲਈ ਪੈਸੇ ਦਿੰਦੀ।

ਮੈਂ ਸਾਰਾ ਦਿਨ ਗਲ਼ੀਆਂ ਕੱਛਦਾ ਰਹਿੰਦਾ। ਮੁੰਡਿਆਂ ਨਾਲ ਰਲ ਕੇ ਛੱਪੜ ਤੇ ਮੁਰਗਾਬੀਆਂ ਫੜਦਾ ਰਹਿੰਦਾ। ਬੀਬੀ ਸਾਰਾ ਦਿਨ ਹਾਕਾਂ ਮਾਰਦੀ ਰਹਿੰਦੀ। ਇੱਕ ਦਿਨ ਸ਼ਾਮੀ ਜਦ ਮੈਂ ਘਰ ਮੁੜਿਆ ਉਹਨੇ ਫੜ ਕੇ ਮੇਰੀ ਚੰਗੀ ਛਤਰੌਲ ਕੀਤੀ।

"ਲੂਰ-ਲੂਰ ਫਿਰਦਾ ਸਾਰਾ ਦਿਨ। ਘਰ ਦਾ ਤਾਂ ਕੋਈ ਫਿਕਰ ਨਹੀਂ। ਕੰਮ 'ਤੇ ਕੱਢ ਇਹਨੂੰ ਕਿਤੇ।"

ਭਾਪੇ ਨੇ ਬੁੱਢੇ ਨਾਲ ਗੱਲ ਕੀਤੀ ਤੇ ਮੈਨੂੰ ਇੱਥੇ ਛੱਡ ਗਿਆ। ਮੇਰੇ ਵਰਗੇ ਹੋਰ ਬਥੇਰੇ ਨੇ ਇੱਥੇ। ਕਾਲੂ, ਪੰਡਿਤ ਤੇ ਲਹਿਰੀ।

ਅਸੀਂ ਚਾਰੇ ਰਲਕੇ ਬੁੱਢੇ ਦੀਆਂ ਰੀਸਾਂ ਲਾਉਂਦੇ। ਸਾਡੇ ਸਾਰਿਆਂ 'ਚੋਂ ਲਹਿਰੀ ਵੱਡਾ। ਅਸੀਂ ਸਾਰੇ ਉਹਦੀ ਗੱਲ ਮੰਨਦੇ ਆਂ। ਉਹ ਸਾਨੂੰ ਸਿਆਣੀਆਂ-ਸਿਆਣੀਆਂ ਗੱਲਾਂ ਦੱਸਦਾ।

ਇੱਕ ਦਿਨ ਬੁੱਢੇ ਦੀ ਪੋਤੀ ਦਾ ਜਨਮ ਦਿਨ ਸੀ। ਉਹਨੇ ਸਾਨੂੰ ਕੇਕ ਖਵਾਇਆ। ਦੋ ਘੰਟੇ ਪਹਿਲਾਂ ਢਾਬਾ ਬੰਦ ਕਰ ਦਿੱਤਾ।

ਲਹਿਰੀ ਸਾਨੂੰ 'ਟੇਸ਼ਨ 'ਤੇ ਲੈ ਗਿਆ ਕਹਿੰਦਾ ਅੱਜ ਆਪਾਂ ਆਪਣੀਆਂ ਗੱਲਾਂ ਕਰਾਂਗੇ।

"ਤੂੰ ਦੱਸ ਬਈ ਕਾਲੂ ਤੂੰ ਕਿਵੇਂ ਫਸਿਆ ਇੱਥੇ ?" ਉਹ ਵਾਰੀ-ਵਾਰੀ ਸਾਰਿਆਂ ਨੂੰ ਪੁੱਛਣ ਲੱਗਾ।

"ਮੇਰੇ ਬਾਪੂ ਨੂੰ ਪੁਲਿਸ ਲੈ ਗਈ ਸੀ ਫੜ ਕੇ। ਉਨੇ ਮੇਰੀ ਮਾਂ ਨੂੰ ਮਾਰ ਦਿੱਤਾ ਸੀ।"

"ਕਿਉਂ ?" ਸਾਰੇ ਇੱਕੋ ਵਾਰ ਬੋਲੇ।

"ਪਤਾ ਨਹੀਂ ! ਮੇਰਾ ਚਾਚਾ ਮੈਨੂੰ ਇੱਥੇ ਛੱਡ ਗਿਆ।" ਕਾਲੂ ਦੀ ਕਹਾਣੀ ਮੁੱਕੀ ਤਾਂ ਪੰਡਿਤ ਦੀ ਸ਼ੁਰੂ ਹੋ ਗਈ।

"ਮੇਰਾ ਬਾਪ ਹੈਨੀ। ਮੇਰੀ ਮਾਂ ਨੇ ਦੂਜਾ ਵਿਆਹ ਕਰਵਾ ਲਿਆ। ਪਰ ਸਾਡਾ ਨਵਾਂ ਬਾਪ ਸਾਨੂੰ ਪਸੰਦ ਨਹੀਂ ਸੀ ਕਰਦਾ। ਅਸੀਂ ਦੋਨੋਂ ਭੈਣ-ਭਰਾ ਸਕੂਲ ਜਾਂਦੇ ਸਾਂ। ਉਹਨੇ ਸਾਨੂੰ ਪੜ੍ਹਨੋਂ ਹਟਾ ਲਿਆ......ਤੇ।"

ਪੰਡਿਤ ਚੁੱਪ ਕਰ ਗਿਆ। ਲਹਿਰੀ ਬੋਲਣ ਲੱਗਾ।

ਸਭ ਦੀ ਕਹਾਣੀ ਮਿਲਦੀ ਜੁਲਦੀ ਸੀ।

"ਦੇਖ ਲਓ ਬੁੜਾ ਪੋਤੀ ਦਾ ਜਨਮ ਦਿਨ ਮਨਾਉਂਦਾ। ਸਾਡਾ ਤਾਂ ਜੰਮਿਆਂ ਦਾ ਵਾਰ ਵੀ ਨਹੀਂ ਚੇਤੇ ਹੋਣਾ ਕਿਸੇ ਨੂੰ।"

ਲਹਿਰੀ ਨੇ ਸਾਰੀ ਕਹਾਣੀ ਦਾ ਸਿੱਟਾ ਕੱਢ ਦਿੱਤਾ।

ਉਹੀ ਲਹਿਰੀ ਸਾਹਮਣੇ ਬੈਠਾ ਮਟਰ ਕੱਢ ਰਿਹਾ। ਕਾਲੂ ਸਾਰਾ ਦਿਨ ਭਾਂਡੇ ਮਾਂਜਦਾ। ਪੰਡਿਤ ਸਾਰਾ ਦਿਨ ਰੋਟੀ ਫੜਾਉਂਦਾ।

ਸਭ ਦੀ ਇਹੀ ਕਹਾਣੀ ਸੀ।

ਮੈਨੂੰ ਮੇਰੀ ਦਾਦੀ ਦੀ ਕਹਾਣੀ ਯਾਦ ਆ ਜਾਂਦੀ। ਰਾਜ ਕੁਮਾਰ ਵਾਲੀ ਕਹਾਣੀ।

ਮੇਰੀ ਦਾਦੀ ਨੇ ਮੇਰਾ ਨਾਮ ਵੀ ਰਾਜ ਕੁਮਾਰ ਰੱਖਿਆ ਸੀ। ਰਾਜ ਕੁਮਾਰ ਸਭ ਨੂੰ ਭੁੱਲ ਗਿਆ, ਲੱਲੂ ਯਾਦ ਰਹਿ ਗਿਆ।

****

ਅੱਜ ਮੇਰਾ ਮਨ ਕੰਮ ਵਿੱਚ ਨਹੀਂ ਲੱਗ ਰਿਹਾ।

ਕਦੀ ਸੁਰਤ ਗੱਲਾਂ ਵੱਲ ਚਲੀ ਜਾਂਦੀ ਹੈ। ਕਦੇ ਮਜ਼ਾਰ ਵੱਲ। ਕੱਲ੍ਹ ਹਲਵਾਈਆਂ ਦੀਆਂ ਹੱਟੀਆਂ ਵੀ ਲੱਗਣਗੀਆਂ। ਮੈਨੂੰ ਜਲੇਬੀਆਂ ਬੜੀਆਂ ਚੰਗੀਆਂ ਲੱਗਦੀਆਂ ਨੇ। ਜਲੇਬੀਆਂ ਦੇ ਨਾਮ ਤੋਂ ਮੇਰੇ ਮੂੰਹ ਵਿੱਚ ਪਾਣੀ ਆ ਜਾਂਦਾ। ਕਾਲੂ ਜਲੇਬੀਆਂ ਵਾਲਾ ਇੱਕ ਗੀਤ ਵੀ ਗਾਉਂਦਾ ਹੁੰਦਾ।

"ਤੱਤੀਆਂ ਜਲੇਬੀਆਂ ਦਾ ਦੇ ਕੇ ਚਸਕਾ........।"

ਮੈਂ ਕਾਲੂ ਨਾਲ ਜ਼ਿੱਦ ਕੇ ਕੰਮ ਕਰਦਾ ਹੁੰਦਾ। ਉਹ ਪਹਿਲੇ ਭਾਂਡੇ ਮਾਂਜਦਾ ਨਹੀਂ ਜਦ ਨੂੰ ਮੈਂ ਹੋਰ ਉਹਦੇ ਅੱਗੇ ਲਿਜਾ ਧਰਦਾ। ਮੇਰਾ ਕੰਮ ਜੂਠੇ ਭਾਂਡੇ ਚੁੱਕਣਾ।

ਬੁੱਢੇ ਨੇ ਸਾਰਿਆ ਦੇ ਕੰਮ ਵੰਡੇ ਹੋਏ ਨੇ। ਗਾਹਕ ਭਾਂਡੇ ਵਿਹਲੇ ਕਰਦਾ, ਮੈਂ ਕਾਹਲ਼ੀ ਨਾਲ ਚੁੱਕ ਕੇ ਦੌੜਦਾ। ਇੱਕ ਦਿਨ ਮੈਂ ਕਾਹਲ਼ੀ-ਕਾਹਲ਼ੀ ਤੁਰਦਾ, ਕੁਰਸੀ ਵਿੱਚ ਜਾ ਵੱਜਿਆ। ਭਾਂਡੇ ਹੱਥੋਂ ਡਿੱਗ ਗਏ। ਕੱਚ ਦਾ ਗਿਲਾਸ ਟੁੱਟ ਗਿਆ। ਬੁੱਢੇ ਨੇ ਉਠ ਕੇ ਤਾੜ ਕਰਦੀ ਚਪੇੜ ਮੇਰੇ ਮੂੰਹ 'ਤੇ ਮਾਰੀ।

"ਸਾਲਾ ਕਤੀੜ ਵਾਧਾ। ਪੈਟਰੋਲ ਲੱਗਾ.....।"

ਮੈਂ ਸਾਰਾ ਦਿਨ ਸਿਰ ਸੁੱਟੀ ਚੁੱਪ-ਚਾਪ ਕੰਮ ਕਰਦਾ ਰਿਹਾ। ਅਗਲੇ ਦਿਨ ਮੈਂ ਢਾਬੇ 'ਤੇ ਆਉਣ ਤੋਂ ਨਾਂਹ ਕਰ ਦਿੱਤੀ। ਬੀਬੀ ਨੇ ਬਥੇਰਾ ਆਖਿਆ। ਘੂਰਿਆ ਵੀ ਪਰ ਮੈਂ ਨਹੀਂ ਮੰਨਿਆ।

ਆਖ਼ਿਰ ਭਾਪਾ ਚਪੇੜਾਂ ਮਾਰਦਾ, ਧੂਹ ਕੇ ਮੈਨੂੰ ਢਾਬੇ 'ਤੇ ਛੱਡ ਗਿਆ।

"ਜਿਹੜੀ ਰੋਕੜ ਲਈ ਹੈ ਅਗਲੇ ਤੋਂ ਉਹ ਤੇਰੀ ਮਾਂ ਨੇ ਮੋੜਨੀ।"

ਮਹੀਨਾ ਮੁੱਕਣ ਤੋਂ ਪਹਿਲਾਂ ਹੀ ਭਾਪਾ ਬੁੱਢੇ ਕੋਲੋਂ ਪੈਸੇ ਫੜ ਲਿਜਾਂਦਾ।

ਮੈਂ ਭਾਗੀ ਵੱਲ ਵੇਖਦਾ। ਉਹ ਰੰਗ-ਬਿਰੰਗੀਆਂ ਪੈਂਟਾਂ ਪਾਉਂਦਾ। ਜੋ ਮੰਗਦਾ ਉਹਦੀ ਮਾਂ ਉਹਨੂੰ ਲਿਆ ਕੇ ਦਿੰਦੀ।

ਮੈਂ ਪਾਟਾ ਪਜਾਮਾ ਪਾ ਕੇ ਢਾਬੇ 'ਤੇ ਜਾਂਦਾ।

"ਬੀਬੀਏ ਮੈਨੂੰ ਫੁੱਟਬਾਲ ਲੈ ਦੇ।"

ਮੈਂ ਛੇ ਮਹੀਨੇ ਮੰਗਦਾ ਰਿਹਾ ਪਰ ਬੀਬੀ ਦੀ ਪਹੁੰਚ ਨਾ ਪਈ। ਜਿੱਧਰ ਬੀਬੀ ਕੰਮ ਕਰਨ ਜਾਂਦੀ। ਇੱਕ ਦਿਨ ਉਸ ਮਾਸਟਰਨੀ ਨੇ ਆਪਣੇ ਮੁੰਡੇ ਦਾ ਪਾਟਾ ਜਿਹਾ ਫੁੱਟਬਾਲ ਬੀਬੀ ਨੂੰ ਦੇ ਦਿੱਤਾ। ਮੈਂ ਉਸੇ ਨਾਲ ਖੇਡਦਾ ਰਹਿੰਦਾ ਜਦੋਂ ਉਹ ਵੀ ਫਟ ਗਿਆ ਬੀਬੀ ਨੇ ਛਾਣ-ਬੂਰੇ ਵਾਲੇ ਨੂੰ ਫੜਾ ਦਿੱਤਾ।

"ਕੰਜਰਾ ਹੱਥ ਟੁੱਟੇ ਤੇਰੇ। ਆਟਾ ਬਾਹਰ ਖਿਲਾਰੀ ਜਾਂਦਾ।"

ਵੇਦ ਮੁਨੀ ਪੰਡਿਤ ਨੂੰ ਟੁੱਟ ਕੇ ਪਿਆ।

ਦੁਪਹਿਰ ਦੀ ਰੋਟੀ ਲਈ ਆਟਾ ਗੁੰਨਿਆ ਜਾਣਾ। ਇਸ ਵੇਲੇ ਬਹੁਤ ਲੋਕ ਰੋਟੀ ਖਾਣ ਆਉਂਦੇ।

ਦੁਪਿਹਰੇ ਤਾਂ ਸਭ ਦੀ ਰੇਲ ਬਣ ਜਾਂਦੀ।

ਰੋਟੀ ਤੋਂ ਤਾਂ ਸਾਡੇ ਘਰ ਵੀ ਬਹੁਤ ਗਾਹ ਪੈਂਦਾ ਸੀ। ਮੈਂ ਤੇ ਮੇਰੀ ਭੈਣ ਰੋਟੀ ਤੋਂ ਲੜ ਪੈਂਦੇ।

ਉਹ ਮੇਰੀ ਸ਼ਿਕਾਇਤ ਕਰਨ ਲੱਗਦੀ।

"ਬੀਬੀਏ ! ਲੱਲੂ ਮੇਰੀ ਰੋਟੀ ਖਾ ਗਿਆ ਈ।" ਉਹ ਰੋਣ ਲੱਗਦੀ।

"ਮਰਜਾਣਾ ਬਘਿਆੜ ਜਿਹਾ। ਢਿੱਡ ਆ ਕਿ ਟੋਆ ਤੇਰਾ।" ਬੀਬੀ ਗਾਹਲਾਂ ਕੱਢਦੀ ਆਪਣੀ ਰੋਟੀ ਉਸਨੂੰ ਦੇ ਦਿੰਦੀ। ਪਿੱਛੇ ਰੋਟੀ ਜੋਗਾ ਆਟਾ ਨਾ ਬਚਦਾ।

ਮੈਂ ਜਦੋਂ ਦਾ ਢਾਬੇ 'ਤੇ ਲੱਗਿਆਂ ਢਿੱਡ ਭਰ ਕੇ ਖਾਣ ਨੂੰ ਰੋਟੀ ਮਿਲਦੀ । ਕਦੀ ਕਿਸੇ ਰੋਟੀ ਖਾਣ ਤੋਂ ਨਹੀਂ ਰੋਕਿਆ।

ਕਈ ਵਾਰ ਜਦੋਂ ਰਾਤ ਨੂੰ ਕੋਈ ਚੀਜ ਬਚ ਜਾਂਦੀ ਬੁੱਢਾ ਸਾਨੂੰ ਸਾਰਿਆਂ ਨੂੰ ਵੰਡ ਕੇ ਦੇ ਦਿੰਦਾ ਘਰ ਲਿਜਾਣ ਨੂੰ। ਜਦੋਂ ਬੁੱਢਾ ਇੰਝ ਕਰਦਾ ਮੈਨੂੰ ਉਹ ਬਹੁਤ ਚੰਗਾ ਲੱਗਦਾ। ਪਿਛਲੇ ਹਫ਼ਤੇ ਦੀਵਾਲੀ 'ਤੇ ਸਾਰਾ ਦਿਨ ਢਾਬੇ ਤੇ ਹਲਵਾਈ ਲੱਗਾ ਰਿਹਾ। ਜਲੇਬ-ਪਕੌੜੇ ਨਿੱਕਲਦੇ ਰਹੇ। ਸ਼ਾਮ ਨੂੰ ਮੈਂ ਘਰ ਵੀ ਲੈ ਕੇ ਗਿਆ। ਮੇਰੀ ਭੈਣ ਬੁਹਤ ਖੁਸ਼ ਹੋਈ।

"ਲੱਲੂ ਚੇਤਾ ਈ ਸ਼ਾਹਾਂ ਦੀ ਬੁੜੀ ਦੇ ਭੋਗ 'ਤੇ ਖਾਧੇ ਸੀ ਆਪਾਂ ਪਕੌੜੇ।" ਉਹਦੀ ਗੱਲ ਸੁਣਕੇ ਮੈਨੂੰ ਉਹ ਭੋਗ ਚੇਤੇ ਆ ਗਿਆ।

ਵੱਡਾ ਟੈਂਟ ਲੱਗਾ ਸੀ ਸ਼ਾਹਾਂ ਦੇ ਵਿਹੜੇ 'ਚ।

ਮੈਂ ਭੰਡਾਲ 'ਚ ਵੜਨ ਲੱਗਾ। ਗੇਟ ਅੱਗੇ ਬੈਠੇ ਬੰਦੇ ਨੇ ਮੈਨੂੰ ਝਿੜਕ ਕੇ ਭਜਾ ਦਿੱਤਾ। ਮੈਂ ਦੂਜੀ ਵਾਰ ਫੇਰ ਕੋਸ਼ਿਸ਼ ਕੀਤੀ। ਉਹ ਬੰਦਾ ਮੈਨੂੰ ਮਾਰਨ ਨੂੰ ਦੌੜਿਆ। ਫੇਰ ਜਦੋਂ ਉਹ ਪਾਸੇ ਹੋਇਆ, ਮੈਂ ਧੁੱਸ ਦੇਣੀ ਟੈਂਟ 'ਚ ਵੜ ਗਿਆ। ਟੈਂਟ ਭਰਿਆ ਪਿਆ ਸੀ। ਮੈਂ ਜੇਬਾਂ ਪਕੌੜਿਆਂ ਨਾਲ ਭਰ ਲਈਆਂ। ਬੀਬੀ ਤੋਂ ਡਰਦਿਆਂ ਮੈਂ ਤੇ ਮੇਰੀ ਭੈਣ ਨੇ ਕੋਠੇ 'ਤੇ ਲੁੱਕ ਕੇ ਪਕੌੜੇ ਖਾਧੇ।

ਸ਼ਾਮੀਂ ਸ਼ਾਹਾਂ ਨੇ ਸਪੀਕਰ 'ਚ ਬੋਲ ਕੇ ਰਾਸ਼ਨ ਵੰਡਿਆ। ਮੁਹੱਲੇ ਦੇ ਕਈ ਘਰ ਰੋਟੀ ਸਬਜ਼ੀ ਲੈ ਕੇ ਆਏ। ਬਚਿਆ ਹੋਇਆ ਰਾਸ਼ਨ ਸ਼ਾਹਾਂ ਨੇ ਨਾਲ਼ੀ ਵਿੱਚ ਰੋੜ ਦਿੱਤਾ।

ਮੈਂ ਤੇ ਮੇਰੀ ਭੈਣ ਢਾਬੇ ਤੋਂ ਲਿਆਂਦੇ ਪਕੌੜੇ ਬੜੇ ਸਵਾਦਾਂ ਨਾਲ ਖਾਂਦੇ ਰਹੇ। ਰਾਤ ਨੂੰ ਛੱਤ 'ਤੇ ਚੜ ਕੇ ਵੇਖਿਆ, ਲੋਕਾਂ ਦੇ ਘਰਾਂ 'ਚ ਰੰਗ-ਬਿਰੰਗੀਆਂ ਲਾਇਟਾਂ ਜਗਦੀਆਂ ਪਈਆਂ ਸਨ। ਉਸੇ ਤਰਾਂ ਦੀਆਂ ਲਾਇਟਾਂ ਮਜ਼ਾਰ ਨੂੰ ਲੱਗਦੀਆਂ ਪਈਆਂ। ਮੇਰਾ ਦਿਲ ਕਰਦਾ, ਅੱਜ ਵੀ ਉਥੇ ਜਾ ਬੈਠਾਂ। ਤਰਲੇ-ਮਿਨਤਾਂ ਕਰਕੇ ਵੇਦ ਮੁਨੀ ਨੂੰ ਮਨਾ ਲਵਾਂ ਪਰ ਉਹ ਤਾਂ ਬੁੱਢੇ ਦਾ ਵੀ ਪਿਉ ਹੈ।

ਮੈਂ ਹੁਣੇ ਕਾਲੂ ਅੱਗੇ ਭਾਂਡੇ ਰੱਖ ਕੇ ਆਇਆ।

"ਕੀ ਗੱਲ ਬੜੀ ਬੂਥੀ ਚੁੱਕੀ ਫਿਰਦਾ ਬਾਹਰ ਨੂੰ। ਬੁੜਾ ਆ ਗਿਆ ਨਾ ਢੂਹੀ ਸੇਕ ਦੇਣੀ ਉਹਨੇ।" ਕਾਲੂ ਨੇ ਮੈਨੂੰ ਛੇੜਿਆ।

ਪਰ ਫਿਰ ਵੀ ਮੇਰਾ ਧਿਆਨ ਵਾਰ-ਵਾਰ ਬਾਹਰ ਨੂੰ ਜਾਈ ਜਾਂਦਾ।

ਢਾਬੇ ਦੇ ਸਾਹਮਣੇ ਨੀਵੀਂ ਥਾਂ 'ਤੇ ਬੂਟੀ ਕੱਚ ਚੁਗੀ ਜਾਂਦਾ। ਅੱਜ ਉਹਨੇ ਇੱਧਰ ਵੇਖਿਆ ਵੀ ਨਹੀਂ। ਇੱਕ ਦਿਨ ਬੂਟੀ ਆਪਣਾ ਬੋਰਾ ਰੱਖ ਕੇ ਸਾਡੇ ਕੋਲ ਆਣ


www.PunjabiLibrary.com

ਖੜ੍ਹਿਆ ਸੀ।

ਢਾਬੇ 'ਤੇ ਨਾ ਬੁੜ੍ਹਾ ਸੀ ਨਾ ਵੇਦ ਮੁੰਨੀ। ਕੋਈ ਹੜਤਾਲ ਸੀ ਉਸ ਦਿਨ। ਕਹਿੰਦੇ ਸੀ ਪੰਜਾਬ ਬੰਦ ਹੈ। ਦਸ-ਪੰਦਰਾਂ ਜਾਣਿਆਂ ਨੇ ਆ ਕੇ ਬਾਜ਼ਾਰ ਬੰਦ ਕਰਵਾ ਦਿੱਤਾ। ਢਾਬੇ ਦਾ ਸ਼ਟਰ ਸੁੱਟ ਕੇ ਬੁੜ੍ਹਾ ਬਾਕੀ ਦੁਕਾਨ ਵਾਲਿਆਂ ਕੋਲ ਜਾ ਖੜ੍ਹਿਆ।

ਲਹਿਰੀ ਨੇ ਚਾਹ ਦੀ ਗਿਲਾਸੀ ਬੂਟੀ ਨੂੰ ਫੜਾ ਦਿੱਤੀ। ਕਿਸੇ ਨੇ ਸਾਡੇ ਕੋਲ ਖੜ੍ਹੇ ਬੂਟੀ ਦੀ ਸ਼ਿਕਾਇਤ ਉਸਦੇ ਮਾਲਕ ਕੋਲ ਕਰ ਦਿੱਤੀ। ਉਹਨੇ ਠੁੱਡਿਆਂ ਨਾਲ ਕੁੱਟਿਆ ਸੀ ਬੂਟੀ ਨੂੰ। ਇਸੇ ਲਈ ਹੁਣ ਉਹ ਕਿਸੇ ਪਾਸੇ ਨਹੀਂ ਦੇਖਦਾ।

"ਤੁਸੀਂ ਤਾਂ ਚੰਗੇ ਆ ਯਾਰ ਸਾਡੇ ਵਰਗਿਆਂ ਦੇ ਨਾ ਕੋਈ ਅੱਗੇ ਨਾ ਪਿੱਛੇ। ਸਾਰਾ ਦਿਨ ਰੂੜੀਆਂ ਫੋਲ-ਫੋਲ ਕੱਚ ਚੁਗੀ ਦਾ। ਮਾਲਕ ਫੇਰ ਵੀ ਛਿੱਤਰ ਮਾਰਦਾ।"

ਮੈਂ ਦੇਖਿਆ ਬੂਟੀ ਦੀਆਂ ਅੱਖਾਂ ਵਿੱਚ ਪਾਣੀ ਆ ਗਿਆ ਸੀ।

ਬੂਟੀ ਵਰਗਿਆਂ ਦੀ ਵੀ ਆਪਣੀ ਹੀ ਕਹਾਣੀ ਹੈ।

ਚੌਕਾਂ 'ਚ ਖੜ ਕੇ ਭੀਖ ਮੰਗਦੇ ਨੇ। ਰੂੜੀਆਂ ਤੋਂ ਕੱਚ ਚੁਗਦੇ ਨੇ। ਪਰ ਕਮਾਈ ਕਿਸੇ ਹੋਰ ਦੀ ਜੇਬ 'ਚ ਪੈਂਦੀ। ਲਹਿਰੀ ਦੱਸਦਾ ਸੀ। ਭੀਖ ਮੰਗਣ ਵਾਲਿਆਂ ਦੇ ਵੀ ਗਰੁੱਪ ਨੇ। ਛੋਟੇ-ਛੋਟੇ ਬੱਚੇ ਭੀਖ ਮੰਗਣ ਲਈ ਤਿਆਰ ਕੀਤੇ ਜਾਂਦੇ। ਸ਼ਾਮ ਨੂੰ ਅਗਲੇ ਜੇਬਾਂ ਖਾਲੀ ਕਰਵਾ ਲੈਂਦੇ ਨੇ। ਮੈਨੂੰ ਭੀਲੇ ਦਾ ਚੇਤਾ ਆ ਗਿਆ। ਉਹ ਸਾਡੇ ਮੁੱਹਲੇ ਦੇ ਸਾਹਮਣੇ ਵਾਲੇ ਬਜ਼ਾਰ 'ਚ ਭੀਖ ਮੰਗਦਾ ਸੀ। ਕਦੇ-ਕਦੇ ਸਾਡੇ ਨਾਲ ਆ ਕੇ ਗੱਲਾਂ ਕਰਨ ਲੱਗਦਾ। ਬੈਠਾ-ਬੈਠਾ ਕਿੰਨੀਆਂ ਹੀ ਬੀੜੀਆਂ ਫੂਕ ਦਿੰਦਾ। ਉਹਦੀਆਂ ਜੇਬਾਂ 'ਚ ਟਨ-ਟਨ ਕਰਦੇ ਕਿੰਨੇ ਹੀ ਸਿੱਕੇ ਹੁੰਦੇ।

"ਬਸ ਚਿੰਬੜ ਜਾਓ ਚਿੱਚੜ ਵਾਂਗੂੰ ਅਗਲੇ ਨੂੰ। ਤਰਲੇ ਕਰੋ। ਰੋਣੀ ਸ਼ਕਲ ਬਣਾ-ਬਣਾ ਦਿਖਾਓ। ਫੇਰ ਅਗਲਾ ਰੁਪਈਆ-ਦੋ ਰੁਪਈਆ ਦਿੰਦਾ।"

ਉਹ ਸਾਨੂੰ ਭੀਖ ਮੰਗਣ ਦੀ ਕਲਾ ਸਿਖਾਉਂਦਾ। ਨਕਲਾਂ ਲਗਾ-ਲਗਾ ਦੱਸਦਾ। ਫਿਰ ਪਤਾ ਨਹੀਂ ਉਹ ਕਿੱਧਰ ਚਲਾ ਗਿਆ। ਮੈਂ ਉਸਨੂੰ ਉਸ ਬਜ਼ਾਰ 'ਚ ਕਦੀ ਨਹੀਂ ਦੇਖਿਆ।

"ਇਹ ਇੱਕੋ ਥਾਂ ਬਹੁਤੀ ਦੇਰ ਭੀਖ ਨਹੀਂ ਮੰਗਦੇ।"

ਲਹਿਰੀ ਅਗਲੀ ਗੱਲ ਦੱਸਣ ਲੱਗਦਾ। ਫਿਰ ਉਹ ਕਿਤਿਓਂ ਸੁਣਿਆ-ਸੁਣਾਇਆ ਸ਼ੇਅਰ ਸੁਣਾਉਣ ਲੱਗਦਾ।

"ਜੋ ਛੋਟੇ ਹੋਤੇ ਹੈ ਅਪਣੇ ਘਰ ਕੇ ਬੜੇ ਹੋਤੇ ਹੈ।"

ਲਹਿਰੀ ਦਾ ਸ਼ੇਅਰ ਸੁਣ ਕੇ ਮੈਨੂੰ ਮੇਰੀ ਬੀਬੀ ਦੀ ਗੱਲ ਚੇਤੇ ਆ ਜਾਂਦੀ।

"ਤੇਰਾਂ ਦਾ ਹੋ ਗਿਆ ਲੱਲੂ। ਹੋਰ ਦੋ ਸਾਲਾਂ ਨੂੰ ਮੈਂ ਇਹਦਾ ਵਿਆਹ ਕਰ ਦੇਣਾ।"

ਬੀਬੀ ਜਦੋਂ ਵੀ ਇਹ ਗੱਲ ਆਖਦੀ ਮੈਨੂੰ ਸੰਗ ਆ ਜਾਂਦੀ।

ਢਾਬੇ ਤੋਂ ਗਿਆ ਤਾਂ ਰਾਤ ਸਾਡੇ ਮਹੁੱਲੇ ਦੇ ਸਾਹਮਣੇ ਘਰਾਂ 'ਚ ਪੰਡਿਤਾਂ ਦਾ ਵਿਆਹ ਸੀ। ਬਰਾਤ ਆਈ ਤਾਂ ਬੈਂਡ-ਵਾਜੇ ਵੱਜਣ ਲੱਗੇ। ਅਸੀਂ ਤਿੰਨ-ਚਾਰ ਜਾਣੇ ਰਲ ਕੇ ਪੈਸੇ ਲੁੱਟਣ ਲਈ ਚਲੇ ਗਏ। ਪੰਡਿਤਾਂ ਨੇ ਬਹੁਤ ਰੁਪਈਏ ਸੁੱਟੇ। ਦਸਾਂ-ਦਸਾਂ ਦੇ ਨੋਟ ਵਾਰੇ। ਘਰ ਆ ਕੇ ਮੈਂ ਪੈਸੇ ਗਿਣੇ ਤਾਂ ਚੌਂਤੀ ਰੁਪਈਏ ਬਣੇ।

"ਬੀਬੀਏ ਆਹ ਪੈਸੇ ਲੈ-ਲੈ। ਹੋਰ ਪਾ ਕੇ ਮੈਨੂੰ ਬੈਟ ਲਿਆ ਦੇ। ਸਾਨੂੰ ਮੁੰਡੇ ਖਿਡਾਉਂਦੇ ਨਹੀਂ ਆਪਣੇ ਨਾਲ।"

ਮੈਂ ਖੁਸ਼ ਹੋ ਕੇ ਬੀਬੀ ਨੂੰ ਆਖਿਆ।

"ਬੈਟ ਸਿਰ 'ਚ ਮਾਰਨਾ ਤੂੰ। ਸਾਰਾ ਦਿਨ ਤਾਂ ਕੰਮ 'ਤੇ ਹੁੰਦਾ। ਖੇਡਣਾ ਕਦ ਈ।" ਬੀਬੀ ਨੇ ਪੈਸੇ ਖੀਸੇ 'ਚ ਪਾ ਲਏ।

ਅਗਲੇ ਦਿਨ ਉਹਨਾਂ ਪੈਸਿਆਂ ਦਾ ਚੱਕੀ ਤੋਂ ਆਟਾ ਆ ਗਿਆ।

"ਵੇ ਲੱਲੂਆ। ਮੂੰਹ ਕਿੱਧਰ ਚੁਕਿਆ ਤੂੰ। ਰੋਟੀ ਤਾਂ ਉਂਜ ਈ ਪਈ। ਅੱਜ ਰੱਜ ਵੀ ਗਿਆ ਤੂੰ। ਹੈਂ?"

"ਅੱਜ ਭੁੱਖ ਹੈਨੀਂ।"

ਮੈਂ ਬੀਬੀ ਨੂੰ ਆਖ ਢਾਬੇ 'ਤੇ ਆ ਗਿਆ।

ਫੇਰ ਕਦੇ ਖੇਡਣ ਨੂੰ ਮਨ ਨਾ ਕੀਤਾ। ਜੇ ਕਦੇ ਢਾਬਾ ਬੰਦ ਹੁੰਦਾ। ਮੈਂ ਤਦ ਵੀ ਖੇਡਣ ਨਾ ਜਾਂਦਾ

ਕਦੇ-ਕਦੇ ਭਾਗੀ ਮੇਰੇ ਕੋਲ ਆ ਜਾਂਦਾ। ਆਪਣੇ ਸਕੂਲ ਦੀਆਂ ਗੱਲਾਂ ਸੁਣਾਉਂਦਾ। ਮੇਰਾ ਦਿਲ ਸਕੂਲ ਜਾਣ ਨੂੰ ਵੀ ਨਾ ਕਰਦਾ। ਉਹ ਬੋਲਦਾ ਰਹਿੰਦਾ। ਮੈਂ ਸੁਣਦਾ ਰਹਿੰਦਾ।

"ਓਏ ਅੱਜ ਬੜਾ ਡੁੱਨ-ਵੱਟਾ ਬਣਿਆ ਬੈਠਾ। ਕੀ ਗੱਲ ਹੋ ਗਈ?"

ਲਹਿਰੀ ਨੇ ਮੇਰੀ ਸੁਰਤੀ ਤੋੜੀ।

"ਕੁੱਝ ਨਹੀਂ ਯਾਰ! ਉਈਂ ਬੱਸ।"

ਲਹਿਰੀ ਪਤੀਲਾ ਚੁੱਕ ਕੇ ਅੰਦਰ ਆ ਵੜਿਆ।

ਲਹਿਰੀ ਜਿਵੇਂ ਮੇਰੀ ਸ਼ਕਲ ਤੋਂ ਪੜ ਲੈਂਦਾ ਕਿ ਮੇਰੀ ਸੁਰਤੀ ਇੱਥੇ ਹੈਨੀ। ਅੱਜ ਵੀ ਮੇਰਾ ਦਿਲ ਕੀਤਾ ਸੀ ਲਹਿਰੀ ਨੂੰ ਮੇਲੇ ਵਾਲੀ ਗੱਲ ਦੱਸਾਂ। ਜਿਵੇਂ ਉਸ ਦਿਨ ਭਿੰਦੇ ਵਾਲੀ ਗੱਲ ਦੱਸਣ ਨੂੰ ਕੀਤਾ ਸੀ ਪਰ ਨਾ ਮੈਂ ਉਸ ਦਿਨ ਬੋਲਿਆ ਸੀ ਨਾ ਅੱਜ।

ਸ਼ਰਮਿਆਂ ਦੇ ਹਾਤੇ ਅੱਗੇ ਕਈ ਜਾਣੇ ਬੈਠੇ ਸਨ। ਮੈਂ ਭਾਪੇ ਨੂੰ ਲੱਭਦਾ ਉਥੇ ਚਲਾ ਗਿਆ।

"ਸੁਣਾ ਫੇਰ ਬਿੰਦਰੀ ਵਾਲਿਆ। ਘਰ ਆ ਬੀਬੀ ਤੇਰੀ।"

ਬੰਦਿਆਂ 'ਚ ਬੈਠੇ ਭਿੰਦੇ ਨੇ ਮੈਨੂੰ ਪੁੱਛਿਆ।

ਮੇਰੀਆਂ ਅੱਖਾਂ ਅੱਗੇ ਹਨੇਰਾ ਹੋ ਗਿਆ। ਮੈਂ ਬਿਨਾਂ ਕੁੱਝ ਬੋਲਿਆਂ ਪਿਛਾਂਹ ਮੁੜ ਪਿਆ। ਬੰਦਿਆ ਦਾ ਹਾਸਾ ਦੂਰ ਤੀਕ ਸੁਣਦਾ ਸੀ।


www.PunjabiLibrary.com

ਘਰੇ ਆਇਆ ਤਾਂ ਬੀਬੀ ਨੇ ਰੋਟੀ ਫੜਾਈ।

ਮੈਂ ਗੁੱਸੇ ਨਾਲ ਥਾਲੀ ਵਗਾਹ ਕੇ ਮਾਰੀ। ਬੀਬੀ ਨੇ ਚਪੇੜਾਂ ਨਾਲ ਮੇਰਾ ਮੂੰਹ ਭੰਨ ਦਿੱਤਾ। ਮੈਂ ਅੰਦਰ ਵੜ ਕੇ ਦੇਰ ਤੀਕ ਰੋਂਦਾ ਰਿਹਾ ਤੇ ਫਿਰ ਰੋਂਦਾ-ਰੋਂਦਾ ਸੌਂ ਗਿਆ।

"ਕਪੂਤ ਜੰਮ ਮੁਕਾ ਨਹੀਂ। ਅਫਰੇਵਾਂ ਖ਼ਬਰੇ ਕਾਹਦਾ ਇਹਨੂੰ ?"

ਬੀਬੀ ਦੇਰ ਤੀਕ ਬੁੜ-ਬੁੜ ਕਰਦੀ ਰਹੀ।

ਭਿੰਦੇ ਵਾਲੀ ਗੱਲ ਕਈ ਦਿਨ ਮੇਰੇ ਦਿਮਾਗ਼ ਵਿੱਚ ਘੁੰਮਦੀ ਰਹੀ। ਮੇਰਾ ਦਿਲ ਕਰਦਾ ਕਿਤਿਓਂ ਬੰਦੂਕ ਮਿਲ ਜਾਵੇ, ਮੈਂ ਭਿੰਦੇ ਨੂੰ ਗੋਲ਼ੀ ਮਾਰ ਦਿਆਂ।

ਮੈਂ ਢਾਬੇ 'ਤੇ ਵੀ ਸਾਰਾ ਦਿਨ ਭਿੰਦੇ ਬਾਰੇ ਸੋਚਦਾ ਰਿਹਾ।

"ਕਿਵੇਂ ਬੂਥੀ ਲਾਲ ਹੋਈ ਫਿਰਦੀ ਆ ਤੇਰੀ ?" ਲਹਿਰੀ ਦੇ ਪੁੱਛਣ 'ਤੇ ਮੈਨੂੰ ਬੀਬੀ ਦੀਆਂ ਚਪੇੜਾਂ ਯਾਦ ਆ ਗਈਆਂ।

ਸ਼ਾਮ ਨੂੰ ਛੁੱਟੀ ਵੇਲੇ ਲਹਿਰੀ ਮੈਨੂੰ ਆਪਣੇ ਨਾਲ ਲੈ ਗਿਆ।

"ਅੱਜ ਸਾਡੇ ਵੀ.ਸੀ.ਆਰ. ਲੱਗਣਾ। ਆਜਾ ਫਿਲਮਾਂ ਦੇਖੀਏ। ਨਾਲੇ ਤੇਰੀ ਬੂਥੀ ਠੀਕ ਕਰਦੇ।"

ਜਦੋਂ ਥੋੜਾ ਹਨੇਰਾ ਹੋਇਆ। ਉਹਨਾਂ ਦੂਜੀ ਫਿਲਮ ਚਲਾ ਲਈ।

ਮੇਰੀਆਂ ਅੱਖਾਂ ਮੂਹਰੇ ਫੇਰ ਭਿੰਦਾ ਆ ਗਿਆ। ਮੈਨੂੰ ਟੀ.ਵੀ.'ਤੇ ਭਿੰਦੇ ਤੇ ਆਪਣੀ ਬੀਬੀ ਦੀਆਂ ਸ਼ਕਲਾਂ ਦਿਸਣ ਲੱਗੀਆਂ।

ਮੇਰੀਆਂ ਅੱਖਾਂ ਅੱਗੇ ਹਨੇਰਾ ਛਾ ਗਿਆ। ਮੈਂ ਉਥੋਂ ਸ਼ੂਟ ਵੱਟ ਲਈ। ਘਰ ਪਹੁੰਚਿਆਂ ਤਾਂ ਹਨੇਰਾ ਹੋਣ ਕਰਕੇ ਬੀਬੀ ਨੇ ਫੇਰ ਮੈਨੂੰ ਕੁੱਟਿਆ। ਸਾਰੀ ਰਾਤ ਮੈਨੂੰ ਭਿੰਦੇ ਦੇ ਸੁਪਨੇ ਆਉਂਦੇ ਰਹੇ।

"ਨਾ ਦੀਵਿਆ ਕੀ ਹੋ ਗਿਆ ਸੀ ਰਾਤ। ਤੂੰ ਤਾਂ ਇਉਂ ਦੌੜਿਆਂ ਜਿਵੇਂ ਪੂਛ ਨੂੰ ਅੱਗ ਲੱਗੀ ਹੁੰਦੀ।"

ਅਗਲੇ ਦਿਨ ਢਾਬੇ 'ਤੇ ਲਹਿਰੀ ਵਾਰ-ਵਾਰ ਪੁੱਛਦਾ ਰਿਹਾ ਪਰ ਮੈਂ ਕੁੱਝ ਨਾ ਬੋਲਿਆ।

"ਉਈਂ ਸਾਲ਼ਾ ਡੁੰਨ ਵੱਟਾ ਜਿਹਾ।"

ਉਹ ਖਿੱਝ ਕੇ ਪਰਾਂ ਚਲਾ ਗਿਆ

****

ਮਜ਼ਾਰ 'ਤੇ ਸਪੀਕਰ ਵੱਜਣ ਲੱਗਿਆ।

ਮੇਰੇ ਕੰਨ ਉਧਰ ਨੇ। ਪਰ ਗਾਹਕਾਂ ਅੱਗਿਓਂ ਭਾਂਡੇ ਚੁੱਕਣੇ ਨੇ। ਨੁੱਕਰ ਵਿੱਚ ਖੜਾ ਮੈਂ ਦੇਖ ਰਿਹਾ। ਕਦੋਂ ਅਗਲਾ ਖਾ ਪੀ ਕੇ ਵਿਹਲਾ ਹੋਏ ਤੇ ਮੈਂ ਭਾਂਡੇ ਚੁੱਕ ਕੇ ਵਿਹਲਾ ਹੋਵਾਂ। ਕਦੇ ਕੋਈ ਬਹੁਤਾ ਭਲਾ ਬੰਦਾ ਆਉਂਦਾ। ਰੋਟੀ ਖਾ ਕੇ ਸਾਡੇ ਵਰਗਿਆਂ ਨੂੰ ਪੰਜਾਂ-ਦਸਾਂ ਦਾ ਨੋਟ ਫੜਾ ਜਾਂਦਾ।


www.PunjabiLibrary.com

ਜਦੋਂ ਕੋਈ ਇੰਜ ਪੈਸੇ ਦੇ ਕੇ ਜਾਂਦਾ। ਮੈਂ ਬੀਬੀ ਨੂੰ ਨਹੀਂ ਦਿੰਦਾ। ਲੁਕਾ ਕੇ ਰੱਖਦਾ। ਪੈਸੇ ਜੋੜ ਕੇ ਮੈਂ ਬੈਟ ਲੈਣਾ।

ਸਾਡੇ ਵਰਗਿਆਂ ਨੂੰ ਕੋਈ ਨਾਲ ਨਹੀਂ ਖਿਡਾਉਂਦਾ। ਨਾ ਹੀ ਕੋਈ ਸਾਨੂੰ ਆਪਣੇ ਘਰ ਟੀ.ਵੀ.ਦੇਖਣ ਦਿੰਦਾ। ਸਾਡੇ ਮੁਹੱਲੇ ਦੇ ਸਾਹਮਣੇ ਜਿੰਨੇ ਵੀ ਘਰ ਨੇ ਪੜ੍ਹੇ-ਲਿਖੇ ਲੋਕਾਂ ਦੇ। ਕੋਈ ਵੀ ਸਾਨੂੰ ਪਸੰਦ ਨਹੀਂ ਕਰਦਾ। ਸਾਡੀ ਬਸਤੀ 'ਚ ਦਸ ਘਰ ਨੇ ਸਾਡੇ। ਉੱਚੇ-ਨੀਵੇਂ, ਕੱਚੇ-ਪੱਕੇ। ਸਾਡੇ ਘਰਾਂ ਕੋਲੋਂ ਲੰਘਣ ਵੇਲੇ ਅਗਲਾ ਮੂੰਹ 'ਤੇ ਰੁਮਾਲ ਰੱਖ ਕੇ ਲੰਘਦਾ।

"ਕੰਜ਼ਰਾ ਬੋ ਆਉਣ ਲੱਗ ਜਾਣੀ ਕੋਲੋਂ। ਪਾ ਲਿਆ ਕਰ ਪਿੰਡੇ 'ਤੇ ਪਾਣੀ।"

ਵੇਦ ਮੁਨੀ ਕਾਲੂ ਨੂੰ ਆਖ ਕੇ ਖਚਰਾ ਜਿਹਾ ਹੱਸ ਰਿਹਾ।

ਉਸਦਾ ਹਾਸਾ ਇੰਨਾ ਉੱਚੀ ਸੀ ਮੇਰਾ ਧਿਆਨ ਇਕਦਮ ਖਿੰਡ ਗਿਆ।

ਭਾਗੀ ਦੇ ਲਿਸ਼ਕਦੇ ਕੱਪੜੇ 'ਤੇ ਸਾਫ਼-ਸੁਥਰੀ ਸ਼ਕਲ ਦੇਖ ਕੇ ਮੇਰਾ ਵੀ ਮਨ ਕਰਦਾ ਹੁੰਦਾ। ਉਹਦੇ ਵਰਗਾ ਬਣਨ ਨੂੰ। ਮੈਂ ਰਾਤ ਨੂੰ ਮੰਜੇ 'ਤੇ ਪਿਆ ਭਾਗੀ ਬਾਰੇ ਸੋਚਦਾ। ਕਿੰਨੀ ਸੋਹਣੀ ਜ਼ਿੰਦਗੀ ਉਹਦੀ। ਸੋਚਾਂ ਵਿੱਚ ਗੁਆਚਾ ਮੈਂ ਸੌਂ ਜਾਂਦਾ। ਮੈਨੂੰ ਸੁਪਨਿਆਂ ਵਿੱਚ ਵੀ ਢਾਬਾ ਦਿਸਣ ਲੱਗਦਾ।

"ਤੂੰ ਸਾਕ ਕਰਨਾ ਦੱਸ ਨਹੀਂ ਨਹਾਇਆ ਤਾਂ। ਕੰਮ ਤੋਂ ਜਾਨ ਛੁਟੇ ਤਾਂ ਪਟਿਆਂ ਨੂੰ ਤੇਲ ਲੱਗੇ। ਵਿਹਲੇ ਲੋਕ ਵਾਲ ਖੜ੍ਹੇ ਕਰਦੇ ਨੇ।"

ਵੇਦ ਮੁਨੀ ਨੂੰ ਗਾਹਲਾਂ ਕੱਢਦਾ ਕਾਲੂ ਪਰਾਂ ਨੂੰ ਚਲਾ ਗਿਆ।

ਮੈਨੂੰ ਫਿਲਮਾਂ 'ਚ ਦੇਖੇ ਹੀਰੋ ਯਾਦ ਆ ਜਾਂਦੇ। ਕਾਲੀਆਂ ਐਨਕਾਂ ਲਾ ਕੇ, ਵਾਲਾਂ ਨੂੰ ਜੈੱਲ ਲਗਾਈ। ਪਹਾੜਾਂ 'ਤੇ ਗਾਣੇ ਗਾਉਂਦੇ।"

ਅਸੀਂ ਜਦੋਂ ਸਾਰੇ ਜਾਣੇ ਇਕੱਠੇ ਹੁੰਦੇ, ਆਪਣੇ ਹੀ ਗੀਤ ਗਾਉਣ ਲੱਗਦੇ।

ਉੱਤੇ ਰੱਬ ਤੇ ਥੱਲੇ ਯੱਬ
ਸੁੱਟ ਰੁਪਈਏ ਭਰ ਕੇ ਟੱਬ,
ਖੀਰ ਬਦਾਮਾਂ ਵਾਲੀ ਖਾਈਏ,
ਗੁਣ ਤੇਰੇ ਅਸੀਂ ਰੱਬਾ ਗਾਈਏ।

ਜਿਸਦੇ ਮਨ ਵਿੱਚ ਜੋ ਆਉਂਦਾ ਉਹੀ ਤੁਕਾਂ ਜੋੜੀ ਜਾਂਦਾ। ਪਰ ਗੱਲ ਖਾਣ-ਪੀਣ ਤੋਂ ਬਾਹਰ ਨਾ ਜਾਂਦੀ।

"ਸਾਲ਼ਾ ਕਤੀੜ ਵਾਧਾ। ਖਾਣ-ਪੀਣ ਤੋਂ ਬਿਨਾਂ ਹੋਰ ਕੋਈ ਗੱਲ ਨਹੀਂ ਸੁਝਦੀ ਇਹਨਾਂ ਨੂੰ।"

ਕੋਈ ਜਾਣਾ ਮਜ਼ਾਕ ਕਰਨ ਲੱਗਦਾ।

ਮੈਨੂੰ ਗਲੀ ਮੁੱਹਲੇ ਦੇ ਲੰਗਰ ਯਾਦ ਆ ਜਾਂਦੇ। ਬੀਬੀ ਸਾਨੂੰ ਡੱਬਾ ਫੜਾ ਕੇ ਤੋਰ ਦਿੰਦੀ। ਮੈਂ ਤੇ ਮੇਰੀ ਭੈਣ ਲੰਗਰ ਵਰਤਾਉਣ ਵਾਲੇ ਦੇ ਮਗਰ-ਮਗਰ ਫਿਰਦੇ।


www.PunjabiLibrary.com

"ਸੰਗਤ ਭੁੱਖੀ ਫਿਰਦੀ ਤੁਸੀਂ ਸਾਲਿਓ ਭਾਂਡੇ ਚੁੱਕ ਕੇ ਆ ਗਏ।"

ਅਗਲਾ ਝਿੜਕ ਦਿੰਦਾ।

ਪਰ ਅਸੀਂ ਪੱਲਾ ਨਾ ਛੱਡਦੇ। ਲੰਗਰ ਲੈ ਕੇ ਮੁੜਦੇ। ਰੋਟੀਆਂ ਦੇਖ ਕੇ ਬੀਬੀ ਖੁਸ਼ ਹੋ ਜਾਂਦੀ।

"ਓਏ ਦੀਵਿਆ! ਭਾਂਡੇ ਵੀ ਚੁੱਕ ਲੈ।"

ਵੇਦ ਮੁਨੀ ਦੀ ਹਾਕ ਸੁਣ ਕੇ, ਮੈਂ ਦੌੜ ਉਠਿਆ।

ਜੂਠੇ ਭਾਂਡੇ ਚੁੱਕਣ ਵਾਲੇ ਪਏ ਨੇ। ਗਾਹਕ ਤਾਂ ਰੋਟੀ ਖਾ ਕੇ ਘਰ ਵੀ ਪਹੁੰਚ ਗਿਆ ਹੋਣਾ।

ਮੈਂ ਅਜੇ ਤੀਕ ਲੰਗਰ 'ਚ ਗੁਆਚਿਆ ਹੋਇਆ। ਮੇਰਾ ਧਿਆਨ ਇੰਜ ਹੀ ਕਿਸੇ ਨਾ ਕਿਸੇ ਪਾਸੇ ਚਲਿਆ ਜਾਂਦਾ। ਜਿਵੇਂ ਅੱਜ ਸਵੇਰ ਤੋਂ ਮੇਲੇ ਵੱਲ ਜਾ ਰਿਹਾ।

ਮੇਰੇ ਮਨ ਵਿੱਚ ਫਿਰ ਤੋਂ ਮੇਲੇ ਦੀ ਤਸਵੀਰ ਬਣਨ ਲੱਗੀ।

"ਕੱਲ ਜੇ ਬੁੱਢੇ ਛੁੱਟੀ ਨਾ ਦਿੱਤੀ।" ਮੈਂ ਮਨ ਵਿੱਚ ਸੋਚਦਾ।

"ਆਪਣੇ ਆਹੀ ਮੇਲੇ ਨੇ। ਸ਼ਾਮ ਨੂੰ ਰੋਟੀ ਖਾਣੀ ਕਿ ਨਹੀਂ। ਛੱਡ ਦਿਓ ਦਿਨੇ ਹੀ ਸੁਪਨੇ ਲੈਣੇ।"

ਲਹਿਰੀ ਦੀ ਗੱਲ ਯਾਦ ਆ ਰਹੀ।

ਮੈਨੂੰ ਹੁਣ ਕਦੀ ਚੰਗਾ ਸੁਪਨਾ ਨਹੀਂ ਆਇਆ।

ਮੇਰਾ ਧਿਆਨ ਸੁਪਨਿਆਂ ਵੱਲ ਚਲਾ ਗਿਆ।

ਮੈਨੂੰ ਸੁਪਨਿਆਂ ਵਿੱਚ ਇੱਕ ਮਹਿਲ ਦਿਸਿਆ ਕਰਦਾ ਸੀ। ਮੈਂ ਮਹਿਲ ਵਿੱਚ ਝੂਲੇ ਝੂਲਦਾ। ਪਰ ਹੁਣ ਸੁਪਨਿਆਂ ਵਿੱਚ ਵੀ ਢਾਬਾ ਦਿਸਣ ਲੱਗਦਾ। ਕਈ ਵਾਰ ਸੁਪਨਿਆਂ 'ਚ ਭਿੰਦਾ ਦਿਸਣ ਲੱਗਦਾ।

"ਮੇਰੇ ਸੁਪਨੇ ਕਿੱਥੇ ਗਏ।" ਮੈਂ ਕਈ ਵਾਰ ਇਕੱਲਾ ਬੈਠਾ ਸੋਚਦਾ।

"ਓਏ ਕੰਜਰਾ! ਮੂੰਹ ਕਿੱਧਰ ਚੁੱਕਿਆ ਤੂੰ। ਜਾ ਕੇ ਕੜਾਹੀ ਸਾਫ ਕਰਵਾ।"

ਵੇਦ ਮੁਨੀ ਟੁੱਟ ਕੇ ਪਿਆ।

ਮੇਲੇ ਦਾ ਧਿਆਨ ਮਨ ਵਿੱਚੋਂ ਨਿਕਲ ਗਿਆ।

ਮੈਨੂੰ ਲੱਗਿਆ ਜਿਵੇਂ ਕਿਸੇ ਨੇ ਸੁਪਨਾ ਤੋੜ ਦਿੱਤਾ ਹੋਵੇ

**-ਨਕਸ਼**



**www.PunjabiLibrary.com**

# ਘੋਰਕੰਡੇ

ਬੇਨਤੀ ਪ੍ਰਸ਼ਾਦ ਨੇ ਪਹਿਲਾਂ ਨਵੇਂ ਆਏ ਬੁੜੇ ਸਾਧੂ ਸਿੰਘ ਵੱਲ ਦੇਖਿਆ ਤੇ ਫਿਰ ਲੁੱਚਾ ਜਿਹਾ ਇਸ਼ਾਰਾ ਕਰਕੇ ਮੈਨੂੰ ਕਹਿਣ ਲੱਗਾ , "ਇਹ ਤਾਂ ਬਾਹਲਾ ਈ ਓਦਰਿਆ ਫਿਰਦਾ ਡਿਪਟੀ ਸਾਬ੍ਹ। ਇਹਨੂੰ ਵੀ ਬਗੀਚੀ ਆਪਣੇ ਨੂੰ ਕਹਿ ਕੇ ਕਰਾ ਦੇ ਤੱਤਾ।" ਫਿਰ ਉਚੀ-ਉਚੀ ਹੱਸਣ ਲੱਗਾ। ਪਰ ਸਾਧੂ ਬੁੜਾ ਫੇਰ ਵੀ ਚੁੱਪ ਸੀ। ਮੈਨੂੰ ਦੱਸਿਆ ਸੀ ਉਹਨੇ। ਅੱਜ ਦੇ ਦਿਨ ਉਹਦੀ ਘਰ ਵਾਲੀ ਮਰੀ ਸੀ। ਪਰ ਬੇਨਤੀ ਪ੍ਰਸ਼ਾਦ ਨੂੰ ਬਗੀਚੀ ਵਾਲੀ ਗੱਲ ਪਤਾ ਨਹੀਂ ਕਿੱਥੋਂ ਪਤਾ ਲੱਗ ਗਈ ਸੀ। ਮੈਂ ਮਨ ਵਿਚ ਸੋਚਿਆ-ਲੈ ਬਈ ਬਗੀਚੀ ਸਿਆਂ! ਤੂੰ ਤਾਂ ਛੱਟਿਆ ਗਿਆ ਸਮਝਲਾ ਹੁਣ ਛੱਜ 'ਚ ਪਾ ਕੇ।

ਉਦੋਂ ਸ਼ਾਮ ਦੀ ਚਾਹ ਦਾ ਵੇਲਾ ਸੀ।

ਸਾਰੇ ਬੁੜੇ ਬੈਠੇ ਜੱਕੜ ਵੱਢ ਰਹੇ ਸੀ। ਬੇਨਤੀ ਪ੍ਰਸ਼ਾਦ ਦੀ ਗੱਲ ਸੁਣ ਕੇ ਮੈਂ ਵੀ ਕੱਚਾ ਜਿਹਾ ਹੱਸਿਆ। ਗਿਲਾਸ ਫੜ ਕੇ ਪਰਾਂ ਬੋਧੀ ਰਾਮ ਕੋਲ ਜਾ ਬੈਠਾ।

"ਇਹ ਬਾਹਮਣ ਹੈ ਸਾਲਾ ਲੁੱਚਾ।"-ਮੈਂ ਬੋਧੀ ਦੇ ਕੰਨ ਵਿਚ ਆਖਿਆ। ਬੇਨਤੀ ਪ੍ਰਸ਼ਾਦ ਦੀਆਂ ਗੱਲਾਂ ਕੌਣ ਨਹੀਂ ਸੀ ਜਾਣਦਾ। ਪਰ ਸਾਧੂ ਬੁੜਾ ਤਾਂ ਘੋਰ ਉਦਾਸ ਸੀ। ਆਪਣਾ ਚਾਹ ਵਾਲਾ ਗਿਲਾਸ ਖਾਲੀ ਕਰਕੇ ਉਹ ਬਾਹਰ ਨੂੰ ਉਠ ਤਰਿਆ। ਪਰਸੋਂ ਰਾਤੀਂ ਬਗੀਚੀ ਕੱਚੀ ਬਸਤੀ ਵਿਚ ਗਿਆ ਸੀ ਕਿਸੇ ਤੀਵੀਂ ਨੂੰ ਮਿਲਣ। ਇਹ ਗੱਲ ਉਹਨੇ ਬੱਸ ਮੈਨੂੰ ਦੱਸੀ ਸੀ। ਪਹਿਲਾਂ ਤਾਂ ਮੈਂ ਨਾਂਹ-ਨੁਕਰ ਕੀਤੀ। ਫਿਰ ਸੋਚਿਆ, ਇਹਨਾਂ ਬੁੜਿਆਂ 'ਚ ਰਹਿੰਦਾ ਮੈਂ ਵੀ ਬੁੜਾ ਈ ਬਣ ਗਿਆ। ਬਗੀਚੀ ਨੂੰ ਕਿਉਂ......। ਉਹਦੇ ਥਾਂ ਮੈਂ ਦੋ ਘੰਟੇ ਗੇਟ 'ਤੇ ਬੈਠਾਂ ਸਾਂ। ਇਹ ਗੱਲ ਮੈਂ ਤਾਂ ਕਿਸੇ ਨੂੰ ਦੱਸੀ ਨਹੀਂ ਸੀ। ਪਰ ਬੇਨਤੀ ਪ੍ਰਸ਼ਾਦ ਤੋਂ ਥੋੜੀ ਕੁਝ ਲੁਕਦਾ। ਉਹ ਤਾਂ ਪਤੰਦਰ ਘਟ-ਘਟ ਦੀ ਜਾਣਦਾ।

"ਇਹਨੂੰ ਥਾਂ-ਥਾਂ ਸੁੰਘਣ ਦੀ ਜਿਹੜੀ ਵਾਦੀ ਪਈ ਆ ਨਾ ਮੈਨੂੰ ਤਾਂ ਲੱਗਦਾ ਇਸੇ ਕਰਤਵ ਕਰਕੇ ਈ ਤਾਂ ਇੱਥੇ ਬੈਠਾ ਇਹ। ਨਹੀਂ ਤਾਂ ਭਾਈ ਸਾਬ੍ਹ ਨਿੱਕੀ ਮੰਡੀ ਜਾ ਕੇ ਵੇਖ ਇਹਦੇ ਭਰਾ-ਭਤੀਜੇ ਤਾਂ ਰੰਗਾਂ 'ਚ ਖੇਡਦੇ।" ਬੋਧੀ ਮੱਲ ਨੇ ਹੌਲੀ ਜਿਹੇ ਮੇਰੇ ਕੰਨ ਵਿਚ ਆਖਿਆ। ਕੋਈ ਹੋਰ ਵੇਲਾ ਹੁੰਦਾ ਤਾਂ ਮੈਂ ਬੋਧੀ ਨਾਲ ਬੇਨਤੀ ਪ੍ਰਸ਼ਾਦ ਦੀਆਂ ਗੱਲਾਂ ਕਰਨ ਬੈਠ ਜਾਣਾ ਸੀ ਪਰ ਸਾਧੂ ਬੁੜੇ ਬਾਰੇ ਸੋਚ ਕੇ ਮੇਰਾ ਚਿੱਤ ਵੀ ਢਿੱਲਾ ਪੈ ਗਿਆ। ਮੈਂ ਵੀ ਉਠ ਕੇ ਉਹਦੇ ਪਿੱਛੇ ਤੁਰ ਗਿਆ। ਉਹ ਬਾਹਰ ਰੁੱਖਾਂ ਹੇਠ ਬਣੇ ਸੀਮੈਂਟ ਦੇ ਬੈਂਚ ਉਤੇ ਬੈਠਾ ਸੀ।

"ਬਾਬਾ ਤੂੰ ਉਠ ਕੇ ਬਾਹਰ ਆ ਗਿਆਂ। ਕੀ ਗੱਲ ਚਿੱਤ ਰਾਜ਼ੀ ਏ ?" ਮੈਂ ਉਹਦੇ ਬਰਾਬਰ ਜਾ ਬੈਠਾ।


www.PunjabiLibrary.com

"ਚਿੱਤ ਨੂੰ ਤਾਂ ਕੀ ਏ ਡਿਪਟੀ ਸਾਬ੍ਹ। ਬੱਸ ਊਂਈ। ਇੱਕ ਕੰਮ ਕਰਦੇ ਯਾਰ ਮੇਰਾ। ਬਜ਼ਾਰੋਂ ਗੋਲ-ਗੱਪੇ ਲਿਆ ਦੇ। ਦੇਵੀ ਨੂੰ ਬੜੇ ਪਸੰਦ ਸੀ। ਅੱਜ ਮੇਰਾ ਵੀ ਚਿੱਤ ਕਰੀ ਜਾਂਦਾ।"

ਮੈਂ ਦੇਖਿਆ ਆਪਣੀ ਘਰਵਾਲੀ ਦੇਵੀ ਦੀ ਗੱਲ ਕਰਦਿਆਂ, ਸਾਧੂ ਬੁੜੇ ਦੀਆਂ ਅੱਖਾਂ ਵਿਚ ਹੰਝੂ ਆ ਗਏ ਸਨ। ਪਤਾ ਨਹੀਂ ਕਿਉਂ ਮੈਂ ਵੀ ਉਦਾਸ ਹੋ ਗਿਆ। ਮੈਨੂੰ ਲੱਗਿਆ ਜਿਵੇਂ ਇਕ ਪਲ ਹੋਰ ਉਥੇ ਰੁਕਦਾ ਤਾਂ ਮੈਂ ਵੀ ਰੋ ਪੈਂਦਾ। ਇਹ ਤਾਂ ਬਹੁਤ ਸਾਲਾਂ ਵਿਚ ਪਹਿਲੀ ਵਾਰ ਵਾਪਰਿਆ ਸੀ। ਮੈਂ ਜਦੋਂ ਜਦੋਂ ਨਵਾਂ-ਨਵਾਂ ਇੱਥੇ ਆਇਆ ਸੀ। ਉਦੋਂ ਮੇਰੇ ਨਾਲ ਇੰਜ ਹੋਇਆ ਕਰਦਾ ਸੀ। ਮੈਂ ਬੁੜਿਆਂ ਦੀਆਂ ਗੱਲਾਂ ਸੁਣ ਕੇ ਬੁਸਕਣ ਲੱਗਦਾ। ਦੂਜਿਆਂ ਨੇ ਮਜ਼ਾਕ ਵੀ ਕਰਨਾ ਤੇ ਸਮਝਾਉਣਾ ਵੀ।

"ਇੱਥੇ ਕੋਈ ਚਾਅ ਨੂੰ ਆਉਂਦਾ ਯਾਰ? ਕੀਹਦੀਆਂ-ਕੀਹਦੀਆਂ ਗੱਲਾਂ ਸੁਣ-ਸੁਣ ਕੇ ਰੋਵੇ ਬੰਦਾ?" ਨਾਲ ਵਾਲੇ ਆਖਦੇ। ਉਹ ਜਿਵੇਂ ਪੱਥਰ ਦਿਲ ਹੋ ਗਏ ਸਨ।....ਤੇ ਹੌਲੀ-ਹੌਲੀ ਮੈਂ ਵੀ ਉਨਾਂ ਵਰਗਾ ਹੋ ਗਿਆ। ਮੈਨੂੰ ਵੀ ਕਿਸੇ ਗੱਲ ਨਾਲ ਕੋਈ ਫ਼ਰਕ ਨਾ ਪੈਂਦਾ। ਹੁਣ ਤਾਂ ਵੀਹ ਵਰ੍ਹੇ ਬੀਤ ਗਏ ਇੱਥੇ ਰਹਿੰਦਿਆਂ। ਇੰਨੇ ਸਾਲ ਤਾਂ ਬਥੇਰੇ ਹੁੰਦੇ ਬੰਦੇ ਨੂੰ ਬਦਲਣ ਲਈ। ਪਰ ਸਾਧੂ ਬੁੜੇ ਵੱਲ ਵੇਖ ਕੇ ਅੱਜ ਮਨ ਭਰ ਆਇਆ। ਮੈਂ ਵੀ ਬਗੀਚੀ ਦੀ ਉਮਰ ਦਾ ਸੀ ਜਦੋਂ ਇੱਥੇ ਆਇਆ ਸੀ। ਇਸੇ ਲਈ ਬਗੀਚੀ ਵੱਲ ਦੇਖ ਕੇ ਮੈਨੂੰ ਮੇਰਾ ਵੇਲਾ ਯਾਦ ਆ ਜਾਂਦਾ। ਮੈਂ ਬੁੜਿਆ ਦੀ ਦੇਖ ਭਾਲ ਕਰਦਾ। ਉਹਨਾਂ ਦੀ ਹਰ ਜ਼ਰੂਰਤ ਦਾ ਧਿਆਨ ਰੱਖਦਾ। ਮੈਨੂੰ ਯਾਦ ਏ ਇੱਥੇ ਇੱਕ ਬੁੜਾ ਹੁੰਦਾ ਸੀ ਮਾਤੋ ਰਾਮ। ਬਹੁਤ ਸਾਲ ਹੋ ਗਏ ਉਹਨੂੰ ਗੁਜ਼ਰੇ ਨੂੰ। ਉਹਨੇ ਡਿਪਟੀ ਕਹਿਣਾ ਸ਼ੁਰੂ ਕੀਤਾ ਸੀ ਮੈਨੂੰ। ਹੌਲੀ-ਹੌਲੀ ਪੂਰਾ ਆਸ਼ਰਮ ਮੈਨੂੰ ਡਿਪਟੀ ਕਹਿਣ ਲੱਗਿਆ।

"ਡਿਪਟੀ ਯਾਰ! ਸਾਬਣ ਮੁਕ ਗਿਆ ਮੇਰਾ।"

"ਡਿਪਟੀ ਸਾਬ! ਮੈਨੂੰ ਵੱਡਾ ਸਰਾਣਾ ਚਾਹੀਦਾ।"

ਕੋਈ ਕੁਝ ਕਹਿੰਦਾ। ਕੋਈ ਕੁਝ।

ਹੁਣ ਇੰਨੇ ਸਾਲ ਬੀਤ ਗਏ। ਮੈਂ ਖ਼ੁਦ ਈ ਆਪਣਾ ਨਾਮ ਡਿਪਟੀ ਦੱਸਣ ਲੱਗ ਜਾਂਦਾ ਲੋਕਾਂ ਨੂੰ। ਨਵੇਂ ਬੁੜਿਆ 'ਚੋਂ ਸ਼ਾਇਦ ਹੀ ਕੋਈ ਜਾਣਦਾ ਹੋਵੇ ਕਿ ਮੇਰਾ ਨਾਮ ਲਖਣਪਾਲ ਹੈ। ਮਾਤੋ ਰਾਮ ਨੇਕ ਬੰਦਾ ਸੀ। ਉਹਨੂੰ ਉਹਦਾ ਮੁੰਡਾ ਹੀ ਛੱਡ ਕੇ ਗਿਆ ਸੀ ਇੱਥੇ। ਮੈਂ ਉਹਨੂੰ ਪੁੱਛਿਆ ਸੀ, "ਬਾਬਾ! ਯਾਰ ਇੱਕ ਗੱਲ ਦੱਸ। ਜੀਹਦਾ ਕੋਈ ਨਹੀਂ ਹੁੰਦਾ ਉਹ ਤਾਂ ਇੱਥੇ ਆਉਂਦਾ ਵੀ ਚੰਗਾ ਲੱਗਦਾ। ਆਹ ਆਪਣਾ ਜਥੇਦਾਰ ਹੋਇਆ। ਰੋਡਵੇਜ ਵਾਲਾ ਬਾਬਾ ਹੋਇਆ। ਹੋਰ ਵੀ ਹੈਗੇ ਬਥੇਰੇ। ਤੇਰਾ ਤਾਂ ਮੁੰਡਾ ਜਹਾਜ਼ ਵਰਗੀ ਗੱਡੀ 'ਚ ਬੈਠਾ ਕੇ ਲਾਹ ਗਿਆ ਤੈਨੂੰ ਇੱਥੇ!"

ਮਾਤੋ ਰਾਮ ਉਦਾਸ ਨਹੀਂ ਸੀ ਹੋਇਆ। ਉਹਨੇ ਹੱਸ ਕੇ ਆਖਿਆ ਸੀ, "ਬੱਸ ਪੁੱਤ ਇਉਂ ਸਮਝਲਾ ਹੁਣ ਮੈਂ ਗੱਦੀ 'ਤੇ ਬਹਿੰਦਾ ਨਹੀਂ ਤੇ ਘਰੇ ਬੈਠਾ ਜਵਾਕਾਂ ਦੀ ਜ਼ਿੰਦਗੀ 'ਚ ਖਲਨ ਪਾਉਂਦਾ। ਉਹਨਾਂ ਦੀਆਂ ਪਾਰਟੀਆਂ। ਘੁੰਮਣਾ-ਘੁੰਮਾਉਣਾ। ਕਦੀ


www.PunjabiLibrary.com

ਨੂੰਹ ਰਾਣੀ ਦੀਆਂ ਅਮੀਰ ਸਹੇਲੀਆਂ। ਕਦੀ ਮੁੰਡੇ ਦੇ ਦੋਸਤ। ਦਾਰੂ ਪੀਂਦੇ ਨੇ ਮੌਜਾਂ ਕਰਦੇ ਨੇ। ਬੁੜੇ ਨਾਲ ਸੁਖਾਵਾਂ ਨਹੀਂ ਮਹਿਸੂਸ ਕਰਦੇ ਹੋਣੇ।"

ਉਸ ਵੇਲੇ ਮੈਂ ਨਵਾਂ-ਨਵਾਂ ਨੌਕਰੀ ਲੱਗਿਆ ਸਾਂ। ਪਹਿਲ਼ੀ ਵਾਰ ਐਸੀ ਕਹਾਣੀ ਸੁਣੀ ਸੀ। ਉਦੋਂ ਗੇਟ 'ਤੇ ਬਗੀਚੀ ਦਾ ਬਾਪ ਹੁੰਦਾ ਸੀ। ਸ਼ੰਕਰ। ਮੈਂ ਇੱਕ ਦਿਨ ਮਾਤੋ ਰਾਮ ਦੀਆਂ ਗੱਲਾਂ ਸ਼ੰਕਰ ਨਾਲ ਕੀਤੀਆਂ। ਸ਼ੰਕਰ ਹੱਸ ਪਿਆ।

"ਲਖਣ ਸ਼ਾਹ ਤੂੰ ਹੋਰਾਂ ਦੇ ਦੁੱਖ ਨਹੀਂ ਸੁਣੇ। ਇਥੇ ਸਭ ਸਤੇ-ਸਤਾਏ ਈ ਤਾਂ ਆਉਂਦੇ। ਹੁਣ ਤੇਰਾ ਨਾ ਰੰਨ ਨਾ ਕੰਨ ਤੂੰ ਕੀ ਜਾਣੇ ਘਰਾਂ 'ਚ ਕਿਹੜੀ ਮਹਾਂਭਾਰਤ ਛਿੜਦੀ। ਅੱਜ-ਕੱਲ ਦੇ ਮੁੰਡੇ ਨਹੀਂਉ ਜਾਣਦੇ ਮਾਪਿਆਂ ਨੂੰ। ਬਹੁਤ ਨੇ ਧੀਆਂ-ਪੁੱਤ ਜਿੰਨਾਂ ਦਾ ਸੂਤ ਨਹੀਂ ਬੈਠਦਾ ਮਾਪਿਆਂ ਨਾਲ।"

ਸ਼ੰਕਰ ਦੀਆਂ ਗੱਲਾਂ ਸੁਣ ਕੇ ਮੈਂ ਹੋਰ ਪ੍ਰੇਸ਼ਾਨ ਹੋ ਗਿਆ। ਮੈਨੂੰ ਮੇਰੇ ਮਾਪੇ ਯਾਦ ਆਉਣ ਲੱਗੇ। ਮੈਂ ਉਦਾਸ ਸੋਚਾਂ ਨੂੰ ਝਟਕਿਆ। ਸ਼ੰਕਰ ਦਾ ਮੋਢਾ ਫੜ ਕੇ ਆਖਿਆ, "ਸ਼ੰਕਰਾ ਮੇਰੇ ਮਾਪੇ ਹੁੰਦੇ ਤਾਂ ਮੈਂ ਉਨਾਂ ਦੇ ਪੈਰ ਧੋ-ਧੋ ਪੀਂਦਾ।"

ਸ਼ੰਕਰ ਬੀੜੀ ਦਾ ਕਸ਼ ਖਿਚਦਾ ਉਠ ਕੇ ਗੇਟ ਵੱਲ ਨੂੰ ਤੁਰ ਪਿਆ। ਜਾਂਦਾ-ਜਾਂਦਾ ਕਹਿ ਗਿਆ,"ਭਰਾ ਮੇਰਿਆ ਤੇਰੇ ਮਾਪੇ ਹੈਨੀਂ ਪਰ ਕਦੀ ਤੂੰ ਮਾਪਿਆਂ ਦੀ ਥਾਂ ਅੱਪੜਨਾ। ਕੀ ਪਤਾ 'ਲਾਦ ਕਿਹੋ ਜਿਹੀ ਨਿਕਲੇ। ਕਲਯੁਗ ਦਾ ਪਹਿਰਾ ਚੱਲਦਾ ਅੱਜ-ਕੱਲ੍ਹ।"

ਸੱਚਮੁੱਚ ਕਲਯੁੱਗ ਦਾ ਪਹਿਰਾ ਚਲਦਾ। ਮੈਂ ਹੁਣ ਦੇਖਦਾ। ਕਿੰਨੇ ਮਾਪੇ ਨੇ ਜੋ ਔਲਾਦ ਦੇ ਹੁੰਦਿਆਂ ਵੀ ਬੇਘਰ ਹੋਏ ਪਏ ਨੇ।

*****

ਅੱਜ-ਕੱਲ੍ਹ ਆਸ਼ਰਮ ਨੂੰ ਰੰਗ-ਰੋਗਨ ਕੀਤਾ ਜਾ ਰਿਹਾ। ਦੀਵਾਲ਼ੀ ਆਉਣ ਵਾਲੀ ਹੈ। ਸਾਰਾ ਦਿਨ ਚਹਿਲ-ਪਹਿਲ ਰਹਿੰਦੀ। ਮੱਠੀ-ਮੱਠੀ ਠੰਡ ਹੋਣ ਲੱਗੀ। ਸਾਰੇ ਬੁੜੇ ਆਪਣੀ-ਆਪਣੀ ਟੋਲੀ ਬਣਾ ਕੇ ਘਾਹ 'ਤੇ ਆ ਬੈਠਦੇ। ਸਾਰੇ ਆਪਣਾ-ਆਪਣਾ ਆਹਰ ਬਣਾ ਲੈਂਦੇ। ਮੈਂ ਸਭ ਦੀਆਂ ਗੱਲਾਂ ਸੁਣਦਾ। ਇਸ ਆਸ਼ਰਮ ਵਿਚ ਉਸਰੀ ਵੱਖਰੀ ਹੀ ਦੁਨੀਆਂ ਨੂੰ ਦੇਖਦਾ। ਕੋਈ ਤਾਸ਼ ਖੇਡਦਾ। ਕੋਈ ਬਾਰਾਂ ਟਾਣੀ। ਬੇਨਤੀ ਪ੍ਰਸ਼ਾਦ ਚਟਕਾਰੇ ਵਾਲੀਆਂ ਗੱਲਾਂ ਸੁਣਾਉਂਦਾ। ਬਹੁਤ ਹੱਸਦਾ। ਪਰ ਮੈਂ ਇਹ ਵੀ ਜਾਣਦਾ। ਉਹਦੇ ਹਾਸਿਆਂ ਪਿਛੇ ਵੀ ਕੋਈ ਦਰਦ ਲੁਕਿਆ ਹੋਇਆ। ਪਿਛਲੀ ਉਮਰੇ ਉਹਦੀ ਘਰਵਾਲੀ ਗੁਜ਼ਰ ਗਈ। ਔਲਾਦ ਰੱਬ ਨੇ ਦਿੱਤੀ ਨਹੀਂ ਸੀ। ਬੇਨਤੀ ਪ੍ਰਸ਼ਾਦ ਨੇ ਆਪਣਾ ਭਤੀਜਾ ਕੋਲ ਰੱਖਿਆ ਹੋਇਆ ਸੀ। ਦੋਹੇਂ ਜੀਅ ਆਪਣੀ ਔਲਾਦ ਨਾਲੋਂ ਵੱਧ ਮੋਹ ਕਰਦੇ ਸਨ ਭਤੀਜੇ ਨਾਲ। ਤਕੜਾ ਕਾਰੋਬਾਰ ਸੀ। ਬੇਨਤੀ ਪ੍ਰਸ਼ਾਦ ਦੀ ਹੱਟ ਪੂਰੇ ਇਲਾਕੇ ਵਿਚ ਮਸ਼ਹੂਰ। ਗੱਡੀਆਂ ਭਰ-ਭਰ ਆਉਂਦੀਆਂ। ਗੱਡੀਆਂ ਭਰ-ਭਰ ਜਾਂਦੀਆਂ। ਬੁੱਢੇ ਵਾਰੇ ਸਾਰਾ ਕੰਮ-ਕਾਜ ਭਤੀਜੇ ਹੱਥ ਆਇਆ ਤਾਂ ਉਹਨੇ ਬੇਨਤੀ ਨੂੰ ਛੱਡ ਕੇ ਆਪਣੇ ਮਾਪਿਆਂ ਨਾਲ


www.PunjabiLibrary.com

ਰਹਿਣਾ ਸ਼ੁਰੂ ਕਰ ਦਿੱਤਾ। ਇਕੱਲਤਾ ਦਾ ਸਤਾਇਆ ਬੇਨਤੀ ਇੱਥੇ ਆ ਬੈਠਾ। ਬੇਨਤੀ ਨੂੰ ਦੌਰੇ ਪੈਂਦੇ ਸਨ। ਜਦੋਂ ਦੌਰਾ ਪੈਂਦਾ। ਉਹਨੂੰ ਕਾਸੇ ਦੀ ਸੂਰਤ ਨਾ ਰਹਿੰਦੀ। ਕਈ-ਕਈ ਦਿਨ ਨਹਾਉਂਦਾ ਨਾ। ਪਾਗਲਾਂ ਵਾਂਗ ਬਣ ਜਾਂਦਾ।

"ਬੇਗਾਨੇ ਨਹੀਂ ਮਿੱਤ ਬਣਦੇ ਹੁੰਦੇ।"-ਉਹ ਬੁੜਬੁੜਾਉਂਦਾ ਰਹਿੰਦਾ

ਫੇਰ ਹੌਲੀ-ਹੌਲੀ ਆਮ ਵਰਗਾ ਹੋ ਜਾਂਦਾ। ਘਰੇ ਕੋਈ ਪਾਣੀ ਦੇਣ ਵਾਲਾ ਵੀ ਨਹੀਂ ਸੀ। ਬੇਨਤੀ ਪ੍ਰਸ਼ਾਦ ਆਸ਼ਰਮ ਆ ਗਿਆ। ਬੁੜਿਆਂ ਵਿਚ ਵੀ ਤੱਤੇ ਖ਼ੂਨ ਵਾਲਾ। ਸਾਰਾ ਦਿਨ ਹੱਸਦਾ। ਹੋਰਾਂ ਨੂੰ ਹਸਾਉਂਦਾ।

"ਬਾਪੂ ਗੱਲਾਂ ਬਹੁਤ ਕਰਦਾ ਤੂੰ। ਜਾਪਦਾ ਅਜੇ ਵੀ ਦਾਣੇ ਵਿਕੇ ਨਹੀਂ ਤੇਰੇ ?" ਇੱਕ ਦਿਨ ਬੇਨਤੀ ਦਾ ਲੁੱਚਾ ਜਿਹਾ ਚੁਟਕਲਾ ਸੁਣ ਕੇ ਮੈਂ ਆਖਿਆ ਸੀ।

ਕਿੰਨੀ ਦੇਰ ਤੀਕ ਉਹ ਅਪਲੀਆਂ-ਟੱਪਲੀਆਂ ਮਾਰਦਾ ਰਿਹਾ। ਫਿਰ ਗੰਭੀਰ ਹੋ ਗਿਆ। ਕਹਿਣ ਲੱਗਾ, "ਤੂੰ ਸਿਆਣਾ ਏਸ ਉਮਰੇ ਕਿਹੜਾ ਮੈਂ.....। ਨੱਬਿਆਂ ਨੂੰ ਢੁੱਕਦਾਂ ਹੁਣ। ਪਰ ਦੱਸ ਮਰ ਜਾਵਾਂ ? ਫਿਕਰ ਕਰਾਂ ਬਈ ਜਵਾਕ ਹੈਨ੍ਹੀ। ਤੀਵੀਂ ਮਰਗੀ। ਭਤੀਜਾ ਮਿੱਤ ਨਹੀਂ ਬਣਿਆ। ਦਵਾਈ ਮੈਂ ਸਿਰਹਾਣੇ ਰੱਖ ਕੇ ਸੌਂਦਾ। ਪਤਾ ਨਹੀਂ ਕਿਹੜੇ ਵੇਲੇ...। ਮੈਂ ਤਾਂ ਜਿਹੜਾ ਜੀਂਣਾ ਡਿਪਟੀ ਸਾਬ੍ਹ ਇਉਂ ਈ ਜੀਣਾ।"

ਬੇਨਤੀ ਨੂੰ ਦੋ ਤਿੰਨ ਵਾਰ ਉਹੀ ਦੌਰਾ ਆਸ਼ਰਮ ਆ ਕੇ ਪੈ ਚੁੱਕਿਆ। ਜਦੋਂ ਇਉਂ ਹੁੰਦਾ। ਮੈਂ ਬੇਨਤੀ ਨੂੰ ਬੜਾ ਔਖਾ ਸੰਭਾਲਦਾ। ਮੈਂ ਮਨ ਵਿਚ ਸੋਚਦਾ। ਕਿਹੜੀ ਸਜ਼ਾ ਭੁਗਤਣ ਆਏ ਇਹ ਬੁੜੇ। ਜ਼ਿੰਦਗੀ ਜੀਣ ਦਾ ਜਿੰਨਾ ਦਾ ਸਵਾਦ ਹੀ ਮੁਕ ਗਿਆ। ਪਰ ਸਾਧੂ ਬੁੜੇ ਨੇ ਗੋਲਗੱਪੇ ਬੜੇ ਸਵਾਦ ਨਾਲ ਖਾਧੇ ਸਨ। ਮੈਂ ਆਪਣੇ ਤੇ ਉਹਦੇ ਲਈ ਗੋਲਗੱਪੇ ਲੈ ਕੇ ਆਇਆ। ਅਸਾਂ ਦੋਵਾਂ ਪੌੜੀਆਂ ਵਿਚ ਬਹਿ ਕੇ ਗੋਲਗੱਪੇ ਖਾਧੇ। ਮੈਂ ਸਾਧੂ ਬੁੜੇ ਨਾਲ ਉਸ ਦਿਨ ਪਹਿਲੀ ਵਾਰ ਗੱਲਾਂ ਕੀਤੀਆਂ ਸਨ। ਉਹ ਆਪਣੀ ਘਰਵਾਲੀ ਨੂੰ ਯਾਦ ਕਰਕੇ ਕਦੇ ਹੱਸਦਾ। ਕਦੇ ਰੋਣ ਲੱਗ ਜਾਂਦਾ। ਕਦੇ ਗੋਲਗੱਪੇ ਲਿਆ ਕੇ ਦੇਣ ਬਦਲੇ ਮੈਨੂੰ ਅਸੀਸਾਂ ਦਿੰਦਾ।

"ਯਾਰ ਡਿਪਟੀ ! ਬਹੁਤ ਮਾੜਾ ਵੇਲਾ ਕੱਟਿਆ ਅਸੀਂ। ਦਰਜੀ ਦਾ ਕੰਮ ਸੀ ਮੇਰਾ। ਝੱਟ ਟੱਪਦਾ ਜਾਂਦਾ। ਪੁੱਤ ਰੱਬ ਨੇ ਸਾਨੂੰ ਦਿੱਤਾ ਨਾ। ਇੱਕ ਧੀ ਸੀ। ਉਹ ਵਿਆਹ ਕੇ ਅਸੀਂ ਭਾਰਾ ਲਾਹ ਲਿਆ। ਪਰ ਕੁੜੀ ਦੇ ਸਹੁਰੇ ਮਾੜੇ ਨਿਕਲੇ। ਅੱਜ ਤੀਕ ਜਾਨ ਔਖੀ ਏ ਸਮਝਲਾ। ਮੇਰੀ ਘਰਵਾਲੀ ਵੀ ਇਸੇ ਗਮ 'ਚ ਤੁਰਗੀ। ਆਊਗੀ ਕੁੜੀ ਕਿਸੇ ਦਿਨ ਮੈਨੂੰ ਮਿਲਣ। ਉਹਦੀ ਤਾਂ ਮਾਂ ਵੀ ਮੈਂ ਤੇ ਪਿਉ ਵੀ ਮੈਂ। ਉਹਨੇ ਤਾਂ ਬਥੇਰਾ ਕਿਹਾ ਸੀ ਕਿ ਉਹਦੇ ਕੋਲ ਆ ਕੇ ਰਹਿ ਲਵਾਂ ਮੈਂ। ਪਰ ਮੇਰਾ ਚਿੱਤ ਨਹੀਂ ਮੰਨਿਆ ਧੀ ਦੇ ਬਾਰ ਬੈਠਣ ਨੂੰ। ਆਪਣਾ ਘਰ ਈ ਉਜੜ ਗਿਆ ਜਦੋਂ।" ਮੈਂ ਸਾਧੂ ਬੁੜੇ ਦੀਆਂ ਗੱਲਾਂ ਬੜੇ ਧਿਆਨ ਨਾਲ ਸੁਣਦਾ ਰਿਹਾ।

ਆਪਣਾ ਘਰ ਬੰਨਣ ਦੀ ਕੋਸ਼ਿਸ਼ ਮੈਂ ਵੀ ਤਾਂ ਕੀਤੀ ਸੀ। ਆਸ਼ਰਮ ਦੇ ਅਕਾਊਟੈਂਟ ਨੇ ਰਿਸ਼ਤਾ ਕਰਵਾਇਆ ਸੀ ਮੇਰਾ। ਮੈਂ ਆਸ਼ਰਮ ਛੱਡ ਕੇ ਕਿਰਾਏ 'ਤੇ ਕਮਰਾ ਲੈ ਲਿਆ।


www.PunjabiLibrary.com

ਡਿਊਟੀ ਮੁਕਾ ਕੇ ਜਦ ਘਰ ਜਾਂਦਾ। ਉਹ ਮੈਨੂੰ ਉਡੀਕ ਰਹੀ ਹੁੰਦੀ। ਸਟੋਵ ਬਾਲਦੀ। ਅਸੀਂ ਇੱਕਠੇ ਰੋਟੀ ਖਾਂਦੇ। ਗੱਲਾਂ ਕਰਦੇ। ਉਹ ਮੇਰੀ ਬਾਂਹ 'ਤੇ ਸਿਰ ਰੱਖ ਕੇ ਪੈ ਜਾਂਦੀ। ਮੇਰੀ ਛਾਤੀ 'ਤੇ ਉਂਗਲਾਂ ਫੇਰਦੀ ਘੋਰਕੰਡੇ ਕਰਨ ਲੱਗਦੀ–

"ਘੋਰਕੰਡੇ–ਘੋਰਕੰਡੇ ਦੋ ਚੂਹੇ ਲੰਡੇ
ਹਾਲ਼ੀਓ–ਪਾਲ਼ੀਓ ਕਿਸੇ ਸਾਡਾ ਲੱਖੂ ਦੇਖਿਆ......"

ਪਰ ਅਚਾਨਕ ਇੱਕ ਦਿਨ ਮੈਂ ਘਰ ਗਿਆ। ਦਰਵਾਜ਼ਾ ਖੁੱਲ੍ਹਾ ਸੀ ਪਰ ਉਹ ਕਿਤੇ ਨਹੀਂ ਸੀ। ਮੈਂ ਆਂਢ–ਗੁਆਂਢ। ਆਸੇ–ਪਾਸੇ ਸਭ ਕਾਸੇ ਲੱਭਿਆ। ਪਰ ਉਹ ਨਾ ਲੱਭੀ ਨਾ ਮੁੜੀ। ਮੈਂ ਸਾਰੀ ਰਾਤ ਉਡੀਕਦਾ ਰਿਹਾ। ਜਦੋਂ ਕਈ ਮਹੀਨੇ ਬੀਤ ਗਏ। ਮੇਰੀ ਉਡੀਕ ਖ਼ਤਮ ਹੋ ਗਈ। ਮੈਂ ਕਿਰਾਏ ਦਾ ਕਮਰਾ ਛੱਡ ਕੇ ਮੁੜ ਆਸ਼ਰਮ ਆ ਕੇ ਰਹਿਣ ਲੱਗਿਆ। ਸਾਧੂ ਬੁੜੇ ਦੀਆਂ ਗੱਲਾਂ ਨਾਲ ਮੈਨੂੰ ਮੇਰੀ ਤੀਵੀਂ ਯਾਦ ਆ ਗਈ।

"ਇਹ ਇਹੋ ਜਿਹੀਆਂ ਈ ਹੁੰਦੀਆਂ ਯਾਰ!...ਐਵੇਂ ਦਿਲਗੀਰ ਨਾ ਹੋਈ। ਨਾ ਉਹਦਾ ਅੱਗਾ ਸੀ ਨਾ ਪਿੱਛਾ।" ਸ਼ੰਕਰ ਕਈ ਦਿਨ ਮੈਨੂੰ ਮੱਤਾਂ ਦਿੰਦਾ ਰਿਹਾ ਸੀ। ਮੈਂ ਬੁੜਿਆਂ ਦੀ ਸੇਵਾ ਵਿਚ ਚਿੱਤ ਲਗਾ ਲਿਆ। ਉਹਨਾਂ ਦੀਆਂ ਗੱਲਾਂ ਸੁਣਦਾ। ਜਦੋਂ ਮੇਰੇ ਨਾਲ ਇਹ ਗੱਲ ਵਾਪਰੀ ਉਹਨੀਂ ਦਿਨੀਂ ਹੀ ਬੇਨਤੀ ਪ੍ਰਸ਼ਾਦ ਆਇਆ ਸੀ ਆਸ਼ਰਮ। ਬੇਨਤੀ ਦੀਆਂ ਗੱਲਾਂ ਨਾਲ ਚਿੱਤ ਉਂਜ ਹੀ ਖਿੜਿਆ ਰਹਿੰਦਾ। ਮੈਂ ਬੁੜਿਆਂ ਨੂੰ ਜ਼ਿੰਦਗੀ ਜਿਉਂਦੇ ਵੇਖ ਕੇ ਹੈਰਾਨ ਹੁੰਦਾ।

"ਤੂੰ ਐਵੇਂ ਤੀਵੀਂ–ਤੀਵੀਂ ਜਪਦਾ ਰਹਿੰਦਾ। ਨੱਥੇ ਡਰਾਇਵਰ ਵੱਲ ਦੇਖ।" ਸ਼ੰਕਰ ਮੈਨੂੰ ਬੱਸ ਵਾਲੇ ਨੱਥੇ ਡਰਾਇਵਰ ਦੀ ਗੱਲ ਸੁਣਾਉਂਦਾ। ਨੱਥੇ ਨੇ ਮਰਜ਼ੀ ਨਾਲ ਵਿਆਹ ਨਹੀਂ ਸੀ ਕਰਵਾਇਆ। ਨੌਕਰੀ ਕਰਦਾ ਸੀ ਰੁਪਈਏ ਘਰੇ ਡਿੱਗਦੇ। ਭਰਜਾਈ ਦੇ ਚੁੱਲੇ ਇਹਦੀਆਂ ਵੀ ਸੀਟੀਆਂ ਵੱਜਦੀਆਂ। ਭਰਜਾਈ ਨੂੰ ਦੂਹਰਾ ਲਾਭ ਸੀ। ਪਰ ਪਿਛਲੀ ਉਮਰੇ ਉਹਨੇ ਨੱਥੇ ਨੂੰ ਲੱਤ ਮਾਰ ਕੇ ਭਜਾ ਦਿੱਤਾ।

"ਡਰਾਇਵਰ ਸਾਬ੍ਹ ਵਿਆਹ ਕਰਾਇਆ ਹੁੰਦਾ ਤਾਂ ਆਹ ਦਿਨ ਨਾ ਤਾਂ ਨਾ ਵੇਖਣੇ ਪੈਂਦੇ।" ਮੈਂ ਇੱਕ ਦਿਨ ਟਿੱਚਰ ਕੀਤੀ ਸੀ।

"ਭਾਊ! ਜਦੋਂ ਦੁੱਧ ਮੁੱਲ ਮਿਲਦਾ ਸੀ ਫੇਰ ਕੀ ਲੋੜ ਸੀ ਮੱਝ ਵਿਹੜੇ ਬੰਨ੍ਹਣ ਦੀ?...." ਬੁੜਾ ਖਚਰਾ ਜਿਹਾ ਹੱਸਿਆ।

"ਫੇਰ ਹੁਣ? ਹੁਣ ਕਿਵੇਂ ਮਿਲਦਾ ਦੁੱਧ?"

"ਹੁਣ ਤਾਂ ਦੁੱਧ ਪੱਚਦਾ ਈ ਨਹੀਂ। ਚਾਹ ਪੀ ਕੇ ਸਾਰ ਲਈਦਾ।" ਬੁੜੇ ਦਾ ਹਾਸਾ ਪੂਰੇ ਆਸ਼ਰਮ ਵਿਚ ਫੈਲ ਗਿਆ।

*****

ਦੀਵਾਲੀ ਦੀ ਰਾਤ ਜਲੇਬੀਆਂ–ਪਕੌੜੇ। ਦੀਵੇ ਮੋਮਬੱਤੀਆਂ ਤੇ ਆਤਿਸ਼ਬਾਜ਼ੀ ਸਾਰਾ ਕੁਝ ਲਿਆਂਦਾ ਗਿਆ।


www.PunjabiLibrary.com

ਸਾਰਾ ਆਸ਼ਰਮ ਉਸ ਦਿਨ ਲਿਸ਼ਕਿਆ ਪਿਆ ਸੀ। ਮੈਂ ਬਗੀਚੀ ਨੂੰ ਕਹਿ ਕੇ ਗੇਟ ਉੱਤੇ ਲੱਗੇ ਵੱਡੇ ਸਾਰੇ ਬੋਰਡ ਉਤੇ ਵੀ ਕੱਪੜਾ ਮਰਵਾਇਆ। ਮੋਟੇ ਮੋਟੇ ਅੱਖਰਾਂ 'ਚ ਲਿਖਿਆ- 'ਪੰਡਿਤ ਕਾਸ਼ੀ ਨਾਥ ਬਿਰਧ ਆਸ਼ਰਮ' ਲਿਸ਼ਕਣ ਲੱਗਾ। ਬੁੜ੍ਹੇ ਬੰਦੇ ਜ਼ਿੰਦਗੀ ਨੂੰ ਮੁੜ ਤੋਂ ਜੀਣ ਦੀ ਕੋਸ਼ਿਸ਼ ਕਰਦੇ। ਬਿਰਧ ਘਰ ਨੂੰ ਆਪਣਾ ਘਰ ਸਮਝਦੇ। ਸਭ ਨੇ ਦੀਵੇ ਬਾਲੇ। ਫੁਲਝੜੀਆਂ ਚਲਾਈਆਂ। ਮਠਿਆਈਆਂ ਖਾਧੀਆਂ। .....ਤੇ ਅੱਧੀ ਰਾਤ ਤੀਕ ਆਸ਼ਰਮ ਦੀ ਛੱਤ 'ਤੇ ਬਹਿ ਕੇ ਗੱਲਾਂ ਕੀਤੀਆਂ।

"ਤਿਥ-ਤਿਉਹਾਰ 'ਤੇ ਟੱਬਰ 'ਕੱਠਾ ਬੈਠਣਾ ਚਾਹੀਦਾ। ਇਹ ਵੀ ਤਾਂ ਟੱਬਰ ਏ ਆਪਣਾ।"-ਬੇਨਤੀ ਪ੍ਰਸ਼ਾਦ ਐਸੀਆਂ ਗੱਲਾਂ ਕਰਦਾ-ਕਰਦਾ ਰੋਣ ਲੱਗ ਪਿਆ। ਮੈਂ ਉਹਨੂੰ ਬਾਹਾਂ ਵਿਚ ਘੁੱਟ ਲਿਆ।

"ਮੈਂ ਤਾਂ ਪੁੱਤ ਈ ਬਣਾਇਆ ਸੀ ਉਹਨੂੰ। ਕੀ ਪਤਾ ਸੀ...।" ਆਪਣੇ ਪੁੱਤ ਨਾ ਬਣ ਸਕਣ ਵਾਲੇ ਭਤੀਜੇ ਨੂੰ ਯਾਦ ਕਰਕੇ ਬੇਨਤੀ ਪ੍ਰਸ਼ਾਦ ਹੋਰ ਉਚੀ ਰੋਣ ਲੱਗਿਆ। ਮੈਂ ਬੇਨਤੀ ਬਾਰੇ ਸੋਚ ਕੇ ਉਦਾਸ ਹੋ ਗਿਆ। ਮੈਂ ਸਾਰੇ ਬੁੜ੍ਹਿਆਂ ਦੇ ਮੂੰਹਾਂ ਵੱਲ ਦੇਖਿਆ। ਸੋਚਿਆ-ਸਭ ਦੇ ਇੱਥੇ ਹੋਣ ਦੀ ਵਜਾਹ ਹੈ ਕੋਈ। ਇਹ ਸਭ ਇੱਥੇ ਨਾ ਹੁੰਦੇ ਤਾਂ ਆਪਣੇ ਆਪਣੇ ਘਰਾਂ ਵਿਚ ਦੀਵਾਲੀ ਮਨਾਉਂਦੇ। ਮੈਂ ਉਹਨਾਂ ਦੇ ਮਨ ਦੀ ਹਾਲਾਤ ਦੇ ਅੰਦਾਜ਼ਾ ਲਗਾਉਂਦਾ।

"ਅੰਦਾਜ਼ੇ ਲਾ ਕੇ ਕਿਸੇ ਦਾ ਦੁੱਖ ਨਹੀਂ ਸਮਝਿਆ ਜਾਂਦਾ ਭਾਈ ਸਾਬ੍ਹ।"-ਮੇਰੇ ਕੰਨਾਂ ਵਿਚ ਮੜ੍ਹੀਆਂ ਵਾਲੇ ਸ਼ਿਵੇ ਦੀ ਗੱਲ ਗੂੰਜੀ। ਸ਼ਿਵਾ, ਮੇਰਾ ਪੱਕਾ ਯਾਰ ਹੈ। ਅਸੀਂ ਜਦੋਂ ਵੀ ਮਿਲਦੇ। ਇੱਕਠੇ ਬਹਿ ਕੇ ਦਾਰੂ ਪੀਂਦੇ। ਉਹ ਮੜ੍ਹੀਆਂ ਵਿਚ ਬਾਲਣ ਵਾਲੀ ਦੁਕਾਨ 'ਤੇ ਬੈਠਦਾ। ਉਹਦੀ ਘਰ ਵਾਲੀ ਨਾਲ ਬਣਦੀ ਨਹੀਂ। ਜਦੋਂ ਘਰੇ ਕਲੇਸ਼ ਛਿੜਦਾ ਉਹ ਮੇਰੇ ਕੋਲ ਆ ਜਾਂਦਾ। ਸ਼ਿਵੇ ਦੇ ਕੋਈ ਔਲਾਦ ਨਹੀਂ ਹੋਈ। ਉਹ ਇਸ ਗੱਲ 'ਤੇ ਅਕਸਰ ਉਖੜਿਆ ਰਹਿੰਦਾ। ਮੈਂ ਉਹਨੂੰ ਬਿਰਧ ਆਸ਼ਰਮ ਵਾਲੇ ਬੁੜ੍ਹੇ ਦਿਖਾਉਂਦਾ। ਆਖਦਾਂ- "ਆਹ ਈ ਸਾਰੇ ਔਲਾਦਾਂ ਵਾਲੇ। ਹੈ ਕੋਈ ਸੌਖਾ ? ਹੈਗਾ ਤਾਂ ਦੱਸ।" ਫਿਰ ਸ਼ਿਵੇ ਨੂੰ ਕੋਈ ਜਵਾਬ ਨਹੀਂ ਆਉਂਦਾ।

"ਚੱਲ ਛੱਡ ਯਾਰ ! ਆਜਾ ਚੱਲ ਕੇ ਮੜ੍ਹੀਆਂ 'ਚ ਦਾਰੂ ਪੀਈਏ। ਅਖੀਰੀ ਸਭ ਨੇ ਉਥੇ ਈ ਜਾਣਾ। ਆਪਾਂ ਪਹਿਲਾਂ ਚੱਲ ਕੇ ਥਾਂ ਮੱਲਦੇ ਆ।" ਉਹਨੂੰ ਮਜ਼ਾਕ ਦੇ ਰੌਂ ਵਿਚ ਦੇਖ ਕੇ ਮੈਨੂੰ ਬੜਾ ਚੰਗਾ ਲੱਗਦਾ। ਅਸੀਂ ਰੱਜ ਕੇ ਦਾਰੂ ਪੀਂਦੇ। ਦਾਰੂ ਪੀ ਕੇ ਸ਼ਿਵਾ ਬੋਲੀਆਂ ਪਾਉਣ ਲੱਗ ਜਾਂਦਾ। ਮੈਂ ਉਹਦੀ ਬਾਂਹ 'ਤੇ ਸਿਰ ਰੱਖ ਕੇ ਪੈ ਜਾਂਦਾ। ਉਹਦੀ ਛਾਤੀ 'ਤੇ ਉਂਗਲਾਂ ਘੁੰਮਾਉਂਦਾ। ਹੌਲੀ-ਹੌਲੀ ਗਾਉਂਦਾ, "ਘੋਰਕੰਡੇ ਦੋ ਚੂਹੇ ਲੰਡੇ.."। ਇਹ ਗੀਤ ਗਾਉਂਦਿਆਂ ਮੈਨੂੰ ਆਪਣੀ ਤੀਵੀਂ ਯਾਦ ਆ ਜਾਂਦੀ।

"ਸਾਲੀ ਦਾਰੂ ਈ ਨ੍ਹੀ ਪੀਣੀ ਕਦੇ। ਦਾਰੂ ਪੀ ਕੇ ਮੈਨੂੰ ਉਹ ਯਾਦ ਆਉਣ ਲੱਗਦੀ ਯਾਰ !" ਮੇਰੀ ਗੱਲ 'ਤੇ ਸ਼ਿਵਾ ਠਹਾਕਾ ਮਾਰ ਕੇ ਹੱਸਦਾ।


www.PunjabiLibrary.com

"ਮੈਨੂੰ ਦਾਰੂ ਪੀ ਕੇ ਮੇਰੀ ਤੀਵੀਂ ਭੁੱਲ ਜਾਂਦੀ। ਹੈ ਕਿ ਨ੍ਹੀ ਉਲਟ ਹਿਸਾਬ।" ਸ਼ਿਵੇ ਦੀ ਗੱਲ 'ਤੇ ਮੈਂ ਵੀ ਹੱਸਦਾ। ਮੈਨੂੰ ਇਹ ਹਾਸਾ ਬਹੁਤ ਚੰਗਾ ਲੱਗਦਾ। ਮੈਂ ਬੁੜਿਆ ਨੂੰ ਹੱਸਦਿਆਂ ਵੇਖ ਕੇ ਵੀ ਬਹੁਤ ਖੁਸ਼ ਹੁੰਦਾ। ਦੀਵਾਲੀ ਵਾਲੀ ਰਾਤ ਮੈਂ ਬੋਧੀ ਰਾਮ ਨੂੰ ਕਹਿ ਕੇ ਸਭ ਦੀ ਪਸੰਦ ਦਾ ਖਾਣਾ ਬਣਵਾਇਆ।

"ਬੋਧੀ ਰਾਮਾ ਯਾਰ! ਰਾਜਮਾਂਹ ਖਾਣ ਨੂੰ ਬਹੁਤ ਜੀ ਕਰਦਾ।"

"ਬੋਧੀ ਰਾਮਾ! ਯਾਰ ਸੂਜੀ ਦਾ ਕੜਾਹ ਖਾਣਾ ਮੈਂ ਤਾਂ"

"ਬੋਧੀ ਰਾਮ, ਬੋਧੀ ਰਾਮ"

ਮੈਂ ਉਹਨਾਂ ਦੇ ਚਿਹਰਿਆਂ ਵੱਲ ਵੇਖਦਾ। ਨਾ ਜ਼ਿੰਦਗੀ ਮੁੱਕੀ ਸੀ ਨਾ ਜ਼ਿੰਦਗੀ ਦਾ ਸਵਾਦ।

"ਸਵਾਦ ਤਾਂ ਜਿਹੜੀ ਵੀ ਸ਼ੈਅ ਦਾ ਪੈ ਜਾਏ। ਮਾੜਾ ਈ ਹੁੰਦਾ। ਸਿਆਣੇ ਕਹਿੰਦੇ ਵੀ ਸਵਾਦ ਲੈਂਦੀ-ਲੈਂਦੀ ਕੁੱਤੀ ਲਾਹੌਰ ਟੱਪ ਗਈ ਸੀ।"-ਨੱਥਾ ਡਰਾਇਵਰ ਦੁਨੀਆਂ ਦੇ ਸਵਾਦਾਂ ਦੀ ਕਥਾ ਛੇੜ ਕੇ ਬੈਠ ਜਾਂਦਾ।

"ਬਥੇਰੇ ਸਾਲ ਚਲਾਈ ਮੈਂ ਬੱਸ। ਮੁੰਡੇ ਕੁੜੀਆਂ ਦੇ ਚਾਲੇ ਵੇਖਣ ਵਾਲੇ ਹੁੰਦੇ ਸੀ। ਫੋਨ ਈ ਨ੍ਹੀ ਲੱਥਦਾ ਕੰਨ ਤੋਂ। ਉਂਗਲਾ ਜਿਹੀਆਂ ਮਾਰੀ ਜਾਂਦੇ। ਕੋਲ ਬੈਠੇ ਵੱਡੇ ਛੋਟੇ ਦਾ ਲਿਹਾਜ਼ ਹੈਨੀ। ਰਹਿੰਦੇ ਖੂੰਹਦੇ ਨਸ਼ਿਆਂ ਨੇ ਪੱਟ 'ਤੇ।" ਬੁੜੇ ਦੀਆਂ ਗੱਲਾਂ ਵਿਚ ਬਦਲੇ ਵੇਲਿਆਂ ਲਈ ਗੁੱਸਾ ਸੀ।

"ਮੁੰਡੀਰ ਤਾਂ ਪੁੱਠੀਆਂ ਚਾਟਾਂ 'ਤੇ ਪੈ ਗਈ ਡਰਇਵਰ ਸਾਬ੍ਹ। ਗਿੱਟਿਓਂ ਉੱਚੀਆਂ ਪੈਂਟਾਂ ਪਾਉਂਦੇ। ਵਾਲ ਸਹੁਰੀ ਦੇ ਇਉਂ ਮੁੰਨ੍ਹੇ ਹੁੰਦੇ ਜਿੱਦਾ ਕੁੱਕੜ ਦੇ ਖੰਭ ਖਿਲਰੇ ਹੋਣ।" ਬੁੜਿਆਂ ਦੀ ਬੀਤੇ ਵਾਲੀ ਰੀਲ਼ ਚੱਲ ਜਾਂਦੀ। ਕੋਲ ਬੈਠਾ ਕੋਈ ਮੱਦੀ ਬੁੜੇ ਵਰਗਾ ਬੋਲਦਾ-

"ਮੇਰਾ ਘਰ ਤਾਂ ਨਸ਼ਿਆਂ ਈ ਪੱਟਿਆ ਭਾਊ ਜੀ! ਮੁੰਡੇ ਨੂੰ ਮੈਂ ਡਾਕਟਰ ਦੇ ਲਵਾਂ 'ਤਾ। ਸੋਚਿਆ ਢਿੱਡ 'ਚ ਕੋਈ ਗੁਣ ਪੈਜੂ। ਗੁਣ ਤਾਂ ਪਿਆ ਨਾ। ਡਾਕਟਰ ਆਪ ਗੋਲੀ-ਗੱਟਾ ਖਾਂਦਾ ਸੀ। ਉਹਨੇ ਮੁੰਡੇ ਨੂੰ ਆਪਣੇ ਵਰਗਾ ਕਰ ਲਿਆ। ਗੋਲੀਆਂ ਤੋਂ ਸੂਟੇ 'ਤੇ ਆ ਗਿਆ। ਮੜੀਆਂ ਦੇ ਰਾਹ ਪਿਆ ਵੀ ਮੁੜਦਾ ਕੋਈ। ਇਨ੍ਹਾਂ ਮੋਢਿਆਂ 'ਤੇ ਅਰਥੀ ਚੁੱਕੀ ਸੀ ਮੈਂ।" ਆਪਣੇ ਮੋਢੇ 'ਤੇ ਹੱਥ ਮਾਰ ਕੇ ਮੱਦੀ ਬੁੜਾ ਅਥਰੂ ਕੇਰਣ ਲੱਗਾ। ਜਿਵੇਂ ਮੈਂ ਤੇ ਸ਼ਿਵਾ ਹੱਸਦੇ-ਹੱਸਦੇ ਰੋਣ ਲੱਗ ਜਾਂਦੇ। ਉਵੇਂ ਹੱਸਦੇ ਬੁੜੇ ਰੋਣ ਲੱਗ ਜਾਂਦੇ। ਮੈਨੂੰ ਮੇਰੇ ਵਿਆਹ ਦੇ ਦਿਨ ਚੇਤੇ ਆਉਂਦੇ। ਸ਼ਿਵਾ ਆਪਣੇ ਵਿਆਹ ਨੂੰ ਯਾਦ ਕਰ ਕੇ ਰੋਂਦਾ। ਮੈਨੂੰ ਹਰ ਕੋਈ ਰੋਂਦਾ ਦਿੱਸਦਾ। ਮੈਨੂੰ ਬੁੜਿਆ ਦਾ ਰੁਦਨ ਸੁਣਨ ਲੱਗਦਾ। ਮੜੀਆਂ ਵਿਚ ਮੈਨੂੰ ਡਰ ਆਉਂਦਾ। ਮੈਂ ਸ਼ਿਵੇ ਨੂੰ ਉਥੇ ਹੀ ਛੱਡ ਆਸ਼ਰਮ ਮੁੜ ਆਉਂਦਾ। ਦੀਵਾਲ਼ੀ ਵਾਲੀ ਰਾਤ ਮੈਂ ਸ਼ਿਵੇ ਵੱਲ ਨਹੀਂ ਗਿਆ। ਉਸ ਦਿਨ ਦਾਰੂ ਪੀਣ ਨੂੰ ਤਾਂ ਬਹੁਤ ਜੀਅ ਕਰਦਾ ਸੀ। ਪਰ ਮੈਂ ਬੁੜਿਆ ਨੂੰ ਛੱਡ ਕੇ ਨਾ ਗਿਆ। ਮੈਂ ਨਹੀਂ ਸੀ ਚਾਹੁੰਦਾ ਮੜੀਆਂ ਵਿਚ ਮੁੜ ਬੁੜਿਆਂ ਦਾ ਰੁਦਨ ਸੁਣਾ।


www.PunjabiLibrary.com

"ਪੁਰਾਣੇ ਵੇਲਿਆਂ 'ਚ ਸੁਣੇ ਸੀ ਕਿਤੇ ਇਹੋ ਜਿਹੇ ਬਿਰਧ ਆਸ਼ਰਮ। ਹੁਣ ਈ ਚੰਦਰੀ 'ਵਾ ਵੱਗ ਗਈ ਯਾਰ।" ਮਦਨ ਬੁੜ੍ਹਾ ਆਖਦਾ।

"ਉਹ ਚੱਲ ਜੇ ਆਸ਼ਰਮ ਖੋਲਣੇ ਈ ਸੀ ਤਾਂ ਉਹਨਾਂ ਲਈ ਹੁੰਦੇ ਜਿੰਨਾ ਮੇਰੇ ਵਰਗਿਆਂ ਦਾ ਕੋਈ ਨਾ ਹੁੰਦਾ। ਇੱਥੇ ਤਾਂ ਪੁੱਤ ਬੁੱਢਿਆਂ ਨੂੰ ਵਾਧੂ ਸਮਾਨ ਵਾਂਗੂੰ ਛੱਡ ਕੇ 'ਗਾਂਹ ਜਾਂਦੇ।"-ਕੋਈ ਹੋਰ ਆਖਦਾ।

"ਉਏ ਚੱਲ ਇਹ ਕਿਉਂ ਨਹੀਂ ਜੇ ਸੋਚਦੇ ਬਈ ਇਹ ਹੈਗੇ ਤਾਂ ਸਿਰ ਲੁਕਾਵਾ ਹੈਗਾ। ਨਹੀਂ ਤਾਂ...। ਪੁੱਤ ਕਪੁੱਤ ਹੋਣ ਦੀ ਰੁੱਤ ਚਲਦੀ ਇਹ।" ਬੇਨਤੀ ਬੁੜ੍ਹਾ ਆਖਦਾ। ਕੋਲ ਬੈਠਿਆਂ ਮੈਨੂੰ ਟਿੱਚਰ ਸੁੱਝੀ। ਉਹਦੇ ਸੁਭਾਅ ਵਾਂਗ ਹੀ ਮੈਂ ਮਖੌਲ ਕੀਤਾ, "ਪੰਡਿਤ ਜੀ ਹੁਣ ਇਹ ਨਾ ਕਹਿ ਦਿਓ ਕਿਤੇ ਕਿ ਬੁੜ੍ਹੇ-ਬੁੜ੍ਹੀਆਂ ਦਾ ਇੱਕਠਾ ਆਸ਼ਰਮ ਚਾਹੀਦਾ।" ਸਾਰੇ ਪਾਸੇ ਹਾਸਾ ਗੂੰਜ ਉੱਠਿਆ।

"ਨਾ ਮੈਂ ਤਾਂ ਜਦੋਂ ਚਿੱਤ ਵੱਜਿਆ ਉਠ ਬੀਬੀਆਂ-ਬਾਬਿਆਂ ਵਾਲੇ 'ਕੱਠੇ ਆਸ਼ਰਮ ਵਿਚ ਜਾ ਵੜਨਾ।"-ਬੇਨਤੀ ਪ੍ਰਸ਼ਾਦ ਕਿਹੜਾ ਟਲਦਾ ਸੀ।

ਰਾਤ ਖਾਸੀ ਬੀਤ ਗਈ ਸੀ। ਸ਼ਹਿਰ ਵਿੱਚ ਸੰਨਾਟਾ ਛਾ ਗਿਆ। ਕੋਈ ਵਿਰਲਾ-ਵਿਰਲਾ ਪਟਾਕਾ ਚਲਦਾ। ਹੌਲੀ-ਹੌਲੀ ਸਭ ਨੀਂਦ ਦੇ ਬਹਾਨੇ ਉਠਣ ਲੱਗੇ। ਮਹਿਫ਼ਲ ਖਿੰਡਨ ਲੱਗੀ।

******

ਦੀਵਾਲੀ ਮਗਰੋਂ ਅਚਾਨਕ ਮੀਂਹ ਪੈ ਗਿਆ।

ਠੰਡ ਕਾਫੀ ਹੋ ਗਈ ਸੀ। ਸਵੇਰੇ-ਸਵੇਰੇ, ਧੁੱਪ ਚੰਗੀ ਲੱਗਦੀ। ਬੁੜ੍ਹੇ ਧੁੱਪੇ ਬੈਠ ਕੇ ਅਖਬਾਰਾਂ ਪੜ੍ਹਦੇ। ਫਿਰ ਅਖ਼ਬਾਰਾਂ ਦਾ ਤਬਸਰਾ ਕੀਤਾ ਜਾਂਦਾ। ਜਿਹੋ-ਜਿਹੀ ਖ਼ਬਰ ਹੁੰਦੀ। ਉਹੋ ਜਿਹਾ ਚਰਚਾ ਛਿੜ ਪੈਂਦਾ। ਕਦੀ ਵਲੈਤੀ ਲਾੜਿਆਂ ਦੀਆਂ ਗੱਲਾਂ ਹੁੰਦੀਆਂ। ਕਦੀ ਬਾਬਿਆਂ ਦੀਆਂ। ਜਦੋਂ ਕਦੇ ਕੋਈ ਵਿਆਹ ਵਾਲੀ ਗੱਲ ਛਿੜਦੀ। ਬੁੜ੍ਹੇ ਸਭ ਤੋਂ ਵੱਧ ਚਰਚਾ ਕਰਦੇ। ਮੈਂ ਉਹਨਾਂ ਦੇ ਚਿਹਰੇ ਵੱਲ ਦੇਖਦਾ। ਇੱਕਲਤਾ ਦੇ ਸਤਾਏ, ਬੁੜ੍ਹੇ ਗੱਲਾਂ ਨਾਲ ਚਿੱਤ ਰਾਜ਼ੀ ਕਰਦੇ।

"ਵਿਆਹ ਤਾਂ ਪਹਿਲਾਂ ਹੁੰਦੇ ਸੀ। ਬਰਾਤਾਂ ਰਾਤ ਕੱਟਦੀਆਂ। ਸੇਵਾ ਹੁੰਦੀ। ਹੁਣ ਤਾਂ ਲੋਕ ਅੱਗ ਲੱਗੀ ਵਾਂਗ ਜਾਂਦੇ। ਧਾਤਾ-ਧਾਤਾ ਕਰਦੇ ਪਿਛਾਂਹ ਮੁੜਦੇ।"-ਕੋਈ ਜਾਣਾ ਪੁਰਾਣੇ ਵਿਆਹਾਂ ਦੀ ਗੱਲ ਛੇੜਦਾ।

"ਹੁਣ ਤਾਂ ਸਾਰਾ ਕੁਝ ਈ ਬਦਲ ਗਿਆ ਭਾਊ ਜੀ! ਵਿਆਹ ਹੁਣ ਪਹਿਲਾਂ ਵਰਗੇ ਕਿੱਥੋਂ ਹੋਣੇ। ਘਰੇ ਅਗਲਾ ਰਿਸ਼ਤੇਦਾਰਾਂ ਨੂੰ ਵੜਨ ਨਹੀਂ ਦਿੰਦਾ ਬਈ ਖਿਲਾਰਾ ਨਾ ਪੈ ਜਾਏ। ਪੈਲੇਸ ਆ ਗਏ। ਸਪੀਕਰ ਜਿਹੇ ਵੱਜੀ ਜਾਂਦੇ। ਲੋਕ ਅੰਨੇ ਬੋਲੇ ਹੋ ਕੇ ਤੁਰੇ ਫਿਰਦੇ। ਉਤੋਂ ਜਿਹੜੇ ਗਾਣੇ ਵੱਜਦੇ। ਰਹੇ ਰੱਬ ਦਾ ਨਾਂ। ਨਿਰਾ ਈ ਰੌਲਾ।"

ਮਾਝੇ ਵਾਲਾ ਭਾਊ ਮੇਜਾ ਸਿਹੁੰ ਦੱਸਣ ਲੱਗਾ। ਮੇਜਾ ਸਿਹੁੰ ਦੱਸਦਾ ਹੁੰਦਾ। ਕਿਸੇ ਵੇਲੇ ਉਹ ਗਾਉਂਦਾ ਸੀ। ਉਹ ਅੱਜ ਦੇ ਗੀਤਾਂ ਤੇ ਪੁਰਾਣੇ ਗੀਤਾਂ ਦਾ ਫ਼ਰਕ ਸਮਝਾਉਂਦਾ।


www.PunjabiLibrary.com

"ਵੇਖੋ ਭਾਊ ਜੀ! ਉਦੋਂ ਰਿਸ਼ਤਿਆਂ ਦੇ ਗੀਤ ਹੁੰਦੇ ਸੀ। ਗੀਤ ਜ਼ਿੰਦਗੀ ਦੇ ਦੁੱਖਾਂ-ਸੁੱਖਾਂ ਦੀ ਗੱਲ ਕਰਦੇ। ਹੁਣ ਸਹੁਰੀ ਦੀਆਂ ਚੀਕਾਂ ਜਿਹੀਆਂ ਮਾਰੀ ਜਾਂਦੇ ਗਾਉਣ ਵਾਲੇ। ਗੀਤ ਕਾਹਦੇ ਹੁਣ ਤਾਂ ਗਾਹਲ਼ਾਂ ਈ ਗਾਈ ਜਾਂਦੇ ਅਗਲੇ। ਮੇਰਾ ਤਾਂ ਜੀਅ ਕਰਦਾ। ਤੂੰਬੀ ਚੁੱਕ ਲਵਾਂ ਦੁਬਾਰਾ।" ਪਰ ਇੱਕਲਾਪੇ ਦਾ ਸਤਾਇਆ ਮੇਜਾ ਸਿਹੁੰ ਬਿਰਧ ਆਸ਼ਰਮ ਵਿੱਚ ਬੈਠਾ ਸੀ। ਉਹ ਆਪਣੀ ਤੂੰਬੀ ਹਰ ਵੇਲੇ ਆਪਣੇ ਕੋਲ ਰੱਖਦਾ। ਪਰ ਉਹਦੀ ਜ਼ਿੰਦਗੀ ਦੀਆਂ ਸੁਰਾਂ ਉਖੜੀਆਂ ਪਈਆਂ ਸਨ। ਕਦੇ-ਕਦੇ ਮੇਜੇ ਬੁੜੇ ਦਾ ਅਖਾੜਾ ਆਸ਼ਰਮ ਵਿਚ ਲੱਗ ਜਾਂਦਾ। ਬੁੜੇ ਆਪਣੀਆਂ-ਆਪਣੀਆਂ ਫਰਮਾਇਸ਼ਾਂ ਦੱਸਦੇ।

"ਭਾਊ ਦਿਉਰ ਭਾਬੀ ਵਾਲਾ ਆਉਣ ਦੇ 'ਕੇਰਾਂ।"

"ਜੁਗਨੀ ਛੱਡੀ ਮੇਜਿਆ।"

"ਭਾਊ ਜੀ ਮੇਜਾ ਸਿਆਂ।"

ਮੈਂ ਬੁੜਿਆਂ ਨੂੰ ਜਵਾਨ ਹੋਏ ਦੇਖਦਾ। ਉਹਨਾਂ ਨਾਲ ਝੂਮਣ ਲੱਗਦਾ। ਗੀਤ-ਸੰਗੀਤ ਮੁਕਦਾ ਤਾਂ ਕੋਈ ਹੋਰ ਕੋਈ ਨਵੀਂ ਕਥਾ ਛੋਹ ਲੈਂਦਾ। ਪਰ ਸਾਧੂ ਬੁੜਾ ਹਮੇਸ਼ਾ ਸਭ ਨਾਲੋਂ ਅਲੱਗ ਬੈਠਦਾ। ਉਹ ਖ਼ੁਦ ਨਾਲ ਪਚਰਿਆ ਰਹਿੰਦਾ। ਬੇਨਤੀ ਪ੍ਰਸ਼ਾਦ ਮਜ਼ਾਕ ਕਰਦਾ। ਪਰ ਸਾਧੂ ਬੁੜਾ, ਬੁਰਾ ਨਾ ਮਨਾਉਂਦਾ। ਬਸ ਹੱਸ ਛੱਡਦਾ। ਇੱਕ ਦਿਨ ਪਾਰਕ ਦੀ ਨੁੱਕਰੇ ਬੈਠਾ ਉਹ ਪੁਰਾਣੀਆਂ ਚਿੱਠੀਆਂ ਫੋਲ ਰਿਹਾ ਸੀ। ਮੈਂ ਵੀ ਕੋਲ ਜਾ ਬੈਠਾ। ਚਿੱਠੀਆਂ ਦੇਖਣ ਲੱਗਾ।

"ਡਿਪਟੀ ਯਾਰ! ਹੁਣ ਨਈ ਲ਼ਿਖਦੇ ਲੋਕ ਚਿੱਠੀਆਂ। ਆਹ ਤਾਂ ਬਹੁਤ ਪੁਰਾਣੀਆਂ ਨੇ। ਮੈਂ ਸੰਭਾਲ ਕੇ ਰੱਖੀਆਂ ਹੋਈਆਂ।"-ਸਾਧੂ ਬੁੜਾ ਚਿੱਠੀਆਂ ਫੋਲਦਾ ਬੋਲੀ ਗਿਆ। ਉਸਨੇ ਇੱਕ ਗੁਲਾਬੀ ਰੰਗ ਦੀ ਚਿੱਠੀ ਕੱਢੀ।

"ਇਹ ਮੈਂ ਆਪਣੀ ਘਰਵਾਲੀ ਨੂੰ ਲਿਖੀ ਸੀ। ਮੰਗਣੇ ਤੋਂ ਬਾਅਦ।"-ਗੁਲਾਬੀ ਚਿੱਠੀ ਦੇਖ ਕੇ ਉਸਦੀਆਂ ਅੱਖਾਂ ਵਿਚ ਚਮਕ ਆ ਗਈ।

ਅਸੀਂ ਚਿੱਠੀਆਂ ਦੀਆਂ ਗੱਲਾਂ ਕਰਨ ਬੈਠ ਗਏ।

"ਹੁਣ ਤਾਂ ਕਹਿੰਦੇ ਕੰਪਿਊਟਰ 'ਤੇ ਲਿਖ ਲਈ ਦੀ ਚਿੱਠੀ। ਮਿੰਟ 'ਚ ਦੂਜੇ ਪਾਸੇ ਪਹੁੰਚ ਜਾਂਦੀ। ਆਹ ਤਾਂ ਹੁਣ ਡਾਕੀਏ ਪਹੁੰਚਾਉਂਦੇ ਨਹੀਂ ਟਿਕਾਣੇ ਸਿਰ।" ਮੈਂ ਪਿੱਠ ਭੁਆਂ ਕੇ ਦੇਖਿਆ। ਦੇਸ ਰਾਜ ਡਾਕੀਆਂ ਲੱਤਾਂ ਪਸਾਰੀ ਘਾਹ 'ਤੇ ਬੈਠਾ ਸੀ। ਦੂਰ ਹੋਣ ਕਰਕੇ ਉਹਨੂੰ ਮੇਰੀ ਗੱਲ ਨਹੀ ਸੀ ਸੁਣੀ।

"ਡਾਕੀਏ ਨੂੰ ਵੀ ਗ਼ਲਤ ਪਤੇ 'ਤੇ ਭੇਜ ਦਿੱਤਾ ਕਿਸੇ ਨੇ।"-ਮੈਂ ਮਨ ਵਿਚ ਸੋਚਦਾ। ਸਾਧੂ ਬੁੜੇ ਦੀ ਗੁਲਾਬੀ ਚਿੱਠੀ ਦੇਖਦਾ ਰਿਹਾ।

"ਯਾਰ ਡਿਪਟੀ! ਆਹ ਇੱਕ ਫੋਨ ਮਿਲਾ ਕੇ ਦਈ। ਮੈਨੂੰ ਤਾਂ ਨੰਬਰ ਈ ਨ੍ਹੀ ਦਿਸਦੇ।"-ਦੇਸ ਰਾਜ ਡਾਕੀਏ ਦੀ ਹਾਕ ਸੁਣ ਕੇ ਮੈਂ ਪਿਛੇ ਦੇਖਿਆ। ਉਹ ਆਪਣਾ ਨੋਕੀਆ ਦਾ ਮੋਬਾਇਲ ਹੱਥ ਵਿਚ ਫੜੀ ਬੈਠਾ ਸੀ।


www.PunjabiLibrary.com

"ਪੋਸਟਮੈਨ ਸਾਬ੍ਹ ਤੁਸੀਂ ਵੀ ਮੋਬਾਇਲ 'ਤੇ ਆਗੇ।"-ਮੈਂ ਮਜ਼ਾਕ ਕਰਦਿਆਂ ਉਹਦਾ ਦੱਸਿਆ ਨੰਬਰ ਮਿਲਾ ਦਿੱਤਾ।

"ਤੁਸੀਂ ਚਿੱਠੀਆਂ ਪਾਉਂਣੀਆਂ ਭੁਲ ਗਏ ਜਦੋਂ ਦਾ ਟੈਲੀਫੋਨ ਲਗਿਆ।"-ਮੈਂ ਗੀਤ ਗਾਉਂਦਾ ਉਠ ਕੇ ਅੰਦਰ ਬੋਧੀ ਰਾਮ ਕੋਲ ਜਾ ਬੈਠਾ। ਕਦੇ-ਕਦੇ ਬੁੜੇ ਆਪਣੇ-ਆਪਣੇ ਘਰਾਂ ਨੂੰ ਯਾਦ ਕਰਦੇ। ਆਪਣੇ ਪਰਿਵਾਰਾਂ ਨੂੰ ਯਾਦ ਕਰਦੇ। ਜਿੰਨਾਂ ਦਾ ਕੋਈ ਨਹੀਂ ਸੀ ਉਹ ਕਿਸਮਤ ਨੂੰ ਕੋਸਦੇ ਤੇ ਜਿੰਨਾਂ ਨੂੰ ਉਨ੍ਹਾਂ ਦੇ ਆਪਣੇ ਇੱਥੇ ਛੱਡ ਗਏ ਸਨ। ਉਹ ਬੱਚਿਆਂ ਨੂੰ ਮਿਲਣ ਲਈ ਤਰਸਦੇ। ਕਦੀ-ਕਦੀ ਕਿਸੇ ਨਾ ਕਿਸੇ ਨੂੰ ਮਿਲਣ ਲਈ ਕੋਈ ਆ ਵੀ ਜਾਂਦਾ।

"ਇਹ ਬਜ਼ੁਰਗ ਵੀ ਕਿੰਨੇ ਧੰਨ ਹੁੰਦੇ ਨੇ। ਲੱਖ ਔਲਾਦ ਭੈੜੀ ਨਿਕਲੇ। ਫਿਰ ਵੀ ਇੰਨਾਂ ਦੇ ਮੂੰਹੋਂ ਅਸੀਸਾਂ ਨਿਕਲਦੀਆਂ।" ਮੈਂ ਬੋਧੀ ਰਾਮ ਕੋਲ ਬੈਠਾ, ਇਹ ਗੱਲ ਕਰਦਾ। ਬੋਧੀ ਰਾਮ ਆਪਣੀ ਆਦਤ ਅਨੁਸਾਰ ਕਥਾ ਛੇੜ ਲੈਂਦਾ।

"ਡਿਪਟੀ ਸਾਬ੍ਹ! ਮਹਾਂਪੁਰਸ਼ ਕਥਾ ਸੁਣਾਉਂਦੇ ਹੁੰਦੇ "-ਬੋਧੀ ਰਾਮ ਵਖਿਆਨ ਕਰਨ ਲੱਗਦਾ।

"ਇੱਕ ਮੁੰਡਾ ਕਿਸੇ ਕੁੜੀ ਦੇ ਮੋਹ ਜਾਲ ਵਿਚ ਫਸ ਗਿਆ। ਕੁੜੀ ਅੱਗੇ ਮੁੰਡੇ ਨੇ ਵਿਆਹ ਦੀ ਤਜ਼ਵੀਜ ਰੱਖੀ। ਕੁੜੀ ਵਿਆਹ ਲਈ ਤਾਂ ਰਾਜ਼ੀ ਹੋ ਗਈ। ਪਰ ਉਹਨੇ ਇੱਕ ਸ਼ਰਤ ਰੱਖ ਦਿੱਤੀ ਕਿ ਪਹਿਲਾਂ ਆਪਣੀ ਮਾਂ ਦਾ ਦਿਲ ਲੈ ਕੇ ਆ ਕੱਢ ਕੇ। ਮੈਂ ਫਿਰ ਤੇਰੇ ਨਾਲ ਵਿਆਹ ਕਰਵਾਊਂ। ਕੁੜੀ ਦੇ ਪਿਆਰ 'ਚ ਅੰਨ੍ਹਾ ਹੋਇਆ ਪੁੱਤ ਚਾਕੂ ਮਾਰ ਕੇ ਮਾਂ ਦਾ ਦਿਲ ਕੱਢ ਕੇ ਲੈ ਤੁਰਿਆ। ਮਾਂ ਦਾ ਕਤਲ ਕਰਦਿਆਂ ਉਹਨੇ ਛਿਣ ਨਾ ਲਾਇਆ। ਕੁੜੀ ਵੱਲ ਨੂੰ ਦੌੜਿਆ ਜਾਂਦਾ ਨੌਜਵਾਨ ਰਸਤੇ ਵਿਚ ਕਿਸੇ ਪੱਥਰ ਨਾਲ ਠੇਡਾ ਖਾ ਕੇ ਧੜੰਮ ਕਰਦਾ ਹੇਠਾਂ ਡਿੱਗ ਪਿਆ। ਉਸੇ ਪਲ ਮਾਂ ਦੇ ਦਿਲ 'ਚੋਂ ਅਵਾਜ਼ ਆਈ, "ਵੇਖੀ ਪੁੱਤ ਕਿਤੇ ਸੱਟ ਤਾਂ ਨਹੀਂ ਲੱਗੀ।" ਭਾਈ ਸਾਬ੍ਹ! ਇਹ ਹੁੰਦੇ ਨੇ ਮਾਪੇ।"-ਬੋਧੀ ਰਾਮ ਕਥਾ ਸੁਣਾ ਕੇ ਰਾਮ-ਰਾਮ ਜਪਣ ਲੱਗਦਾ।

"ਸੱਚੀ ਗੱਲ ਏ ਬੋਧੀ ਰਾਮਾਂ! ਘੋਰ ਕੱਲਯੁਗ ਚੱਲਦਾ।"- ਮੈਂ ਬੁੜਿਆਂ ਦੇ ਦੁੱਖ ਨੂੰ ਮਹਿਸੂਸ ਕਰਦਾ।

****

ਸਾਧੂ ਬੁੜਾ ਖਾਸਾ ਓਦਰਿਆ ਰਹਿੰਦਾ।

ਉਹਨੂੰ ਆਪਣੀ ਤੀਵੀਂ ਨਹੀਂ ਭੁੱਲਦੀ।

"ਜੇ ਉਹ ਨਾ ਗੁਜ਼ਰਦੀ, ਮੈਂ ਇੱਥੇ ਕਦੀ ਨਹੀਂ ਸੀ ਆਉਣਾ। ਉਹ ਬੱਚਿਆਂ ਵਾਂਗੂੰ ਮੇਰਾ ਖ਼ਿਆਲ ਰੱਖਦੀ ਸੀ।"-ਉਹ ਮੈਨੂੰ ਆਪਣੇ ਦਿਲ ਦੀ ਹਰ ਗੱਲ ਦੱਸਦਾ। ਤੀਵੀਂ ਨਾ ਹੋਣ ਦਾ ਦੁੱਖ ਮੈਂ ਵੀ ਤਾਂ ਜਾਣਦਾ ਸਾਂ। ਮੈਨੂੰ ਕਦੇ-ਕਦੇ ਆਸ਼ਰਮ ਵਿਚ ਭੈਅ ਆਉਂਦਾ। ਠੀਕ ਤਰ੍ਹਾਂ ਨੀਂਦ ਨਾ ਆਉਂਦੀ। ਮੇਰਾ ਜੀਅ ਕਰਦਾ। ਮੇਰਾ ਵੀ ਘਰ ਹੋਵੇ। ਮੈਂ


www.PunjabiLibrary.com

ਪਹਿਲਾਂ ਵਾਂਗ ਘਰ ਬੰਨ੍ਹ ਕੇ ਜੀਣ ਨੂੰ ਤਰਸਦਾ। ਮੈਨੂੰ ਇਉਂ ਲੱਗਦਾ, ਜਿਵੇਂ ਸੁੱਤੇ ਪਿਆਂ ਕੋਈ ਮੇਰੇ ਘੋਰਕੰਡੇ ਕਰ ਰਿਹਾ ਹੋਵੇ। ਮੈਂ ਸ਼ਿਵੇ ਕੋਲ ਜਾ ਕੇ ਦਾਰੂ ਪੀਣ ਲੱਗਦਾ।

"ਜੇ ਵਿਆਹ ਕਰਵਾ ਕੇ ਵੀ ਤੇਰੀ ਤੀਵੀਂ ਨਾਲ ਬਣ ਨਾ ਆਈ ਫੇਰ ?"-ਸ਼ਿਵਾ ਪੁੱਛਦਾ।

"ਯਾਰ ! ਦੋ ਭਾਂਡੇ ਤਾਂ ਖੜਕਦੇ ਈ ਹੁੰਦੇ।"-ਮੈਂ ਸੋਚਦਾ। ਕਾਸ਼ ਕੋਈ ਮੇਰੇ ਨਾਲ ਵੀ ਝਗੜਨ ਵਾਲਾ ਹੋਵੇ।

"ਜਵਾਕਾਂ ਉਸੇ ਆਸ਼ਰਮ ਵਿਚ ਛੱਡ ਆਉਣਾ ਅਖੀਰੀ ਜਿੱਥੇ ਤੂੰ ਨੌਕਰੀ ਕਰਦਾ।"- ਉਹ ਮਖੌਲ ਕਰਨ ਲੱਗਦਾ।

ਮੈਨੂੰ ਸ਼ਿਵੇ ਦੀ ਇਸ ਗੱਲ 'ਤੇ ਆਸ਼ਰਮ ਵਾਲੇ ਬੁੜੇ ਯਾਦ ਆ ਜਾਂਦੇ। ਮੈਂ ਚੁੱਪ ਕਰ ਜਾਂਦਾ। ਕਈ ਕੁਝ ਸੋਚ ਜਾਂਦਾ। ਅਗਲੇ ਪਲ ਬੁੜਿਆਂ ਵਾਂਗ ਹੀ ਸ਼ਿਵੇ ਨੂੰ ਜਵਾਬ ਦਿੰਦਾ, "ਚੱਲ ਜੀਂਦੇ-ਵਸਦੇ ਰਹਿਣ। ਬੇਗਾਨੇ ਥੋੜ੍ਹਾ ਨੇ ਮਾਪੇ ਕੁਮਾਪੇ ਥੋੜ੍ਹਾ ਹੁੰਦੇ ਸ਼ਿਵਿਆ।"

ਮੈਨੂੰ ਲੱਗਾ, ਮੈਂ ਨਹੀਂ ਕੋਈ ਬੁੜਾ ਬੋਲਿਆ ਹੋਵੇ।

**-ਸਿਰਜਣਾ**



www.PunjabiLibrary.com

# ਛੁੱਟੀ ਹੋਣ ਤੋਂ ਪਹਿਲਾਂ

ਪਿਛਲੇ ਮਹੀਨੇ ਜਦੋਂ ਬਲਦੀਪ ਮੈਨੂੰ ਮਿਲਿਆ ਸੀ, ਉਹ ਪਹਿਲਾਂ ਨਾਲੋਂ ਵੀ ਵੱਧ ਉਦਾਸ ਸੀ।

"ਫਤਹਿ, ਜ਼ਿੰਦਗੀ ਸਾਲ਼ੀ ਜ਼ਹਿਰ ਵਰਗੀ ਏ। ਜੀਅ ਕਰਦੈ ਥੁੱਕ ਕੇ ਪਰ੍ਹਾਂ ਮਾਰਾਂ।"

ਤੇ ਸੱਚਮੁਚ ਉਸਨੇ ਥੁੱਕ ਸੁੱਟਿਆ ਸੀ ਜਿਵੇਂ ਜ਼ਿੰਦਗੀ ਨੂੰ।

"ਫਤਹਿ! ਉਨ੍ਹੇ ਫਾਹਾ ਲੈ ਲਿਆ ਯਾਰ। ਮੈਂ ਦੇਖ ਕੇ ਆਇਆਂ। ਉਹਦੀਆਂ ਬਾਹਰ ਨੂੰ ਨਿਕਲੀਆਂ ਅੱਖਾਂ।"

ਸੋਢੀ ਬੱਚਿਆਂ ਵਾਂਗ ਰੋਣ ਲੱਗਿਆ ਸੀ।

ਅੱਖਾਂ ਤਾਂ ਮੇਰੀਆਂ ਵੀ ਭਰ ਆਈਆਂ ਸਨ। ਮੇਰੇ ਦਿਮਾਗ਼ ਵਿਚ ਬਲਦੀਪ ਦੀ ਤਸਵੀਰ ਉਭਰ ਆਈ ਸੀ।

"ਥੋੜ੍ਹਾ ਜਿਹਾ ਖ਼ੁਦ ਨੂੰ ਵੀ ਤਾਂ ਬਦਲ ਲੈ ਦੀਪ। ਜ਼ਿੰਦਗੀ 'ਚ ਇੰਝ ਦਾ ਬਹੁਤ ਕੁਝ ਹੁੰਦੈ। ਹਰ ਗੱਲ ਮਨ 'ਤੇ ਨਾ ਲਗਾਇਆ ਕਰ।"

ਉਸ ਦਾ ਉਦਾਸ ਚਿਹਰਾ ਦੇਖਕੇ ਮੈਂ ਵੀ ਉਦਾਸ ਹੋ ਗਿਆ ਸੀ ਉਸ ਦਿਨ।

"ਮੈਂ ਸੰਵੇਦਨਸ਼ੀਲ ਬੰਦਾ ਆਂ ਯਾਰ! ਕੋਈ ਹੋਰ ਹੁੰਦਾ ਤਾਂ ਪਰਵਾਹ ਨਾ ਕਰਦਾ।"

ਉਹ ਹਰ ਗੱਲ ਦੀ ਪਰਵਾਹ ਕਰਦਾ।

ਪਰ ਉਸਨੇ ਇੰਝ ਕਿਵੇਂ? ਮੈਂ ਸੋਚਦਾ ਰਿਹਾ।

ਸਿਰਹਾਣੇ ਪਈ ਚਾਹ ਪਾਣੀ ਬਣ ਗਈ ਸੀ। ਗਗਨ ਅੰਦਰ ਆਈ। ਮੇਰੀਆਂ ਭਿੱਜੀਆਂ ਅੱਖਾਂ ਦੇਖ ਕੇ ਉਹ ਡਰ ਗਈ।

"ਕੀ ਹੋਇਆ!"

ਉਸਦੀ ਆਵਾਜ਼ ਵਿਚ ਸਹਿਮ ਸੀ।

"ਦੀਪ ਨੇ।" ਮੇਰਾ ਗੱਚ ਭਰ ਆਇਆ।

ਪਰ ਉਹ ਕੁਝ ਨਾ ਬੋਲੀ।

"ਉਧਰ ਜਾਣੈਂ ਤੁਸੀਂ? ਮੈਂ ਖਾਣਾ ਬਣਾ ਲਵਾਂ।"

ਉਹ ਕਿਚਨ ਵਿਚ ਜਾ ਕੇ ਖਾਣਾ ਬਣਾਉਣ ਲੱਗੀ।

ਮੈਂ ਕਹਿਣਾ ਚਾਹੁੰਦਾ ਸੀ ਕਿ ਤੂੰ ਵੀ ਨਾਲ ਚੱਲ ਪੈ ਕਿਹੜਾ ਕਿਸੇ ਦਾ ਦੁੱਖ ਤੋੜ ਕੇ ਲਾਹ ਦੇਣਾ। ਪਰ ਕੁਝ ਕਹਿਣ ਦੀ ਜਿਵੇਂ ਹਿੰਮਤ ਹੀ ਨਾ ਪਈ।

ਮੈਂ ਕੰਬਲ਼ ਉਪਰ ਲੈ ਕੇ ਕਿੰਨੀ ਹੀ ਦੇਰ ਉਸੇ ਤਰ੍ਹਾਂ ਪਿਆ ਰਿਹਾ। ਵਕਤ ਦਾ ਕੁਝ ਪਤਾ ਹੀ ਨਾ ਲੱਗਿਆ। ਮੇਰੀਆਂ ਸੋਚਾਂ ਵਿਚ ਦੀਪ ਘੁੰਮਦਾ ਰਿਹਾ।


www.PunjabiLibrary.com

ਜਿਸ ਦਿਨ ਉਸਦੀ ਦੇਖ-ਦਿਖਾਈ ਹੋਈ ਸੀ, ਸੋਢੀ ਦੀ ਦੁਕਾਨ 'ਤੇ ਮਿਲ਼ੇ ਸਾਂ ਅਸੀਂ। ਦੀਪ ਉਸ ਦਿਨ ਵੀ ਉਦਾਸ ਸੀ।

"ਹੁਣ ਤਾਂ ਹੱਸ ਲੈ ਚਾਰ ਦਿਨ। ਵਿਆਹ ਪਿੱਛੋਂ ਸਾਡੇ ਵਾਂਗ ਰੋਂਦਾ ਫਿਰੇਗਾਂ। ਨਹੀਂ ਤਾਂ ਪੁੱਛ ਲੈ ਕੈਸ਼ੀਅਰ ਸਾਬ੍ਹ ਨੂੰ।"

ਸੋਢੀ ਦੀਪ ਨੂੰ ਆਖਦਾ, ਮੇਰੇ ਵੱਲ ਦੇਖ ਕੇ ਠਹਾਕਾ ਮਾਰ ਕੇ ਹੱਸਿਆ। ਦੀਪ ਵੀ ਫਿੱਕਾ ਜਿਹਾ ਹੱਸਿਆ। ਮੈਂ ਜਾਣਦਾ ਸਾਂ ਉਸਦੇ ਸੁਭਾਅ ਨੂੰ। ਇਸ ਲਈ ਉਸਦੀ ਬਰਾਤ ਵਾਲੇ ਦਿਨ ਮੈਂ ਉਸਨੂੰ ਹਸਾਉਣ ਦੀ ਕੋਸ਼ਿਸ਼ ਵਾਰ-ਵਾਰ ਕਰਦਾ ਰਿਹਾ ਸੀ। ਪਰ ਦੀਪ ਤਾਂ ਜਿਵੇਂ ਸੱਤ ਜਨਮਾਂ ਦਾ ਉਦਾਸ ਸੀ।

ਉਸਦੀਆਂ ਲਾੜਾ ਬਣੇ ਦੀਆਂ ਤਸਵੀਰਾਂ ਮੇਰੀਆਂ ਅੱਖਾਂ ਅੱਗੇ ਆ ਗਈਆਂ।

"ਬੱਚਿਆਂ ਦੇ ਆਉਣ ਤੋਂ ਪਹਿਲਾਂ ਮੁੜ ਆਇਓ ਫਿਰ ਉਧਰੋਂ। ਅੱਜ ਤਾਂ ਚੱਲ ਸਬੱਬ ਨਾਲ...। ਮੈਂ ਜਾ ਕੇ ਲੀਵ ਦੇ ਦਿੰਦੀ ਹਾਂ ਤੁਹਾਡੀ।" ਗਗਨ ਦੇ ਬੋਲਾਂ ਨੇ ਮੇਰੀ ਸੁਰਤੀ ਤੋੜ ਦਿੱਤੀ।

"ਮੈਂ ਮੇਲੇ ਤਾਂ ਨਹੀਂ ਚੱਲਿਆ। ਮੇਰਾ ਸਭ ਤੋਂ ਕਰੀਬੀ ਦੋਸਤ ਫਾਹਾ ਲੈ ਕੇ ਮਰ ਗਿਆ ਤੈਨੂੰ...।" ਕਿੰਨਾ ਕੁਝ ਕਹਿਣਾ ਚਾਹੁੰਦਾ ਸੀ ਮੈਂ, ਪਰ ਕਹਿ ਨਾ ਸਕਿਆ।

ਦੀਪ ਦੇ ਵਿਆਹ ਮੌਕੇ ਵੀ ਤਾਂ ਆਹੀ ਕੁਝ ਹੋਇਆ ਸੀ। ਗਗਨ ਵਿਆਹ ਨਹੀਂ ਸੀ ਤੁਰੀ ਮੇਰੇ ਨਾਲ਼। ਹਜ਼ਾਰ ਵਾਰ ਪੁੱਛਣ 'ਤੇ ਇਕ ਸਤਰ ਵਿਚ ਗੱਲ ਮੁਕਾ ਦਿੱਤੀ ਸੀ ਉਸਨੇ।

"ਬੱਸ ਮੇਰਾ ਮਨ ਨਹੀਂ ਕਰਦਾ।"

........ਤੇ ਮੈਨੂੰ ਤੁਰਨ ਵੇਲ਼ੇ ਉਹਨੇ ਹਜ਼ਾਰ ਵਾਰ ਯਾਦ ਕਰਵਾਇਆ ਸੀ।

"ਵੇਲ਼ੇ ਨਾਲ ਮੁੜ ਆਇਓ ਐਵੇਂ ਨਾ ਬੈਠੇ ਰਹਿਓ ਉੱਥੇ।"

ਮੇਰਾ ਦਿਲ ਕੀਤਾ ਸੀ, ਸਿਰ ਉੱਤੋਂ ਪੱਗ ਵਗਾਹ ਕੇ ਮਾਰਾਂ।

"ਸਾਲ਼ਾ ਕਿਤੇ ਜਾਣਾ ਹੋਵੇ । ਤੇਰਾ ਆਹੀ ਯੱਬ ਰਹਿੰਦਾ।"

ਮੈਂ ਬੋਲਦਾ ਬੋਲਦਾ ਰੁਕ ਗਿਆ। ਡਰ ਸੀ ਕਿ 'ਹਮੇਸ਼ਾ' ਵਾਂਗ ਇਸ ਵਾਰ ਵੀ 'ਨਿੱਕੀ ਜਿਹੀ ਗੱਲ' ਵਧ ਕੇ 'ਕਲੇਸ਼' ਨਾ ਬਣ ਜਾਏ। ਮੇਰਾ ਮਨ ਸਾਰਾ ਦਿਨ ਬੁਝਿਆ ਰਿਹਾ ਸੀ। ਪਰ ਫਿਰ ਵੀ ਮੈਂ ਦੀਪ ਨੂੰ ਖੁਸ਼ ਦੇਖਣਾ ਚਾਹੁੰਦਾ ਸੀ।

"ਸਾਡੀ ਬਣਨੀ ਨਹੀਂ ਫਤਹਿ। ਮੈਂ ਮਹਿਸੂਸ ਕੀਤਾ। ਜ਼ਮੀਨ ਅਸਮਾਨ ਦਾ ਫ਼ਰਕ ਹੈ ਸਾਡੀ ਸੋਚ ਵਿਚ।"

ਵਿਆਹ ਤੋਂ ਦੋ ਕੁ ਮਹੀਨੇ ਪਹਿਲਾਂ, ਦੀਪ ਭਵਿੱਖਬਾਣੀ ਕਰਨ ਲੱਗਿਆ ਸੀ।

"ਫਿਰ ਤਾਂ ਦੋ ਗੱਲਾਂ ਨੇ। ਜਾਂ ਤਾਂ ਹੁਣ ਹਿੰਮਤ ਕਰ ਲੈ। ਜਵਾਬ ਦੇ ਦੇ ਇਸ ਰਿਸ਼ਤੇ ਤੋਂ। ਜਾਂ ਫਿਰ ਸਾਰੀ ਉਮਰ.......।"

ਉਸ ਪਲ ਜਿਵੇਂ ਮੈਨੂੰ ਮੇਰਾ ਵੇਲ਼ਾ ਚੇਤੇ ਆ ਗਿਆ ਸੀ।


www.PunjabiLibrary.com

"ਬਾਕੀ ਇਕ ਦੂਜੇ ਨੂੰ ਸਮਝਣ 'ਤੇ ਟਾਈਮ ਲੱਗਦਾ। ਦੋ ਭਾਂਡੇ ਆਪਸ 'ਚ ਭਿੜ ਈ ਪੈਂਦੇ ਨੇ।"

ਇਸੇ ਭੇੜ ਤੋਂ ਡਰਦਿਆਂ, ਬਰਾਤ ਮੁੜਦਿਆਂ ਸਾਰ ਮੈਂ ਮੋਟਰਸਾਈਕਲ ਚੁੱਕ ਕੇ ਘਰ ਮੁੜ ਆਇਆ ਸੀ। ਦੀਪ ਨੇ ਬਹੁਤ ਰੋਕਿਆ। ਬਹੁਤ ਤਰਲੇ ਲਏ। ਇਕ ਮਨ ਕੀਤਾ, ਗਗਨ ਨੂੰ ਫੋਨ ਕਰ ਕੇ ਨਾ ਆਉਣ ਦਾ ਕਹਿ ਦਿਆਂ। ਇੰਨਾ ਵੀ ਕਿਹੜਾ ਭੁਚਾਲ ਆ ਚੱਲਿਆ। ਪਰ ਮਨ ਨੂੰ ਇਕ ਅਜੀਬ ਜਿਹੀ ਚਿੰਤਾ ਖਾਈ ਜਾ ਰਹੀ ਸੀ। ਮੈਂ ਘਰ ਮੁੜ ਆਇਆ। ਪਰ ਗਗਨ ਤਾਂ ਫਿਰ ਵੀ ਨਰਾਜ਼ ਸੀ। ਖਿਝ ਸੀ ਉਸਦੇ ਬੋਲਾਂ 'ਚ।

"ਰੋਟੀ ਖਾਣੀ ਐ ?"

ਬੱਚਿਆਂ ਨਾਲ ਪਈ ਹੀ ਬੋਲੀ ਸੀ ਉਹ।

ਮੈਂ ਸਿਰ ਹਿਲਾ ਕੇ ਨਾਂਹ ਕਰ ਦਿੱਤੀ। ਮਨ 'ਤੇ ਛਾਈ ਉਦਾਸੀ ਹੋ ਗੂੜ੍ਹੀ ਹੋ ਗਈ ਸੀ।

"ਅੱਜ ਫਿਰ ਮੈਂ ਐਕਟਿਵਾ ਲੈ ਜਾਂਦੀ ਹਾਂ।"

ਪਰਸ ਚੁੱਕਦੀ ਹੋਈ ਗਗਨ ਬੋਲੀ।ਉਸ ਨੇ ਮੇਰਾ ਜਵਾਬ ਨਹੀਂ ਸੀ ਉਡੀਕਿਆ।

"ਰੋਟੀ ਪਈ ਏ ਰਸੋਈ 'ਚ। ਖਾ ਲਿਓ। ਛੁੱਟੀ ਤੋਂ ਪਹਿਲਾਂ ਆ ਜਾਇਓ।"

ਅਗਲੇ ਪਲ ਸਕੂਟੀ ਸਟਾਰਟ ਹੋਣ ਦੀ ਆਵਾਜ਼ ਮੇਰੇ ਕੰਨੀਂ ਪਈ। ਤੇ ਓਸ ਤੋਂ ਅਗਲੇ ਪਲ ਗਗਨ ਬੂਹਿਉਂ ਬਾਹਰ ਹੋ ਗਈ।

ਅਸੀਂ ਦੋਨੋਂ ਇਕੋ ਬੈਂਕ ਵਿਚ ਨੌਕਰੀ ਕਰਦੇ ਹਾਂ।

ਗਗਨ ਦੇ ਚਲੇ ਜਾਣ ਤੋਂ ਬਾਅਦ ਮੈਂ ਦੀਪ ਨੂੰ ਭੁੱਲ ਕੇ ਸਾਡੇ ਆਪਣੇ ਰਿਸ਼ਤੇ ਬਾਰੇ ਸੋਚਣ ਲੱਗਾ।

ਕਿੰਨੇ ਸਾਲ ਬੀਤ ਗਏ ਨੇ ਸਾਡੇ ਵਿਆਹ ਨੂੰ, ਪਰ ਫਿਰ ਵੀ ਮੈਂ ਗਗਨ ਨੂੰ ਸਮਝ ਨਹੀਂ ਸਕਿਆ। ਨਿੱਕੀ ਨਿੱਕੀ ਗੱਲ ਤੋਂ ਸਾਡੇ ਵਿਚ ਤਕਰਾਰ ਹੋ ਜਾਂਦੀ। ਮੈਂ ਹਰ ਤਰ੍ਹਾਂ ਨਾਲ ਮਾਹੌਲ ਨੂੰ ਠੀਕ ਰੱਖਣ ਦੀ ਕੋਸ਼ਿਸ਼ ਕਰਦਾ।

"ਸਭ ਤੋਂ ਕਰੀਬੀ ਯਾਰ ਹੀ ਸਭ ਤੋਂ ਪਹਿਲਾਂ ਘਰਾਂ ਨੂੰ ਦੌੜ ਗਏ।"

ਮੈਨੂੰ ਯਾਦ ਹੈ, ਵਿਆਹ ਵਾਲੀ ਰਾਤ ਮੇਰੇ ਨਾ ਰੁਕਣ ਤੋਂ ਬਹੁਤ ਖਫ਼ਾ ਹੋਇਆ ਸੀ ਦੀਪ।

.......ਤੇ ਮੈਂ ਅੱਜ ਵੀ ਬੱਚਿਆਂ ਦੇ ਸਕੂਲ ਤੋਂ ਮੁੜਨ ਤੋਂ ਪਹਿਲਾਂ ਘਰ ਮੁੜਨਾ ਹੈ। ਗਗਨ ਦੀ ਗੱਲ ਯਾਦ ਕਰਕੇ ਮਨ ਇਕ ਵਾਰ ਫਿਰ ਤੋਂ ਉਦਾਸ ਹੋ ਗਿਆ। ਮੈਂ ਉਠ ਕੇ ਕੱਪੜੇ ਬਦਲੇ। ਬਿਨ ਨਹਾਏ ਹੀ ਤਿਆਰ ਹੋ ਕੇ ਦੀਪ ਦੇ ਪਿੰਡ ਵੱਲ ਨੂੰ ਤੁਰ ਪਿਆ। ਸਾਰੇ ਰਾਹ ਦੀਪ ਜਿਵੇਂ ਮੇਰੇ ਨਾਲ ਤੁਰਦਾ ਰਿਹਾ। ਇਸ ਰਸਤੇ ਤੋਂ ਕਿੰਨੀ ਵਾਰ ਇਕੱਠਿਆਂ ਗੁਜ਼ਰੇ ਸਾਂ ਅਸੀਂ। ਮੇਰੇ ਚੇਤੇ ਵਿਚ ਉਹ ਦਿਨ ਉਭਰ ਆਇਆ, ਜਦ ਉਸਦੇ ਰੋਕੇ ਤੋਂ ਬਾਅਦ ਉਸਦੇ ਪਿੰਡ ਗਏ ਸੀ ਅਸੀਂ। ਬਾਕੀ ਪਰਿਵਾਰ ਨੂੰ ਭੇਜ ਕੇ, ਉਹ ਸਾਡੇ ਨਾਲ ਸੋਢੀ


www.PunjabiLibrary.com

ਵਾਲੀ ਗੱਡੀ 'ਚ ਆ ਬੈਠਾ। ਸੋਢੀ ਗੱਡੀ ਚਲਾ ਰਿਹਾ ਸੀ। ਅਸੀਂ ਦੋਨੋਂ ਪਿਛਲੀ ਸੀਟ 'ਤੇ ਬੈਠੇ ਸਾਂ।

"ਫਤਹਿ! ਮੇਰਾ ਮਨ ਨਹੀਂ ਠੀਕ।"

"ਦੀਪ ਕਿਉਂ ਇੰਨਾ ਨੈਗੇਟਿਵ ਸੋਚਦਾ ਹੈਂ ਯਾਰ। ਕੁੜੀ ਪੜ੍ਹੀ ਲਿਖੀ ਏ। ਘਰ ਪਰਿਵਾਰ ਚੰਗਾ ਹੈ, ਹੋਰ ਦਿੱਕਤ ਕੀ ਹੈ ? ਇਹ ਵੀ ਤਾਂ ਦੱਸ। ਜਦ ਦੇਖ-ਦਿਖਾਈ ਹੋਈ ਸੀ, ਤੂੰ ਉਦੋਂ ਕਿਉਂ ਨਾ ਨਾਂਹ ਕੀਤੀ ਫੇਰ ਇਸ ਰਿਸ਼ਤੇ ਤੋਂ ?"

"ਨਾਂਹ ਇਸ ਲਈ ਨਹੀਂ ਸੀ ਕਰ ਸਕਿਆ, ਕਿਉਂਕਿ ਸਾਡੇ ਇੱਥੇ ਰਿਸ਼ਤੇ ਮੁੰਡੇ ਕੁੜੀ ਦੇ ਨਹੀਂ ਹੁੰਦੇ। ਦੋ ਪਰਿਵਾਰਾਂ ਦੇ ਹੁੰਦੇ ਨੇ। ਸਮਾਜ ਦੇ ਹੁੰਦੇ ਨੇ। ਅਸੀਂ ਖ਼ੁਦ ਮਰਦੇ ਹਾਂ ਪਰ ਸਮਾਜ ਲਈ ਜਿਉਣ ਦੀ ਕੋਸ਼ਿਸ਼ ਕਰਦੇ ਹਾਂ।"

ਮੈਂ ਦੇਖਿਆ ਉਸਦੀਆਂ ਅੱਖਾਂ ਵਿਚ ਹਲਕੀ ਜਿਹੀ ਨਮੀ ਸੀ।

ਉਹ ਨਮੀ ਸ਼ਾਇਦ ਇਸੇ ਦਿਨ ਦਾ ਸੰਕੇਤ ਸੀ।

"ਤੂੰ ਤਾਂ ਕਲਾਕਾਰ ਐਂ ਦੀਪ। ਤੈਥੋਂ ਵੱਧ ਕੌਣ ਸਮਝ ਸਕਦਾ। ਮਨ ਨੂੰ ਸਮਝਾ। ਇਉਂ ਕਿਵੇਂ ਸਰਨਾ ਯਾਰ।"

ਮੈਂ ਉਸਦੇ ਕੱਲ੍ਹ ਲਈ ਚਿੰਤਤ ਸਾਂ।

"ਫਤਹਿ ਮਨ ਐਵੇਂ ਹੀ ਉਦਾਸ ਨਹੀਂ ਹੁੰਦਾ। ਬਹੁਤ ਕੁਝ ਮਹਿਸੂਸ ਕਰਦਾ ਇਹ।"

ਉਸ ਦਿਨ ਮੈਨੂੰ ਲੱਗਿਆ ਸੀ ਜਿਵੇਂ ਉਹ ਆਪਣੇ ਕਿਸੇ ਨਾਟਕ ਦਾ ਸੰਵਾਦ ਸੁਣਾ ਰਿਹਾ ਹੋਵੇ। ਪਰ ਸੱਚਮੁੱਚ ਉਸਦੀ ਜ਼ਿੰਦਗੀ ਉਦਾਸ ਬਣ ਗਈ ਸੀ। ਉਸਦੇ ਮਹਿਸੂਸ ਕੀਤੇ ਸੰਕੇਤ ਸੱਚ ਹੋਈ ਜਾ ਰਹੇ ਸਨ।

ਮਸਾਂ ਤਿੰਨ ਕੁ ਦਿਨ ਹੀ ਬੀਤੇ ਸਨ ਅਜੇ। ਫੋਨ 'ਤੇ ਸਾਡੀ ਲੰਬੀ ਗੱਲ ਹੋਈ ਸੀ।

"ਗੱਲ ਕਿੰਨੀ ਮਾਮੂਲ਼ੀ ਸੀ ਫਤਹਿ। ਮੈਂ ਸਿਰਫ ਇਹ ਕਿਹਾ ਸੀ ਕਿ ਬਹੁਤਾ ਮੇਕਅੱਪ ਨਾ ਕਰਿਆ ਕਰ। ਮੈਨੂੰ ਨਹੀਂ ਚੰਗਾ ਲੱਗਦਾ। ਕੀ ਬੁਰਾਈ ਸੀ ਇਸ ਗੱਲ 'ਚ। ਉਹ ਮੂੰਹ ਬਣਾਈ ਬੈਠੀ ਦੋ ਦਿਨ ਹੋਗੇ। ਸਾਰਾ ਦਿਨ ਰੋਟੀ ਨਹੀਂ ਖਾਧੀ।"

ਦੀਪ ਦੀ ਆਵਾਜ਼ ਵਿਚ ਖਿਝ ਵੀ ਸੀ ਤੇ ਉਦਾਸੀ ਵੀ।

"ਇਕ ਦੂਜੇ ਨੂੰ ਸਮਝਣ ਵਿਚ ਵਕਤ ਲੱਗਦਾ। ਅਜੇ ਤਾਂ ਦਿਨ ਹੀ ਦੋ ਹੋਏ ਨੇ। ਸਿੰਪਲ ਲਿਵਿੰਗ ਤੈਨੂੰ ਪਸੰਦ ਹੈ। ਪਰ ਔਰਤ ਨੂੰ ਹਾਰ-ਸ਼ਿੰਗਾਰ ਵੱਧ ਚੰਗਾ ਲੱਗਦਾ। ਇਹ ਗੱਲ ਲੜਨ ਵਾਲੀ ਨਹੀਂ।"

ਮੇਰੀਆਂ ਅੱਖਾਂ ਅੱਗੇ ਗਗਨ ਆ ਗਈ ਸੀ। ਅਸੀਂ ਤਾਂ ਦਸ ਸਾਲ ਇਕੱਠੇ ਰਹਿ ਕੇ ਵੀ ਨਹੀਂ ਸਾਂ ਸਮਝ ਸਕੇ ਇਕ ਦੂਜੇ ਨੂੰ।

ਸੱਚਮੁੱਚ ਹੋਣੀਆਂ ਦੇ ਵੀ ਸੰਕੇਤ ਹੁੰਦੇ ਨੇ।

ਸਾਡੇ ਵਿਚਕਾਰ ਅਕਸਰ ਤਣਾਅ ਪਸਰਿਆ ਰਹਿੰਦਾ। ਵਜਾਹ ਹੁੰਦੀ, ਬੱਸ ਬੇਅਰਥ ਜਿਹੀਆਂ ਗੱਲਾਂ।


www.PunjabiLibrary.com

"ਹਰੇਕ ਇਨਸਾਨ ਲਈ ਜ਼ਿੰਦਗੀ ਦੇ ਆਪਣੇ ਆਪਣੇ ਅਰਥ ਹੁੰਦੇ ਨੇ ਫਤਹਿ। ਮੇਰੇ ਲਈ ਜ਼ਿੰਦਗੀ ਮਹਿਜ਼ ਆਟਾ, ਸਬਜ਼ੀਆਂ ਖਰੀਦਣਾ ਨਹੀਂ। ਥੀਏਟਰ ਜਨੂੰਨ ਹੈ ਮੇਰਾ।"

ਉਸ ਦਿਨ ਸਭ ਤੋਂ ਵੱਧ ਤੜਫ਼ਿਆ ਸੀ ਦੀਪ।

"ਉਹ ਆਖਦੀ ਹੈ, ਮੇਰਾ ਨਾਟ-ਗਰੁੱਪ ਵਾਲ਼ੀ ਸਾਵੀ ਨਾਲ ਰਿਸ਼ਤਾ। ਮੇਰੇ ਕਿਰਦਾਰ 'ਤੇ ਸ਼ੱਕ ਹੈ ਉਸਨੂੰ। ਕਹਿੰਦੀ ਤੂੰ ਨਾਟਕ ਖੇਡਦਾ ਨਹੀਂ, 'ਨਾਟਕ ਕਰਦਾ' ਹੈ।"

ਅੱਜ ਉਹੀ ਨਾਟਕ ਵਾਲਾ ਦੀਪ!!

ਕਾਲਿਜ ਵੇਲ਼ੇ ਸ਼ੁਰੂ ਹੋਇਆ ਸੀ ਦੀਪ ਦਾ ਇਹ ਸਫ਼ਰ।

ਪ੍ਰੋਫੈਸਰ ਵਰਮਾ ਨੇ ਕਲਾਸ ਵਿਚ ਆ ਕੇ ਪੁੱਛਿਆ ਸੀ, ਸਭ ਨੂੰ।

"ਅਸੀਂ ਨਾਟਕ ਦਾ ਮੰਚਨ ਕਰਨਾ ਹੈ। ਜਿਹੜੇ ਵਿਦਿਆਰਥੀ ਇੱਛੁਕ ਨੇ, ਅਡੀਸ਼ਨ ਲਈ ਜ਼ਰੂਰ ਆਇਓ।"

ਦੀਪ ਸਭ ਤੋਂ ਪਹਿਲਾਂ ਗਿਆ ਤੇ ਉਸ ਨਾਟਕ ਦਾ ਕੇਂਦਰੀ ਪਾਤਰ ਬਣਿਆ ਸੀ। ਮੈਂ ਤੇ ਸੋਢੀ ਨੇ ਸਭ ਤੋਂ ਅੱਗੇ ਬੈਠ ਕੇ ਨਾਟਕ ਦੇਖਿਆ ਸੀ।

ਨਾਟਕ ਇਸ਼ਕ ਹੋ ਨਿਬੜਿਆ ਸੀ ਦੀਪ ਦਾ।

"ਇਸ ਨਾਟਕਬਾਜ਼ੀ ਨੇ ਰੋਟੀ ਨਹੀਂ ਦੇਣੀ। ਜ਼ਿੰਮੇਵਾਰੀ ਵੀ ਤਾਂ ਕੋਈ ਚੀਜ਼ ਹੁੰਦੀ। ਫੜਿਆ ਬੈਗ ਤੇ ਤੁਰ ਗਏ ਘਰ ਤੋਂ।"

ਦੀਪ ਜਦੋਂ ਵੀ ਨਾਟਕ ਖੇਡਣ ਲਈ ਤੁਰਨ ਲੱਗਦਾ। ਨਿਰਮਲ ਕਲੇਸ਼ ਪਾ ਕੇ ਬੈਠ ਜਾਂਦੀ। ਸਾਫ ਕਿਹਾ ਸੀ ਉਸਨੇ ਕਿ ਉਹ ਇਸ 'ਫਾਲਤੂ ਕੰਮ' ਨੂੰ ਛੱਡ ਕੇ ਕੋਈ 'ਹੋਰ ਧੰਦਾ' ਕਰ ਲਏ।

"ਮੈਂ ਬਹੁਤ ਕੁਝ ਛੱਡਿਆ ਯਾਰ। ਸਿਰਫ਼ ਇਸ ਲਈ ਕਿ ਘਰ ਦਾ ਮਾਹੌਲ ਠੀਕ ਰਹੇ। ਪਰ ਨਾਟਕ ਬਿਨਾਂ ਮਰ ਜਾਊਂ ਮੈਂ।"

ਸਾਡੇ ਕੋਲ਼ ਬੈਠਾ ਦੀਪ ਅੰਤਾਂ ਦਾ ਨਿਰਾਸ ਸੀ।

ਮੈਂ ਤੇ ਸੋਢੀ ਨੇ ਬਹੁਤ ਸਮਝਾਇਆ। ਮਰ ਜਾਣ ਦੀ ਗੱਲ ਤਾਂ ਉਸ ਨੇ ਉਸ ਦਿਨ ਵੀ ਕੀਤੀ ਸੀ।

"ਨੱਬੇ ਪਰਸੈਂਟ ਤਲਾਕ ਤਾਂ ਵਿਚਾਰ ਨਾ ਮਿਲਣ ਕਰਕੇ ਹੀ ਹੁੰਦੇ ਨੇ। ਜੇ ਨਹੀਂ ਬਣ ਆਉਂਦੀ ਤਾਂ ਹੁਣ ਅਲੱਗ ਹੋ ਜਾਓ। ਕੱਲ੍ਹ ਨੂੰ ਬੱਚੇ ਹੋ ਜਾਣ ਤੋਂ ਬਾਅਦ ਬੰਦਾ ਬੱਚਿਆਂ ਖਾਤਰ ਸਮਝੌਤੇ ਕਰਦਾ ਫਿਰਦਾ। ਇਉਂ ਜ਼ਿੰਦਗੀ ਕਿਵੇਂ ਨਿਕਲੂ ?"

........ਤੇ ਸੱਚਮੁੱਚ ਜ਼ਿੰਦਗੀ ਇੰਝ ਹੀ ਲੰਘਦੀ ਰਹੀ। ਨਿਰਮਲ ਤੇ ਦੀਪ ਅਕਸਰ ਲੜਦੇ, ਝਗੜਦੇ। ਦੀਪ ਪ੍ਰੇਸ਼ਾਨ ਹੋ ਉਠਦਾ। ਰਾਤ ਨੂੰ ਨੀਂਦ ਦੀ ਗੋਲ਼ੀ ਖਾ ਕੇ ਸੌਂਦਾ। ਉਹ ਮਾਨਸਿਕ ਤੌਰ 'ਤੇ ਟੁੱਟਦਾ ਜਾ ਰਿਹਾ ਸੀ।

ਨਿਰਮਲ ਨਿੱਕੀ ਨਿੱਕੀ ਗੱਲ 'ਤੇ ਰੁੱਸ ਕੇ ਬੈਠ ਜਾਂਦੀ। ਸਿੱਧੀ ਜਿਹੀ ਗੱਲ ਨੂੰ ਆਪਣੇ ਹੀ ਅਰਥ ਦੇ ਕੇ ਕਲੇਸ਼ ਪਾ ਲੈਂਦੀ। ਘਰੇ ਰੋਟੀ ਨਾ ਪੱਕਦੀ। ਉਹ ਅੰਦਰ ਵੜ ਕੇ


www.PunjabiLibrary.com

ਰੋਂਦੀ ਰਹਿੰਦੀ। ਘਰ ਦੀਆਂ ਚੀਜ਼ਾਂ ਭੰਨ ਸੁੱਟਦੀ। ਕਦੇ-ਕਦੇ ਦੀਪ ਦਾ ਫੋਨ ਚੈੱਕ ਕਰਨ ਲੱਗਦੀ। ਕਿਸੇ ਔਰਤ ਦਾ ਨਾਮ ਪੜ੍ਹਕੇ ਉਸਦਾ ਵਤੀਰਾ ਹੋਰ ਬਦਲ ਜਾਂਦਾ।

"ਤਾਂ ਹੀ ਤਾਂ ਸਾਰਾ ਦਿਨ ਕੰਨ ਨਾਲੋਂ ਫੋਨ ਨਹੀਂ ਲੱਥਦਾ।"

ਉਹ ਜੋ ਮਨ ਵਿਚ ਆਉਂਦਾ ਬੋਲ ਜਾਂਦੀ।

ਦੀਪ ਐਸੀਆਂ ਹਜ਼ਾਰਾਂ ਗੱਲਾਂ ਦੱਸਦਾ।

"ਤੁਹਾਡੇ ਮਾਨਸਿਕ ਪੱਧਰ ਨਹੀਂ ਮਿਲਦੇ ਅਸਲ 'ਚ।" ਸੁਣ ਕੇ ਦੀਪ ਮਾਨਸਿਕ ਤੌਰ 'ਤੇ ਖੁਰਦਾ ਰਹਿੰਦਾ।

ਮੈਂ ਖ਼ੁਦ ਨੂੰ ਦੀਪ ਦੀ ਥਾਏਂ ਰੱਖ ਕੇ ਦੇਖਦਾ। ਸ਼ਾਇਦ ਇਸੇ ਲਈ ਮੈਨੂੰ ਉਸਦੀ ਤਕਲੀਫ਼ ਵੱਧ ਸਮਝ ਆਉਂਦੀ ਸੀ।

ਮਾਨਸਿਕ ਪੱਧਰ ਤਾਂ ਸਾਡਾ ਵੀ ਨਹੀਂ ਮਿਲਦਾ। ਇਸ ਲਈ ਤਾਂ ਦੀਪ ਦੇ ਨਾ ਰਹਿਣ ਦੀ ਗੱਲ ਵੀ ਇੰਨੀ ਛੋਟੀ ਲੱਗੀ ਸੀ ਗਗਨ ਨੂੰ।

ਖੁਸ਼ੀ 'ਚ ਨਾ ਸਹੀ ਪਰ ਕਿਸੇ ਦੇ ਦੁੱਖ 'ਚ ਤਾਂ.......।

ਪਰ ਗਗਨ ਨੂੰ ਨਾ ਤਾਂ ਦੀਪ ਪਸੰਦ ਸੀ ਨਾ ਸੋਢੀ।

"ਜਿਹੋ ਜਿਹਾਂ ਨਾਲ ਰਹਿਣਾ-ਬਹਿਣਾ, ਉਹੋ ਜਿਹੀ ਮੱਤ ਆਉਣੀ। ਐਵੇਂ ਤਾਂ ਨਹੀਂ ਰੋਂਦੀ ਅਗਲੀ।"

ਗਗਨ ਦੀਪ ਹੋਰਾਂ ਨਾਲ ਬੈਠਣ ਤੋਂ ਖਿਝਣ ਲੱਗਦੀ।

ਸਾਰਾ ਦਿਨ ਬੈਂਕ ਬੀਤ ਜਾਂਦਾ। ਕਦੇ ਸਬੱਬ ਨਾਲ ਸਾਡੀ ਮੁਲਾਕਾਤ ਹੁੰਦੀ। ਫਿਰ ਤੋਂ ਪਹਿਲਾਂ ਵਾਲੀ ਜ਼ਿੰਦਗੀ ਜਿਉਣ ਨੂੰ ਮਨ ਕਰਦਾ। ਸੋਢੀ ਕਾਲਿਜ ਦੇ ਦਿਨ ਅੱਖਾਂ ਸਾਹਮਣੇ ਲੈ ਆਉਂਦਾ। ਇਕ ਪਲ ਲਈ ਜ਼ਿੰਦਗੀ ਚੰਗੀ- ਚੰਗੀ ਲੱਗਣ ਲੱਗ ਜਾਂਦੀ।

ਮੈਂ ਤੇ ਸੋਢੀ ਡਰਿੰਕ ਕਰ ਲੈਂਦੇ। ਪਰ ਦੀਪ ਨੇ ਕਦੇ ਸ਼ਰਾਬ ਨੂੰ ਹੱਥ ਵੀ ਨਹੀਂ ਸੀ ਲਾਇਆ।

"ਸੋਫ਼ੀ ਬੰਦੇ ਤੋਂ ਨਹੀਂ ਡਰਦੀ ਤੀਵੀਂ। ਸ਼ਾਮ ਨੂੰ ਲਾ ਕੇ ਜਾਹ ਤਾਂ ਦੋ ਪੈੱਗ। ਆਖੀਂ ਜੇ ਉੱਚੀ ਸਾਹ ਵੀ ਲੈ ਗਈ।"

ਦੀਪ ਹੱਸਣ ਲੱਗਦਾ।

******

ਸਾਹਮਣੇ ਦੀਪ ਦਾ ਘਰ ਹੈ।

ਗਲ਼ੀ ਦੇ ਮੋੜ ਤੋਂ ਹੀ ਉਸਦਾ ਚੁਬਾਰਾ ਦਿਸ ਰਿਹਾ।

"ਕਿਵੇਂ ਦੇਖਾਂਗਾ ਮੈਂ ਉਸਨੂੰ।"

ਮੇਰੇ ਅੰਦਰ ਜਿਵੇਂ ਇਕ ਚੀਸ ਜਿਹੀ ਉੱਠੀ।

ਗਲ਼ੀ ਦਾ ਮੋੜ ਪਾਰ ਕਰ ਕੇ, ਮੈਂ ਦੀਪ ਦੇ ਵਿਹੜੇ ਵਿਚ ਖੜ੍ਹਾ ਸਾਂ। ਸਾਰਾ ਕੁਝ ਖਿੰਡਿਆ-ਖਿੰਡਿਆ ਲੱਗ ਰਿਹਾ ਸੀ। ਨਿਰਮਲ ਲਾਸ਼ ਦੇ ਸਿਰਹਾਣੇ ਬੈਠੀ ਰੋ ਰਹੀ ਸੀ।


www.PunjabiLibrary.com

ਦੀਪ ਦਾ ਭਰਾ, ਉਸਦੀ ਮਾਂ, ਸਕੇ-ਸੰਬੰਧੀ, ਸਾਰੇ ਮੈਨੂੰ ਸੋਗ ਵਿਚ ਡੁੱਬੇ ਲੱਗੇ। ਮੈਂ ਵੀ ਲੋਕਾਂ ਵਿਚ ਜਾ ਬੈਠਾ ਸਾਂ।

ਪਿਛਲੀ ਵਾਰ ਜਦੋਂ ਅਸੀਂ ਮਿਲੇ ਸਾਂ, ਦੀਪ ਉਦੋਂ ਵੀ ਉਦਾਸ ਸੀ।

"ਥੋੜ੍ਹੇ ਜਿਹੇ ਪੈਸੇ ਉਧਾਰੇ ਚਾਹੀਦੇ ਨੇ, ਫਤਹਿ।"

ਸਾਡੀ ਸਾਂਝ ਵਿਚ ਪਹਿਲੀ ਵਾਰ ਦੀਪ ਨੇ ਇੰਝ ਪੈਸੇ ਮੰਗੇ ਸੀ।

"ਕੀ ਜ਼ਰੂਰਤ ਪੈ ਗਈ ?" ਸੁਣ ਕੇ ਹੈਰਾਨ ਜਿਹਾ ਹੋ ਗਿਆ ਸੀ ਮੈਂ।

"ਮੇਰੇ ਭਾਣਜੇ ਦਾ ਵਿਆਹ ਏ। ਨਿਰਮਲ ਕਹਿੰਦੀ ਮੈਥੋਂ ਬੱਸਾਂ 'ਤੇ ਧੱਕੇ ਨਹੀਂ ਖਾ ਹੁੰਦੇ। ਮੈਂ ਕਿਹਾ ਸਰਦਾਰਨੀ ਨੂੰ ਗੱਡੀ ਲੈ ਦਈਏ।" ਉਹ ਖਸਿਆਨਾ ਜਿਹਾ ਹੱਸਿਆ।

ਪਰ ਉਸਦੇ ਹਾਸਿਆਂ ਪਿੱਛੇ ਤਕਲੀਫ ਸੀ।

.......ਤੇ ਅਗਲੇ ਪਲ ਉਹੀ ਤਕਲੀਫ਼ ਉਸਦੇ ਬੁਲ੍ਹਾਂ 'ਤੇ ਆ ਗਈ। "ਮੈਂ ਡੀ.ਸੀ ਲੱਗਿਆ ਬੈਠਾਂ। ਰੋਟੀ ਦਾ ਝੱਟ ਮਸਾਂ ਸਰਦਾ। 'ਡਰਾਮੇਬਾਜ਼ੀਆਂ' 'ਚ ਗੱਫੇ ਨਹੀਂ ਮਿਲਦੇ। ਪਰ ਉਹਨੂੰ ਕੀ ਪਤਾ। ਕੁੱਤੀ ਜ਼ਿੰਦਗੀ ਸਾਲ਼ੀ"।

ਉਹ ਜਦ ਵੀ ਮਿਲਦਾ, ਜ਼ਿੰਦਗੀ ਨਾਲੋਂ ਪਹਿਲਾਂ ਨਾਲੋਂ ਵੀ ਵੱਧ ਟੁੱਟਿਆ ਲੱਗਦਾ। ਕਈ ਵਾਰ ਉਹ ਸਾਰਾ-ਸਾਰਾ ਦਿਨ ਸੋਢੀ ਦੀ ਦੁਕਾਨ 'ਤੇ ਬੈਠਾ ਰਹਿੰਦਾ।

"ਰੋਟੀ ਖਾ ਕੇ ਆਇਆਂ ?"

ਸੋਢੀ ਪੁੱਛਦਾ।

"ਵੱਖੀਆਂ ਬਾਹਰ ਨੂੰ ਆਈਆਂ ਪਈਆਂ ਭਾਈ ਜਾਨ।"

"ਸਾਲ਼ਿਆ ਝੂਠ ਬੋਲਦਾਂ।"

ਸੋਢੀ ਜਾਣਦਾ ਸੀ, ਦੀਪ ਜਦੋਂ ਵੀ ਇੰਝ ਆਉਂਦਾ, ਘਰੋਂ ਲੜ ਕੇ ਆਉਂਦਾ ਸੀ।

ਉਹ ਦੋਵੇਂ ਰੋਟੀ ਖਾਣ ਲੱਗਦੇ। ਪਹਿਲੀ ਬੁੱਕਰੀ ਮੂੰਹ ਵਿੱਚ ਪਾਉਂਦਿਆਂ , ਦੀਪ ਪੁੱਛਦਾ, "ਸੋਢੀ ਜਾਣਦਾ ਏ ਨਰਕ ਕੀ ਹੁੰਦਾ ?"

ਸੋਢੀ , ਦੀਪ ਦੇ ਸ਼ਬਦਾਂ ਦਾ ਓਹਲਾ ਸਮਝ ਜਾਂਦਾ। ਪਰ ਬੋਲਦਾ ਨਾ। ਦੋਨਾਂ ਵਿਚਾਲੇ ਚੁੱਪ ਹੁੰਦੀ।

ਪਰ ਦੀਪ ਦੀਆਂ ਅੱਖਾਂ ਦੇ ਕੋਏ ਨਮ ਹੋਏ ਹੁੰਦੇ।

ਦੀਪ ਦਾ ਨਵਾਂ ਨਵਾਂ ਵਿਆਹ ਹੋਇਆ ਸੀ। ਨਿਰਮਲ ਕੋਲ਼ੋਂ ਚੁਲ੍ਹੇ 'ਚ ਅੱਗ ਨਾ ਮੱਚਦੀ। ਟੀਨ ਪਾ ਕੇ ਬਣਾਈ ਰਸੋਈ ਉਸਨੂੰ ਪਸੰਦ ਨਾ ਆਉਂਦੀ। ਚਾਰ ਕੁ ਦਿਨ ਉਹਨੇ ਦੀਪ ਨੂੰ ਪਿਆਰ ਨਾਲ ਨਵੀਂ ਰਸੋਈ ਬਣਾਉਣ ਦੀ ਸਿਫਾਰਸ਼ ਕੀਤੀ। ਪੰਜਵੇਂ ਦਿਨ ਨੂੰ ਉਸ ਨੇ ਕੰਮ ਤੋਂ ਜਵਾਬ ਦੇਣਾ ਸ਼ੁਰੂ ਕਰ ਦਿੱਤਾ।

ਦੀਪ ਦੀ ਬੇਬੇ ਕੰਮ ਕਰਦੀ।

ਆਖਿਰ ਦੀਪ ਅੱਕ ਗਿਆ ਸੀ ਇਸ ਸੀਤ ਯੁੱਧ ਤੋਂ।

"ਯਾਰ ਸੋਢੀ ! ਰਸੋਈ 'ਚ ਲਾਉਣ ਲਈ ਟਾਈਲਾਂ ਖਰੀਦੀਏ ਕਿਤਿਉਂ ?"


www.PunjabiLibrary.com

ਅਗਲੇ ਦਿਨ ਸੋਢੀ ਨੂੰ ਨਾਲ ਲੈ ਕੇ ਦੀਪ ਗਣੇਸ਼ ਮਾਰਬਲ ਹਾਊਸ 'ਤੇ ਪਹੁੰਚ ਗਿਆ। ਉਹ ਘਰ ਦੀ ਹਰ ਚੀਜ਼ ਬੜੀ ਰੀਝ ਨਾਲ ਖਰੀਦਦਾ।

"ਮੈਂ ਇਹਨੂੰ ਸੱਚਮੁੱਚ ਦਾ ਘਰ ਬਣਾਉਣਾ ਚਾਹੁੰਦਾਂ।"

ਉਹ ਬੀ.ਏ. ਵੇਲ਼ੇ ਪੜ੍ਹੇ ਲੇਖ 'ਘਰ ਦਾ ਪਿਆਰ' ਦਾ ਹਵਾਲਾ ਦੇਣ ਲੱਗਦਾ।

****

ਮੈਂ ਦਰੀ 'ਤੇ ਬੈਠੇ ਨੇ ਉਸੇ ਘਰ ਵੱਲ ਨਜ਼ਰ ਮਾਰੀ। ਕਿੰਨਾ ਖਾਲੀ ਖਾਲੀ ਤੇ ਉਦਾਸ ਜਿਹਾ ਲੱਗਿਆ ਸੀ ਉਹ ਘਰ ਦੀਪ ਬਿਨਾਂ।

ਉਹ ਘਰ ਦੀ ਖ਼ੁਸ਼ੀ ਲਈ ਜਿਉਂਦਾ ਤੇ ਘਰ ਦੀ ਖ਼ੁਸ਼ੀ ਲਈ ਮਰਦਾ। ਦੀਪ ਤੇ ਨਿਰਮਲ ਦੇ ਝਗੜੇ ਕਾਰਨ ਦੀਪ ਦੀ ਬੇਬੇ ਦੁੱਖੀ ਹੁੰਦੀ।

ਉਸ ਨੇ ਬੇਬੇ ਨੂੰ ਆਪਣੇ ਭਰਾ ਕੋਲ਼ ਭੇਜ ਦਿੱਤਾ। "ਦੀਪ ਤਾਂ ਜਲ਼ਦਾ ਹੀ ਹੁੰਦਾ ਬੇਬੇ ਨੂੰ ਕਿਉਂ ਤੜਫ਼ਾਉਣਾ।"

ਉਹ ਅੰਦਰ ਹੀ ਅੰਦਰ ਮੱਚਦਾ ਰਹਿੰਦਾ।

ਮੇਰੇ ਸੋਚਾਂ ਵਿਚ ਗੁਆਚੇ ਤੋਂ ਕੋਈ ਮੇਰੇ ਅੱਗੇ ਚਾਹ ਦਾ ਗਲਾਸ ਧਰ ਗਿਆ। ਮੇਰਾ ਮਨ ਕੀਤਾ, ਉਠ ਕੇ ਚਾਹ ਦਾ ਗਲਾਸ ਵਾਪਸ ਕਰ ਦੇਵਾਂ। ਪਰ ਚਾਹ ਫੜਾਉਣ ਵਾਲਾ ਮੁੰਡਾ ਅੱਗੇ ਨਿਕਲ ਗਿਆ ਸੀ।

ਸੋਢੀ ਦਾ ਨੰਬਰ ਡਾਇਲ ਕੀਤਾ।

"ਹਾਂ ਫਤਹਿ! ਬੱਸ ਆਇਆ ਮੈਂ। ਬਾਜ਼ਾਰ ਆਏ ਸੀ ਅਸੀਂ।"

ਮੈਂ ਚਾਹ ਦਾ ਘੁੱਟ ਭਰਿਆ।

"ਮੈਂ ਤਾਂ ਆਏ ਗਏ ਨੂੰ ਚਾਹ ਪਿਆਉਣ ਜੋਗਾ ਵੀ ਨਹੀਂ ਯਾਰ।"

ਮੈਨੂੰ ਲੱਗਿਆ ਜਿਵੇਂ ਦੀਪ ਬੋਲਿਆ ਹੋਵੇ।

ਦੀਪ ਕੋਲ਼ ਕੋਈ ਆਉਂਦਾ। ਨਿਰਮਲ ਔਖੀ ਭਾਰੀ ਹੋ ਕੇ ਚਾਹ ਧਰਦੀ। ਅਗਲਾ ਬੂਹਾ ਨਾ ਟੱਪਦਾ। ਦੋਹਾਂ ਵਿਚਾਲੇ ਤਕਰਾਰ ਛਿੜ ਪੈਂਦੀ।

ਨਿਰਮਲ ਉਸਦੇ ਦੋਸਤਾਂ ਤੋਂ ਖਿਝਦੀ।

"ਕਿਤੇ ਘੜੀ ਸਾਹ ਵੀ ਨਹੀਂ ਆਉਂਦਾ ਇਸ ਘਰ ਵਿਚ।"

ਉਹ ਅੰਦਰ ਵੜ ਕੇ ਪੈ ਜਾਂਦੀ। ਬੱਚੇ ਭੁੱਖੇ ਬੈਠੇ ਰਹਿੰਦੇ। ਦੀਪ ਤਰਲੇ ਕਰਦਾ। ਸਮਝਾਉਂਦਾ।

"ਗੱਲ ਕੀ ਹੋਈ, ਇਹ ਵੀ ਤਾਂ ਪਤਾ ਲੱਗੇ। ਵਸਦੇ ਘਰਾਂ 'ਚ ਆਉਣਾ ਜਾਣਾ ਤਾਂ ਲੱਗਿਆ ਰਹਿੰਦਾ।"

ਪਰ ਨਿਰਮਲ ਨਾ ਕੁਝ ਬੋਲਦੀ ਨਾ ਸਮਝਦੀ।

ਦੀਪ ਕਈ ਵਾਰ ਆਪਣੇ ਕੱਪੜੇ ਆਪ ਧੋਂਦਾ। ਪਰ ਫਿਰ ਵੀ ਕਲੇਸ਼ ਤੋਂ ਡਰਦਿਆਂ ਉੱਚੀ ਸਾਹ ਨਾ ਲੈਂਦਾ।

"ਕਿੰਨੇ ਔਖੇ ਸਾਹ ਨਿਕਲੇ ਹੋਣੇ ਉਸਦੇ।"

ਸੋਚ ਕੇ ਮੇਰਾ ਹਉਕਾ ਨਿਕਲ ਗਿਆ।

ਕਿੰਨਾ ਅਜੀਬ ਰਿਸ਼ਤਾ ਹੈ ਇਹ। ਸਮਾਜ ਤੋਂ ਡਰਦਿਆਂ ਦੀਪ, ਸਾਰਾ ਕੁਝ ਅੰਦਰ ਹੀ ਅੰਦਰ ਜਰਦਾ ਰਿਹਾ। ਖ਼ੁਦ ਝੁਕ ਕੇ ਵੀ ਉਹ ਲੜਾਈ ਮੁਕਾਉਣ ਦੀ ਕੋਸ਼ਿਸ਼ ਕਰਦਾ। ਅੰਦਰ ਵੜ ਕੇ ਨਿਰਮਲ ਨੂੰ ਸਮਝਾਉਂਦਾ। ਉਹ ਜੋ ਆਖਦੀ ਕਰਦਾ ਰਹਿੰਦਾ। ਪਰ ਉਹਨਾਂ ਦੇ ਰਿਸ਼ਤੇ ਵਿਚ ਸਾਂਵਾਪਨ ਨਹੀਂ ਸੀ ਆ ਸਕਿਆ।

ਬਜ਼ਾਰੋਂ ਮੁੜ ਕੇ ਸੋਢੀ ਕਦੋਂ ਮੇਰੇ ਕੋਲ਼ ਆ ਖੜ੍ਹਿਆ ਸੀ, ਮੈਨੂੰ ਪਤਾ ਹੀ ਨਾ ਲੱਗਾ।

"ਖਬਰੇ ਕਿਹੜਾ ਤੂਫ਼ਾਨ ਉੱਠਿਆ ਹੋਣਾ ਉਹਦੇ ਅੰਦਰ।"

ਮੈਂ ਦੀਪ ਦੇ ਮਨ ਦੀ ਹਾਲਤ ਬਾਰੇ ਸੋਚਣ ਲੱਗਾ।

"ਬਾਲਣ ਤਾਂ ਛੱਡ ਆਏ ਅਸੀਂ ਸਿਵਿਆਂ 'ਚ।"

ਸੋਢੀ ਮੇਰੇ ਨਾਲ ਗੱਲਾਂ ਕਰਨੀਆਂ ਚਾਹੁੰਦਾ ਸੀ। ਪਰ ਮੇਰਾ ਧਿਆਨ ਵਾਰ ਵਾਰ ਦੀਪ ਵੱਲ ਜਾਈ ਜਾਂਦਾ।

ਕਿੰਨੇ ਭੁਚਾਲ ਸਹਿੰਦਾ ਰਿਹਾ ਸੀ ਉਹ ਮਨ 'ਤੇ। ਘਰ ਦੀਆਂ ਗੱਲਾਂ ਕਰਦਿਆਂ ਉਹ ਮਨ ਭਰ ਆਉਂਦਾ।

"ਮੈਂ ਤਾਂ ਬੱਚਿਆਂ ਬਾਰੇ ਸੋਚਦਾਂ ਯਾਰ। ਉਹ ਨਿੱਤ ਲੜਦਿਆਂ ਦੇਖਦੇ ਸਾਨੂੰ। ਕੀ ਅਸਰ ਪੈਂਦੇ ਉਨ੍ਹਾਂ 'ਤੇ।"

ਉਹ ਸੀਰਤ ਤੇ ਨੂਰ ਲਈ ਦਿਨ ਰਾਤ ਸੁਪਨੇ ਸਿਰਜਦਾ। ਸੀਰਤ ਨੂਰ ਤੋਂ ਵੱਡੀ ਹੈ।

"ਮੈਂ ਬੱਚਿਆਂ ਨੂੰ ਉਨ੍ਹਾਂ ਦੀ ਮਰਜ਼ੀ ਨਾਲ ਜਿਉਣ ਦੇਣਾ। ਜੋ ਦਿਲ ਕਰਦਾ ਕਰਨ। ਜਿਵੇਂ ਮਨ ਕਰਦਾ ਰਹਿਣ। ਅਸੀਂ ਪੈਦਾ ਹੋਏ। ਭੁੱਖਾਂ ਕੱਟੀਆਂ। ਮਾਂ-ਬਾਪ ਜੋ ਕਿਹਾ ਕਰ ਲਿਆ। ਜਿੱਥੇ ਕਿਹਾ ਵਿਆਹ ਕਰਵਾ ਲਿਆ। ਫਿਰ ਘਰ ਬਚਾਉਣ ਲਈ ਪੈਰ ਪੈਰ 'ਤੇ ਸਮਝੌਤੇ। ਖਾਣਾ-ਪੀਣਾ। ਪਾਉਣਾ-ਹੰਢਾਉਣਾ। ਸਾਰਾ ਕੁਝ।"

ਉਹ ਨਿਰਮਲ ਦੀ ਬੇਲੋੜੀ ਦਖਲ-ਅੰਦਾਜ਼ੀ ਤੋਂ ਖਿਝਦਾ।

ਨਿੱਕੀ ਨਿੱਕੀ ਗੱਲ ਤੋਂ ਦੋਨੋਂ ਲੜ ਪੈਂਦੇ। ਕਿਤੇ ਜਾਣ ਲੱਗਿਆ ਕੱਪੜਿਆਂ ਤੋਂ ਦੋਨਾਂ ਵਿਚਾਲ਼ੇ ਬਹਿਸ ਛਿੜ ਪੈਂਦੀ।

"ਮੈਂ ਨਾਲ ਨਹੀਂ ਜਾਣਾ। ਜਲੂਸ ਹੀ ਕੱਢਣਾ ਹੁੰਦਾ ਹਰ ਥਾਂ।"

ਨਿਰਮਲ ਮੂੰਹ ਬਣਾ ਕੇ ਬੈਠ ਜਾਂਦੀ। ਦੀਪ ਪੱਗ ਲਾਹ ਕੇ ਵਗਾਹ ਮਾਰਦਾ।

"ਰਿਸ਼ਤਿਆਂ ਵਿਚ ਸਾਹ ਲੈਣ ਜੋਗੀ ਸਪੇਸ ਤਾਂ ਚਾਹੀਦੀ ਏ ਯਾਰ। ਮੈਂ ਹੋਰ ਕੁਝ ਵੀ ਹੋਣ ਤੋਂ ਪਹਿਲਾਂ ਇਨਸਾਨ ਹਾਂ। ਬੰਦਾ ਮਰਜ਼ੀ ਨਾਲ ਪਾ ਨਹੀਂ ਸਕਦਾ। ਮਰਜ਼ੀ ਨਾਲ ਖਾ ਨਹੀਂ ਸਕਦਾ।"

ਨਿਰਮਲ ਖਿਝਣੋਂ ਨਾ ਹਟਦੀ। ਦੀਪ ਤੜਫਣੋਂ ਨਾ ਹਟਦਾ।


www.PunjabiLibrary.com

ਜਿਸ ਦਿਨ ਉਹ ਆਖਰੀ ਵਾਰ ਮਿਲਿਆ, ਉਸ ਦਿਨ ਉਹ ਆਪਣੇ ਸਹੁਰਿਉਂ ਮੁੜਿਆ ਸੀ।

"ਨਿਰਮਲ ਦੇ ਪਾਪਾ ਦੀ ਮੌਤ ਹੋ ਗਈ ਯਾਰ। ਚੌਥ ਨੂੰ ਭੋਗ ਏ। ਉਹਨੂੰ ਪਿੰਡ ਛੱਡ ਕੇ ਆਇਆਂ।"

ਮੈਂ ਅਫ਼ਸੋਸ ਜਤਾਇਆ।

"ਉਹਨੇ ਮੇਰੇ ਮਾਪਿਆਂ ਦੀ ਕਦੀ ਬਹੁਤੀ ਪਰਵਾਹ ਨਹੀਂ ਕੀਤੀ ਫਤਹਿ। ਮੇਰੇ ਮਨ ਵਿਚ ਤਾਂ ਹੀ ਉਹਦੇ ਮਾਂ-ਬਾਪ ਲਈ ਕੋਈ ਥਾਂ ਨਹੀਂ ਬਣ ਸਕੀ।"

ਉਹ ਕਦੇ ਕਦੇ ਰਿਸ਼ਤਿਆਂ ਦੇ ਇਸੇ ਖਾਲੀਪਨ 'ਤੇ ਖਿਝਣ ਲੱਗਦਾ।

"ਫੁੱਲਾਂ ਤੋਂ ਮਗਰੋਂ ਮੇਰੇ ਗਰੁੱਪ ਦੇ ਸਾਥੀ ਅਫ਼ਸੋਸ ਕਰਨ ਲਈ ਘਰ ਆ ਗਏ। ਉਸ ਦਿਨ ਦਾ ਗਾਹ ਪਾਈ ਬੈਠੀ ਘਰ 'ਚ। ਉਹਦੇ ਮਨ 'ਚੋਂ ਸਾਵੀ ਲਈ ਵਹਿਮ ਨਹੀਂ ਨਿਕਲਦਾ।"

ਹਮੇਸ਼ਾ ਵਾਂਗ ਉਸਦੀਆਂ ਗੱਲਾਂ ਵਿਚ ਉਹੀ ਤਕਲੀਫ਼ ਸੀ।

"ਤੂੰ ਪ੍ਰੇਸ਼ਾਨ ਹੋਣ ਦੀ ਬਜਾਏ...।"

ਪਰ ਦੀਪ ਨੇ ਮੈਨੂੰ ਗੱਲ ਪੂਰੀ ਨਹੀਂ ਸੀ ਕਰਨ ਦਿੱਤੀ।

"ਕੀ ਕਰਾਂ? ਨਾਟਕ ਛੱਡ ਦਿਆਂ? ਗਰੁੱਪ ਛੱਡ ਦਿਆਂ ਲੋਕਾਂ ਨੂੰ ਕਹਾਂ ਮੇਰੇ ਘਰ ਆਉਣਾ ਛੱਡ ਦਿਓ। ਦੁਨੀਆਂ ਦਾਰੀ ਛੱਡੀ ਜਾ ਸਕਦੀ ਯਾਰ! ਸਾਰਾ ਕੁਝ ਮੈਂ ਹੀ ਛੱਡਾਂ? ਜਵਾਕ ਆਪ ਹਾਣੀ ਹੋਣ ਲੱਗੇ। ਉਹਨੇ ਤਾਂ ਬਦਲਿਆ ਨਹੀਂ ਖ਼ੁਦ ਨੂੰ। ਬਜ਼ਾਰ ਦਸ ਮਿੰਟ ਵੀ ਵੱਧ ਲੱਗ ਜਾਣ, ਸਾਡੇ ਘਰੇ ਤਾਂ ਕਲੇਸ਼। ਹੱਦ ਹੋ ਗਈ ਸਾਲ਼ੀ।"

ਉਸਦੇ ਬੋਲਾਂ ਵਿਚ ਅੰਤਾਂ ਦਾ ਹਰਖ ਸੀ।

ਉਹ ਗਲ਼ੇ ਤਕ ਭਰਿਆ ਵਾਰ-ਵਾਰ ਮਰ ਜਾਣ ਦੀਆਂ ਗੱਲਾਂ ਕਰਦਾ।

"ਔਰਤ ਸ਼ੱਕੀ ਹੋ ਸਕਦੀ। ਮੰਨ ਲਿਆ ਮੈਂ। ਪਰ ਉਹਨੂੰ ਤਾਂ ਹਰ ਗੱਲ ਤੋਂ ਤਕਲੀਫ਼ ਏ। ਉਹਨੂੰ ਤਾਂ ਤੂੰ ਤੇ ਸੋਢੀ ਵੀ ਚੰਗੇ ਨਹੀਂ ਲੱਗਦੇ। ਤੁਹਾਡੇ ਨਾਲ ਮੇਰਾ ਅਫੇਅਰ ਤਾਂ ਨਹੀਂ ਚੱਲਦਾ।"

ਗੱਲ ਕਰਦਾ ਦੀਪ ਖ਼ੁਦ ਹੀ ਹੱਸ ਪਿਆ ਸੀ।

ਉਸ ਦਿਨ ਉਸ ਦੇ ਚਲੇ ਜਾਣ ਤੋਂ ਬਾਅਦ, ਮੈਂ ਦੇਰ ਤੀਕ ਉਸੇ ਦੇ ਬਾਰੇ ਸੋਚਦਾ ਰਿਹਾ ਸਾਂ।

"ਨਿਰਮਲ ਕਿਉਂ ਕਰਦੀ ਹੈ ਇੰਝ?"

ਮੈਂ ਉਸਦੀ ਮਾਨਸਿਕਤਾ ਨੂੰ ਸਮਝਣ ਦੀ ਕੋਸ਼ਿਸ਼ ਕਰਦਾ।

"ਔਰਤ ਨੂੰ ਤਾਂ ਰਿਸ਼ੀ ਮੁਨੀ ਨਹੀਂ ਸਮਝ ਸਕੇ ਭਾਈ ਸਾਬ੍ਹ। ਤੂੰ ਮੈਂ ਤਾਂ ਤੁੱਛ ਪ੍ਰਾਣੀ ਹਾਂ।"

ਦੀਪ ਦੇ ਹਾਸਿਆਂ ਪਿੱਛੇ ਵੀ ਇਕ ਦਰਦ ਛੁਪਿਆ ਹੁੰਦਾ।

"ਤੇਰੀ ਗੱਲ ਸੱਚ ਸੀ ਫਤਹਿ! ਮੈਂ ਪਹਿਲੇ ਦਿਨ ਹੀ ਹਿੰਮਤ ਨਾ ਕਰ ਸਕਿਆ।"



www.PunjabiLibrary.com

ਉਹ ਬੀਤੇ ਨੂੰ ਕੋਸਣ ਲੱਗਦਾ।

"ਸਾਡੇ ਸਮਾਜ 'ਚ ਰਿਸ਼ਤੇ ਇੰਝ ਹੀ ਬਣਦੇ ਨੇ ਤੇ ਇੰਝ ਹੀ ਨਿਭਦੇ ਨੇ ਦੀਪ।"

ਮੈਂ ਦੂਰ ਤੀਕ ਝਾਤ ਮਾਰਦਾ।

ਮੈਨੂੰ ਹਜ਼ਾਰਾਂ ਕਹਾਣੀਆਂ ਨਜ਼ਰ ਆਉਂਦੀਆਂ। ਦੀਪ ਵਰਗੇ ਲੋਕਾਂ ਦੀਆਂ। ਸੈਂਕੜੇ ਘਰਾਂ ਦੀਆਂ। ਘਰੋਂ ਬਾਹਰ ਲੋਕ ਹੱਸਦੇ। ਮੁਸਕਰਾਉਂਦੇ। ਵਸਦੇ ਰਸਦੇ ਹੋਣ ਦਾ ਅਭਿਨੈ ਕਰਦੇ।

"ਪਹਿਲੇ ਦਿਨੋਂ ਡਰਾ ਕੇ ਰੱਖਦਾ ਨਾ ਆਖ ਜੇ ਕੰਨਾਂ 'ਚ ਪਾਈ ਵੀ ਰੜਕ ਜਾਂਦੀ।"

ਸੋਢੀ ਮਜ਼ਾਕ ਕਰਨ ਲੱਗਦਾ। ਪਰ ਦੀਪ ਵਰਗਾ ਸਾਊ ਬੰਦਾ ਨਹੀਂ ਸੀ ਡਰਾ ਸਕਦਾ ਕਿਸੇ ਨੂੰ।

ਮੇਰੇ ਸਾਹਮਣੇ ਸਾਡੇ ਬੈਂਕ ਵਾਲੀ ਗੋਗੀ ਮੈਡਮ ਆਣ ਖੜ੍ਹਦੀ। ਉਸ ਦਾ ਘਰ ਵਾਲਾ ਨਿੱਤ ਦਾ ਸ਼ਰਾਬੀ ਸੀ। ਸਾਰਾ ਘਰ ਉਹ ਆਪ ਚਲਾਉਂਦੀ। ਕਈ ਵਾਰ ਮੈਂ ਉਸਨੂੰ ਬਜ਼ਾਰਾਂ ਵਿਚ ਦੇਖਦਾ। ਚੱਕੀ ਤੋਂ ਆਟਾ ਪਿਸਵਾਉਂਦੀ। ਦੁਕਾਨਾਂ ਤੋਂ ਸਬਜ਼ੀਆਂ ਖਰੀਦਦੀ। ਬੱਚਿਆਂ ਨੂੰ ਸਕੂਲ ਛੱਡਦੀ। ਲਾਈਨਾਂ 'ਚ ਲੱਗੀ ਬਿਜਲੀ ਦਾ ਬਿੱਲ ਭਰਦੀ। ਤੇ ਕਈ ਵਾਰ ਸਾਡੇ ਕੋਲ਼ ਬੈਠ ਆਪਣੀ ਕਿਸਮਤ ਤੇ ਪਤੀ ਦੋਹਾਂ ਨੂੰ ਕੋਸਦੀ। ਅਣਜੋੜ ਰਿਸ਼ਤੇ ਦੀ ਤਕਲੀਫ਼ ਮੈਂ ਉਸਦੇ ਚਿਹਰੇ ਤੋਂ ਪੜ੍ਹਦਾ ਰਹਿੰਦਾ।

*****

ਰੋਣ ਕੁਰਲਾਉਣ ਦੀਆਂ ਆਵਾਜ਼ਾਂ ਨੇ ਮੇਰੀ ਬਿਰਤੀ ਤੋੜੀ।

ਘੜੀ 'ਤੇ ਟਾਈਮ ਦੇਖਿਆ।

"ਬੱਚਿਆਂ ਦੇ ਘਰ ਆਉਣ ਤਕ ਮੁੜਨਾ ਹੈ।"

ਮਨ ਵਿਚ ਖਿਆਲ ਆਇਆ।

ਉਲਝੇ ਹੋਏ ਮਨ ਨਾਲ ਬੈਠਾ ਸਾਂ। ਉੱਥੇ ਹੀ ਬੈਠਾ ਸੋਢੀ ਦੀਪ ਦੀਆਂ ਗੱਲਾਂ ਕਰ ਰਿਹਾ ਸੀ। ਪਰ ਮੇਰੇ ਕੋਲ਼ੋਂ ਦੀਪ ਦੀ ਕੋਈ ਗੱਲ ਨਾ ਕਰ ਹੁੰਦੀ। ਕਈ ਤਰ੍ਹਾਂ ਦੇ ਖਿਆਲ ਆਪਸ ਵਿਚ ਰਲ਼ਗੱਡ ਹੋਣ ਲੱਗਦੇ। ਇਕੋ ਵੇਲ਼ੇ ਕਈ ਕਹਾਣੀਆਂ ਮੇਰੇ ਮਨ ਵਿਚ ਤੁਰਨ ਲੱਗਦੀਆਂ।

"ਹਰ ਬੰਦੇ ਦੀ ਇਹੀ ਕਹਾਣੀ ਹੈ।"

ਮੈਂ ਖ਼ੁਦ ਹੀ ਫ਼ੈਸਲਾ ਕਰਦਾ।

"ਪੁਲਿਸ ਦਾ ਮਾਮਲਾ ਬੜੀ ਮੁਸ਼ਕਿਲ ਨਾਲ ਸੈੱਟ ਕੀਤਾ ਸਵੇਰੇ"।

ਸੋਢੀ ਕਿਸੇ ਨੂੰ ਦੱਸ ਰਿਹਾ ਸੀ।

"ਪਰ ਇਹ ਖ਼ੁਦਕੁਸ਼ੀ ਨਹੀਂ, ਇਹ ਤਾਂ ਕਤਲ ਹੈ।"
ਮੇਰਾ ਮਨ ਕੀਤਾ ਉੱਚੀ ਸਾਰੀ ਚੀਕ ਕੇ ਕਹਾਂ।

ਸਿਵਿਆਂ ਵੱਲ ਜਾਂਦਿਆਂ, ਮੈਂ ਸਾਰੇ ਰਸਤੇ ਸੋਚਾਂ ਵਿਚ ਉਲਝਿਆ ਰਿਹਾ। ਮਰਨ ਤੋਂ ਪਹਿਲਾਂ ਦੀਪ ਹਜ਼ਾਰ ਵਾਰ ਮਰਿਆ ਸੀ।

ਉਹ ਮਜ਼ਾਕ ਕਰਦਾ, "ਅਸੀਂ ਤਾਂ ਨਿੱਤਨੇਮੀ ਹਾਂ ਭਾਈ ਜਾਨ"।

ਫਿਰ ਖ਼ੁਦ ਹੀ ਆਪਣੀ ਗੱਲ ਦੇ ਅਰਥ ਕਰਨ ਲੱਗਦਾ।

"ਬਿਨਾਂ ਨਾਗਾ ਲੜੀਦਾ। ਹੋਏ ਕਿ ਨਹੀਂ ਨਿੱਤਨੇਮੀ।" ਉਹ ਜਿਵੇਂ ਹੱਸਣ ਦੇ ਬਹਾਨੇ ਲੱਭਦਾ ਰਹਿੰਦਾ।

ਦੀਪ ਦਾ ਸਿਵਾ ਬਲ਼ ਰਿਹਾ।

ਮੇਰੀਆਂ ਅੱਖਾਂ ਫੇਰ ਭਰ ਆਈਆਂ। ਘੜੀ 'ਤੇ ਟਾਈਮ ਦੇਖਿਆ।

"ਛੁੱਟੀ ਹੋਣ ਤੋਂ ਪਹਿਲਾਂ......। ਗਗਨ ਨੇ ਫੇਰ ਖਿਝਣਾ ਐਵੇਂ.।" ਮਨ ਵਿਚ ਸੋਚ ਕੇ ਸਿਵਿਆਂ ਤੋਂ ਬਾਹਰ ਆ ਗਿਆ।

ਮੈਨੂੰ ਲੱਗਿਆ ਦੀਪ ਕਿਧਰੇ ਆਸ-ਪਾਸ ਹੀ ਖੜ੍ਹਾ ਕਹਿ ਰਿਹਾ ਸੀ।

"ਸਭ ਤੋਂ ਕਰੀਬੀ ਯਾਰ ਹੀ ਸਭ ਤੋਂ ਪਹਿਲਾਂ ਘਰਾਂ ਨੂੰ ਦੌੜ ਗਏ।"

**-ਸਿਰਜਣਾ**


www.PunjabiLibrary.com

# ਸੂਹੇ ਰੰਗ ਮੁਹੱਬਤਾਂ ਦੇ

ਮੀਤ ਅਜੇ ਤੀਕ ਨਹੀਂ ਉਠਿਆ। ਸ਼ਾਮ ਦੇ ਛੇ ਵੱਜਣ ਵਾਲੇ ਨੇ। ਇੱਕ ਪਲ ਲਈ ਸੋਚਿਆ-ਜਾ ਕੇ ਉਠਾਵਾਂ। ਇਹ ਕਿਹੜਾ ਟਾਈਮ ਹੈ ਸੌਣ ਦਾ। ਫੇਰ ਅੱਧੀ ਰਾਤ ਤੱਕ ਪਾਸੇ ਮਾਰਦਾ ਰਹੇਗਾ। ਫਿਰ ਅਗਲੇ ਹੀ ਪਲ ਲੱਗਿਆ। ਪਿਆ ਰਹਿਣ ਦਿਆਂ। ਉੱਠ ਕੇ ਕਿਹੜਾ ਇਹਨੇ......। ਅੱਜ-ਕੱਲ੍ਹ ਕੁਝ ਵੀ ਬੁਰਾ ਨਹੀਂ ਲੱਗਦਾ। ਸੋਚਦੀ ਹਾਂ ਜੋ ਹੈ ਬਸ ਠੀਕ ਹੈ। ਹੁਣ ਜਿਵੇਂ ਥੱਕ ਗਈ ਹੋਵਾਂ। ਕਦੀ ਕਿਸੇ ਪਲ ਤਰਸ। ਭਾਵ ਪੈਦਾ ਹੋਣ ਲੱਗਦਾ ਹੈ ਮੀਤ ਲਈ। ਸੋਚਦੀ ਹਾਂ ਬਸ ਜੀਅ ਲਏ ਉਹ ਆਪਣੀ ਮਰਜ਼ੀ ਨਾਲ। ਮੈਂ ਵੀ ਬਹੁਤੀ ਵਾਰ ਘਰੇ ਲੇਟ ਹੀ ਮੁੜਦੀ ਹਾਂ। ਸਕੂਲ ਤੋਂ ਸਿੱਧਾ 'ਦਿਸ਼ਾ ਸੈਂਟਰ' ਚਲੀ ਜਾਂਦੀ ਹਾਂ। ਅੱਜ ਰਾਜਵੀਰ ਨਾਲ ਸ਼ਾਪਿੰਗ ਲਈ ਚਲੀ ਗਈ। ਅਗਲੇ ਹਫ਼ਤੇ ਉਹ ਕੈਨੇਡਾ ਜਾ ਰਿਹਾ। ਕਿਸੇ ਕਾਨਫਰੰਸ ਲਈ। ਸ਼ਾਪਿੰਗ ਮੁਕਾ ਕੇ ਅਸੀਂ ਕਾਫ਼ੀ ਪੀਣ ਲਈ ਰੁੱਕ ਗਏ।

ਕੰਮ ਵਾਲੀ ਕੁੜੀ ਮੈਨੂੰ ਉਡੀਕ ਰਹੀ ਸੀ। ਪਾਣੀ ਦਾ ਗਿਲਾਸ ਫੜਾਉਂਦਿਆ ਹੀ ਬੋਲੀ , "ਦੀਦੀ ਮੈਂ ਜਾਵਾਂ ? ਅੱਜ ਮੈਨੂੰ ਵੀ ਜਲਦੀ ਸੀ। "

"ਚਲੀ ਜਾ। ਭਾਜੀ ਤੇਰੇ ਕਦੋਂ ਕੁ ਦੇ ਸੁੱਤੇ ਨੇ ?" ਉਹਨੂੰ ਤੁਰੀ ਜਾਂਦੀ ਨੂੰ ਮੈਂ ਪੁੱਛ ਲਿਆ।

"ਕੋਈ ਆਇਆ ਸੀ ਦੋ ਕੁ ਵਜੇ। ਉਹਦੇ ਜਾਣ ਤੋਂ ਬਾਅਦ ਦੇ ਹੀ ਪਏ ਨੇ। " ਮੈਂ ਅੱਗਿਓਂ ਕੁਝ ਨਾ ਪੁੱਛਿਆ। ਉਹ ਕਾਹਲ਼ੀ ਨਾਲ ਬੂਹਿਓਂ ਬਾਹਰ ਹੋ ਗਈ। ਮੈਂ ਉਠ ਕੇ ਮੂੰਹ-ਹੱਥ ਧੋਤਾ। ਕੱਪੜੇ ਬਦਲੇ। ਬੈਡਰੂਮ ਵਿੱਚ ਜਾ ਕੇ ਦੇਖਿਆ। ਕੌਣ ਆਇਆ ਸੀ, ਮੀਤ ਕੋਲ। ਮੈਂ ਅੰਦਰ ਵੜਦਿਆਂ ਹੀ ਸਮਝ ਗਈ। ਇੱਕ ਪਲ ਲਈ ਕਮਰੇ ਵਿਚ ਰੁਕੀ। ਮੀਤ ਦੇ ਚਿਹਰੇ ਵੱਲ ਦੇਖਿਆ। ਮਨ ਵਿਚ ਉਸਦੇ ਲਈ ਤਰਸ ਪੈਦਾ ਹੋਣ ਲੱਗਾ। ਸੋਚਿਆ ਇਹਦੇ ਵੀ ਸ਼ਾਇਦ ਵੱਸ ਦੀ ਗੱਲ ਨਹੀਂ। ਨਹੀਂ ਤਾਂ ਖ਼ੁਦ ਨੂੰ ਖੂਹ ਵਿਚ ਕੌਣ ਸੁੱਟਦਾ। ਸੋਚ ਨੂੰ ਝਟਕ ਕੇ ਬਾਹਰ ਆ ਗਈ। ਰਸੋਈ ਵਿੱਚ ਆ ਕੇ ਚਾਹ ਬਣਾਈ। ਕੱਪ ਫੜ ਕੇ ਡਰਾਇੰਗ ਰੂਮ ਵਿੱਚ ਆ ਬੈਠੀ ਹਾਂ। ਪੂਰਾ ਘਰ ਕਿੰਨਾ ਸ਼ਾਂਤ ਲੱਗ ਰਿਹਾ ਹੈ। ਇਸੇ ਸ਼ਾਂਤੀ ਨੂੰ ਬਰਕਰਾਰ ਰੱਖਣ ਲਈ ਹੀ ਮੈਂ ਮੀਤ ਨੂੰ ਨਹੀਂ ਉਠਾਇਆ। ਇਸ ਵੇਲੇ ਮੰਮੀ ਕੋਲ ਹੁੰਦੇ ਤਾਂ ਉਹਨਾਂ ਰਟੀ-ਰਟਾਈ ਉਹੀ ਗੱਲ ਆਖਣੀ ਸੀ-"ਡਿੰਪਲ ਕਿਵੇਂ ਰਹਿੰਦੇ ਤੁਸੀਂ ਇੱਕਲਿਆਂ। ਇੱਕ ਉੱਥੇ ਬਹਿ ਗਿਆ ਦੂਜਾ ਉਥੇ। ਐਡਾ ਘਰ ਤਾਂ ਊਈਂ ਖਾਣ ਨੂੰ ਆਉਂਦਾ।"

ਕਦੇ ਮੈਂ ਵੀ ਇਹੀ ਸੋਚਦੀ ਸਾਂ। ਪਰ ਹੁਣ......। ਇਸ ਚੁੱਪ ਨੂੰ ਤੋੜਨ ਲਈ ਮੋਬਾਇਲ ਫੜਦੀ ਹਾਂ। ਮੋਬਾਇਲ ਡਾਟਾ ਆਨ ਕਰਦਿਆਂ ਹੀ ਵਟਸਐਪ ਤੇ ਫੇਸਬੁੱਕ 'ਤੇ ਨੋਟੀਫੀਕੇਸ਼ਨ ਦੀ ਟੀਂ-ਟੀਂ ਹੋਣ ਲੱਗਦੀ ਹੈ। ਪਹਿਲਾਂ ਵਟਸਐਪ ਚੈਕ ਕਰਦੀ ਹਾਂ। ਸੱਤਰ ਦੇ ਕਰੀਬ ਮੈਸੇਜ਼ ਸ਼ੋ ਹੋ ਰਹੇ ਨੇ। ਵਾਰੀ-ਵਾਰੀ ਸਾਰੇ ਦੇਖਦੀ ਹਾਂ। ਕੁਝ ਨਾਲ ਦੀ ਨਾਲ ਹੀ ਡਿਲੀਟ ਕਰਦੀ ਜਾਂਦੀ ਹਾਂ। ਵੱਟਸਐਪ ਛੱਡ ਫੇਸਬੁੱਕ ਖੋਲ੍ਹਦੀ ਹਾਂ। ਸਭ ਤੋਂ ਪਹਿਲਾਂ ਰਾਜਵੀਰ ਦੀ ਪੋਸਟ ਨਜ਼ਰੀਂ ਪੈਂਦੀ ਹੈ। ਚੈਕ ਇੰਨ ਵਿਚ ਉਸਨੇ ਲਿਖਿਆ ਹੋਇਆ- "ਕਾਫ਼ੀ ਵਿੱਦ...." ਅੱਗੇ ਥਾਂ ਖ਼ਾਲੀ ਛੱਡੀ ਹੋਈ।


www.PunjabiLibrary.com

"ਡਿੰਪਲ। " ਖ਼ੁਦ ਹੀ ਉਸਦੀ ਛੱਡੀ ਖਾਲੀ ਥਾਂ ਨੂੰ ਭਰ ਦਿੰਦੀ ਹਾਂ। ਚਿਹਰੇ 'ਤੇ ਮੁਸਕਾਨ ਆ ਜਾਂਦੀ ਹੈ। ਇਹ ਵੀ ਤਾਂ ਅਜੀਬ ਜਿਹਾ ਅਹਿਸਾਸ ਹੈ। ਜਾਣਦੀ ਹਾਂ.....ਐਸਾ ਤਾਂ ਕੁਝ ਵੀ ਨਹੀਂ ਹੈ। ਫਿਰ ਵੀ ਪਤਾ ਨਹੀਂ ਕਿਉਂ ਬਹੁਤ ਕੁਝ ਨੂੰ ਮਹਿਸੂਸ ਕਰਦੀ ਹਾਂ। ਤੇਜ਼ੀ ਨਾਲ ਫੇਸਬੁੱਕ ਉਪਰ ਨਜ਼ਰ ਮਾਰਦੀ ਹਾਂ। ਉਂਗਲਾਂ ਦੀ ਗਤੀ ਨਾਲੋਂ ਵੀ ਤੇਜ਼ ਮਨ ਦੀ ਗਤੀ ਹੈ। ਫੋਨ ਪਾਸੇ ਰੱਖ ਕੇ ਚਾਹ ਪੀਣ ਲੱਗਦੀ ਹਾਂ।

"ਫੇਸਬੁੱਕ ਨਹੀਂ ਮੈਂ ਤਾਂ ਫੇਸ ਟੂ ਫੇਸ ਗੱਲਾਂ ਕਰਨੀਆਂ। " ਮੀਤ ਦੀ ਢਾਈ ਕੁ ਸਾਲ ਪਹਿਲਾਂ ਕਹੀ ਗੱਲ ਮੈਨੂੰ ਅਜੇ ਤੀਕ ਨਹੀਂ ਭੁੱਲੀ। ਸਾਡੀ ਰਿੰਗ ਸੈਰੇਮਨੀ ਤੋਂ ਬਾਅਦ, ਜਦੋਂ ਅਸੀਂ ਫੋਨ 'ਤੇ ਗੱਲ ਕਰਦੇ ਹੁੰਦੇ ਸਾਂ। ਮੀਤ ਉਦੋਂ ਇਹ ਗੱਲ ਆਖਿਆ ਕਰਦਾ ਸੀ-

"ਡਿੰਪਲ ਚੱਲ ਕਿਤੇ ਘੁੰਮਣ ਚਲੀਏ। "ਉਹ ਹਰੇਕ ਤੀਜੇ ਦਿਨ ਜ਼ਿੱਦ ਕਰਦਾ।

"ਮੀਤ ਮੰਮੀ ਨੂੰ ਕੀ ਕਹਾਂਗੀ ? ਮੈਂ ਨਹੀਂ। " ਮੈਂ ਨਾਂਹ ਕਰਨ ਲੱਗਦੀ।

"ਮੇਰਾ ਤੈਨੂੰ ਦੇਖਣ ਨੂੰ ਜੀ ਕਰਦਾ। " ਉਹ ਬੱਚਿਆਂ ਵਾਂਗ ਕਰਨ ਲੱਗਦਾ।

"ਅੱਛਾ ਚਲੋ ਫੇਸਬੁੱਕ 'ਤੇ ਫੋਟੋ ਪਾ ਦਿੰਦੀ ਹਾਂ। ਸਾਰਾ ਦਿਨ ਦੇਖਦੇ ਰਿਹੋ। " ਮੈਂ ਮਜ਼ਾਕ ਕਰਦੀ। .....ਤੇ ਮੀਤ ਫੇਸ ਟੂ ਫੇਸ ਮਿਲਣ ਦੀ ਗੱਲ ਕਰਦਾ। ਗੱਲਾਂ ਕਰਨ ਦੀ ਗੱਲ ਕਰਦਾ।

"ਹੁਣ ਕਰੋ ਫੇਸ ਟੂ ਫੇਸ ਗੱਲਾਂ। ਕੋਲ਼ ਆ ਗਈ ਆ ਮੈਂ।" ਵਿਆਹ ਤੋਂ ਬਾਅਦ ਮੀਤ ਦੇ ਗਲ ਵਿੱਚ ਬਾਹਾਂ ਪਾਉਂਦੇ ਹੋਏ ਮੈਂ ਕਿਹਾ ਸੀ। ਮੀਤ ਨੇ ਮੈਨੂੰ ਕਲਾਵੇ ਵਿੱਚ। ਭਰ ਲਿਆ। ਇੱਕ ਤਿੱਖੀ ਸਮੈੱਲ ਮੇਰੇ ਸਿਰ ਨੂੰ ਚੜ੍ਹਨ ਲੱਗੀ।

"ਮੀਤ ਤੁਸੀਂ......।" ਪਰ ਮੇਰੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਮੀਤ ਨੇ ਮੇਰੀਆਂ ਅੱਖਾਂ ਪੜ ਲਈਆਂ ਸਨ।

"ਨਹੀਂ-ਨਹੀਂ ਤੈਨੂੰ ਪਤਾ ਮੈਂ ਤਾਂ ਡਰਿੰਕ ਕਰਦਾ ਨਹੀਂ। ਇਹ ਤਾਂ ਦੋਸਤਾਂ ਨੇ...। ਕਹਿੰਦੇ ਵਿਆਹ ਹੋਇਆ ਤੇਰਾ। "

"ਪਰ ਮੀਤ.......।"

ਉਸਨੇ ਮੈਨੂੰ ਬੋਲਣ ਨਾ ਦਿੱਤਾ। ਤੇਜ਼ ਗੰਧ ਨਾਲ ਜਿਵੇਂ ਮੇਰਾ ਅੰਦਰ। ਭਰ ਗਿਆ

"ਮੀਤ ਅੱਜ ਤੋਂ ਬਾਅਦ ਕਦੀ ਡਰਿੰਕ ਨਹੀਂ ਕਰੋਗੇ ਨਾ ?" ਅਗਲੇ ਦਿਨ ਮੈਂ ਮੀਤ ਕੋਲੋਂ ਵਾਅਦਾ ਮੰਗਿਆ।

"ਨਾ ਕਦੀ ਨਹੀਂ। " ਮੀਤ ਨੇ ਮੇਰਾ ਹੱਥ ਆਪਣੇ ਹੱਥਾਂ ਵਿੱਚ ਲੈ ਕੇ ਆਖਿਆ।

ਹੱਥ ਵਿੱਚੋਂ ਕੱਪ ਡਿੱਗਦਾ-ਡਿੱਗਦਾ ਮਸਾਂ ਬਚਿਆ। ਮੈਂ ਖ਼ਿਆਲਾਂ ਵਿੱਚ ਗੁਆਚ ਗਈ ਸਾਂ। ਇੱਕ ਦਮ ਲੱਗਿਆ ਸੀ ਜਿਵੇਂ ਨੀਂਦ ਵਿੱਚੋਂ ਬਾਹਰ ਆਈ ਹੋਵਾਂ। ਇੱਕ ਵਾਰ ਫੇਰ ਉਠ ਕੇ ਮੀਤ ਨੂੰ ਦੇਖਣ ਜਾਂਦੀ ਹਾਂ। ਮੋਢੇ ਤੋਂ ਫੜ ਕੇ ਹਿਲਾਉਂਦੀ ਹਾਂ।

"ਉਠਦਾ। " ਆਖ ਕੇ ਉਹਨੇ ਫੇਰ ਪਾਸਾ ਪਰਤ ਲਿਆ।

ਮੈਂ ਮੁੜ ਡਰਾਇੰਗ ਰੂਮ ਵਿੱਚ ਆ ਬੈਠੀ ਹਾਂ। ਸੂਰਜ ਕਦੋਂ ਦਾ ਢਲ ਚੁੱਕਿਆ। ਸ਼ਾਮ ਗੂੜ੍ਹੀ ਹੋਣ ਲੱਗੀ। ਕਰਨ ਲਈ ਕੋਈ ਕੰਮ ਨਹੀਂ ਹੈ। ਸਬਜ਼ੀ ਕੰਮ ਵਾਲੀ ਬਣਾ ਗਈ

ਸੀ। ਖਾਣ ਲੱਗਿਆਂ ਬੱਸ ਚਾਰ ਫੁਲਕੇ ਹੀ ਬਣਾਉਂਣੇ ਨੇ। ਫੇਰ ਮੋਬਾਇਲ ਚੁੱਕ ਲੈਂਦੀ ਹਾਂ। ਰਾਜਵੀਰ ਦਾ ਮੈਸੇਜ਼ ਹੈ। ਪੁਛ ਰਿਹਾ-ਕੀ ਲੈ ਕੇ ਆਵਾਂ ਕੈਨੇਡਾ ਤੋਂ ?

"ਖ਼ੁਦ ਵਾਪਸ ਆ ਜਾਵੀਂ ਇਹੀ ਬਹੁਤ ਹੈ।" ਲਿਖ ਕੇ ਹੇਠਾਂ ਸਮਾਈਲ ਵਾਲਾ ਆਈਕਾਨ ਭੇਜਦੀ ਹਾਂ। ਮੁੜ ਉਸਦਾ ਕੋਈ ਜਵਾਬ ਨਹੀਂ ਆਉਂਦਾ। ਹੋਰ ਲੋਕਾਂ ਦੇ ਆਏ ਮੈਸੇਜ਼ ਪੜ੍ਹਨ ਲੱਗਦੀ ਹਾਂ। ਹਰ ਮੈਸੇਜ਼ ਨਾਲ ਚਿਹਰੇ ਦਾ ਹਾਵ-ਭਾਵ ਬਦਲ ਰਿਹਾ। ਕਿਸੇ ਚੁੱਟਕਲੇ 'ਤੇ ਹੱਸਣ ਲੱਗਦੀ ਹਾਂ। ਕਦੀ ਚਿਹਰੇ 'ਤੇ ਗੰਭੀਰਤਾ ਫੈਲਣ ਲੱਗਦੀ ਹੈ। ਖ਼ੁਦ ਹੀ ਕਈ ਵਾਰ ਸੋਚਦੀ ਹਾਂ, ਕਿੰਨੀ ਸਪੇਸ ਮੱਲ ਲਈ ਹੈ ਜ਼ਿੰਦਗੀ ਵਿੱਚ ਫੋਨ ਨੇ। ਕਿਸੇ ਪਲ ਇਨਸਾਨ ਇਕੱਲ ਦਾ ਸ਼ਿਕਵਾ ਕਰਦਾ ਹੈ ਤੇ ਕਦੇ ਦੂਜਿਆਂ ਵਿਚ ਬੈਠਾ ਵੀ ਖ਼ੁਦ ਨੂੰ ਇੱਕਲਿਆਂ ਕਰ ਲੈਂਦਾ।

ਮੀਤ ਮੇਰੇ ਸਾਹਮਣੇ ਆ ਬੈਠਾ।

ਫੋਨ ਉਪਰ ਨਜ਼ਰਾਂ ਗੱਡੀ ਬੈਠਾ ਹੀ ਆਖਦਾ- "ਯਾਰ! ਚਾਹ ਤਾਂ ਪਿਆ ਦੇ ਘੁੱਟ। "

ਮੈਂ ਉਠਦੀ ਹਾਂ। ਬਿਨਾਂ ਕੁਝ ਬੋਲੇ ਰਸੋਈ ਵਿੱਚ ਜਾ ਕੇ ਗੈਸ ਉਪਰ ਪਤੀਲਾ ਧਰ ਦਿੰਦੀ ਹਾਂ। ਫੋਨ ਨੂੰ ਅਨਲਾਕ ਕਰਕੇ ਵੇਖਦੀ ਹਾਂ। ਪਰ ਕੋਈ ਮੈਸੇਜ਼ ਨਹੀਂ ਆਇਆ। ਪਤੀਲੇ ਦੇ ਸ਼ੂ-ਸ਼ੂ ਕਰਨ ਦੀ ਅਵਾਜ਼ ਆਈ ਤਾਂ ਧਿਆਨ ਆਇਆ। ਮੈਂ ਖਾਲੀ ਪਤੀਲਾ ਗੈਸ 'ਤੇ ਧਰ ਦਿੱਤਾ ਸੀ।

ਅੱਜ ਕੱਲ ਸੁਰਤੀ ਪਤਾ ਨਹੀਂ ਕਿੱਥੇ ਰਹਿੰਦੀ ਹੈ।

ਮਨ ਵਿੱਚ ਹੀ ਸੋਚਦੀ ਹਾਂ। ਦੁੱਧ ਵਿੱਚ ਹੀ ਪੱਤੀ ਪਾ ਕੇ ਕੱਪ ਫੜ ਕੇ ਡਰਾਇੰਗ ਰੂਮ ਵਿੱਚ ਜਾ ਬੈਠਦੀ ਹਾਂ। ਮੀਤ ਚਾਹ ਪੀ ਰਿਹਾ।

ਅਚਾਨਕ ਤ੍ਰਭਕਦੀ ਹਾਂ।

"ਕਿਹਾ ਕੁਝ ?" ਮੀਤ ਨੂੰ ਪੁਛਦੀ ਹਾਂ।

"ਤੂੰ ਸੁਣਿਆ ਕੁਝ ? ਕੀ ਹੋਇਆ ਠੀਕ ਏ ?" ਮੀਤ ਤਾਂ ਚੁੱਪ ਚਾਪ ਚਾਹ ਪੀ ਰਿਹਾ ਸੀ। ਮੈਂ ਸ਼ਾਇਦ ਖਿਆਲਾਂ ਵਿੱਚ ਹੀ ਗੁਆਚੀ ਹੋਈ ਸਾਂ।

"ਚਾਹ ਤਾਂ ਫਿੱਕੀ ਹੈ ਯਾਰ! ਖੰਡ ਨਹੀਂ ਪਾਈ ?" ਮੀਤ ਨੇ ਉਸ ਦਿਨ ਦੋ ਵਾਰ ਦੁਹਰਾਈ ਸੀ ਇਹ ਗੱਲ। ਪਰ ਮੈਨੂੰ ਸੁਣਿਆ ਨਹੀਂ ਸੀ। ਮੀਤ ਨੇ ਠਾਹ ਕਰਦਾ ਕੱਪ ਫਰਸ਼ 'ਤੇ ਮਾਰਿਆ। ਮੈਂ ਡਰ ਗਈ ਸਾਂ।

"ਧਿਆਨ ਟਿਕਾਣੇ ਵੀ ਰੱਖ ਲਿਆ ਕਰ। " ਮੀਤ ਕਈ ਕੁਝ ਬੋਲਦਾ ਬਾਹਰ ਚਲਾ ਗਿਆ ਸੀ। ਜਦੋਂ ਮੁੜਿਆ। ਉਹਦਾ ਚਿਹਰਾ ਪਖ ਰਿਹਾ ਸੀ। ਮੈਨੂੰ ਕਲਾਵੇ ਵਿੱਚ ਲੈ ਲਿਆ।

"ਨਰਾਜ਼ ਏ ਮੇਰੇ ਨਾਲ ? ਸੌਰੀ ਬਾਬਾ ਗੁੱਸਾ ਵੀ ਤਾਂ ਆ ਈ ਜਾਂਦਾ ਕਈ ਵਾਰ। ਚੱਲ ਕੋਈ ਨਾ। ਪਿਆਰ ਵੀ ਤਾਂ ਬਹੁਤ ਕਰਦਾ ਮੈਂ ਤੈਨੂੰ। ਆ ਪਿਆਰ ਕਰਾਂ।" ਉਹ ਮੈਨੂੰ ਚੁੰਮਣ ਲੱਗਾ।


www.PunjabiLibrary.com

"ਮੀਤ ਪਲੀਜ਼ ! ਮੇਰਾ ਮਨ ਨਹੀਂ ਠੀਕ। ਹੁਣ ਨਹੀਂ। " ਮੈਂ ਤਰਲਾ ਲਿਆ।

"ਲੈ ਕਮਲੀ ਫੇਰ ਕਹਿੰਦੀ ਹੁਣ ਮੈਂ ਪਿਆਰ ਨਹੀਂ ਕਰਦਾ। " ਮੈਂ ਬੇਜ਼ਾਨ ਪਈ ਰਹੀ। ਮੀਤ ਅਲੱਗ ਹੋ ਕੇ ਕੱਪੜੇ ਪਾਉਣ ਲੱਗਾ। ਮੇਰੀਆਂ ਅੱਖਾਂ ਵਿੱਚ ਹੰਝੂ ਆ ਗਏ ਸਨ।

"ਬਜ਼ਾਰ ਤੀਕ ਚਲਿਆਂ। ਲਿਆਉਣਾ ਕੁਝ ?" ਚਾਹ ਵਾਲਾ ਖਾਲੀ ਕੱਪ ਮੀਤ ਨੇ ਟੇਬਲ 'ਤੇ ਰੱਖਦਿਆਂ ਪੁਛਿਆ। ਮੇਰੀ ਸੁਰਤੀ ਟੁੱਟੀ। ਮੈਂ ਹੇਠਾਂ ਨਜ਼ਰ ਮਾਰੀ। ਫ਼ਰਸ਼ ਤਾਂ ਸਾਫ਼ ਸੀ। ਮੇਰੇ ਜ਼ਹਿਨ ਵਿਚੋਂ ਦੋ ਹਫ਼ਤੇ ਪਹਿਲਾਂ ਵਾਲੀ ਇਹ ਘਟਨਾ ਖ਼ਬਰੇ ਕਿਉਂ ਨਹੀਂ ਨਿਕਲਦੀ।

"ਨਹੀਂ ਕੁਝ ਨਹੀਂ। ਜਲਦੀ ਆ ਜਾਇਓ। " ਮੈਂ ਨਾ ਚਾਹੁੰਦੇ ਵੀ ਆਖ ਦਿੱਤਾ। ਤੇ ਮੈਂ ਜਾਣਦੀ ਹਾਂ। ਮੀਤ ਨੇ ਵੀ ਬੱਸ ਕਹਿਣ ਲਈ ਹੀ ਕਿਹਾ ਹੈ- "ਬੱਸ ਗਿਆ ਤੇ ਆਇਆ। "

ਜਿਵੇਂ ਹੁਣੇ ਰਾਜਵੀਰ ਦਾ ਰਿਪਲਾਈ ਆਇਆ।

"ਮੈਂ ਤਾਂ ਆ ਹੀ ਜਾਣਾ ਵਾਪਸ। ਉਥੇ ਨਹੀਂ ਰਹਿੰਦਾ। ਤੂੰ ਗਿਫਟ ਕੀ ਲੈਣਾ ਇਹ ਦੱਸ ?"

"ਕੁਝ ਨਹੀਂ !" ਟਾਈਪ ਕਰਨ ਦੀ ਥਾਂ ਬੋਲਣ ਲੱਗਦੀ ਹਾਂ। ਆਪਣੀ ਹੀ ਅਵਾਜ਼ ਨਾਲ ਡਰ ਜਾਂਦੀ ਹਾਂ।

"ਕੀ ਹੋਈ ਜਾਂਦਾ ਮੈਨੂੰ ?" ਸਹਿਮ ਜਿਹਾ ਜਾਂਦੀ ਹਾਂ।

"ਕੁਝ ਨਹੀਂ ਹੋਇਆ ਮੈਨੂੰ। ਵਹਿਮ ਕਰਦੀ ਐਂਵੇਂ।" ਮੇਰੇ ਬਾਰ-ਬਾਰ ਕਹਿਣ 'ਤੇ ਉਸ ਦਿਨ ਮੀਤ ਖਿੱਝ ਉਠਿਆ ਸੀ।

"ਫੇਰ ਚਿਹਰਾ ਇੰਨਾ ਲਾਲ ਕਿਵੇਂ ਹੈ ? ਆਪਣੀਆਂ ਅੱਖਾਂ ਦੇਖੋ। " ਮੈਂ ਆਪਣੀਆਂ ਬਾਹਾਂ ਅੱਗੇ ਕੀਤੀਆਂ। ਗੋਰੀਆਂ ਬਾਹਾਂ ਥਾਂ-ਥਾਂ ਤੋਂ ਲਾਲ ਹੋਈਆਂ ਪਈਆਂ ਸਨ।

"ਕਿਵੇਂ ਖਾ ਜਾਣ ਵਾਲਿਆਂ ਵਾਂਗ ਕੀਤਾ ਤੁਸੀਂ ਅੱਜ। "

ਮੀਤ ਪਾਗਲਾਂ ਵਾਂਗ ਹੱਸਣ ਲੱਗਾ।

"ਐਕਸਾਈਟਮੈਂਟ ਵੀ ਤਾਂ ਕੋਈ ਚੀਜ਼ ਹੁੰਦੀ ਏ ਕਿ ਨਹੀਂ ? ਇਹ ਤਾਂ ਮੁਹੱਬਤ ਦਾ ਸਬੂਤ ਹੈ। " ਮੀਤ ਨੇ ਸੌ ਸਹੁੰਆਂ ਖਾਧੀਆਂ ਸਨ। ਪਰ ਜਿਸ ਦਿਨ ਉਪਰਲੇ ਰੂਮ ਵਿੱਚੋਂ ਮਾਚਿਸ ਦੀਆਂ ਤੀਲਾਂ ਤੇ ਸਿਲਵਰ ਪੇਪਰ ਦੇ ਟੁਕੜੇ ਮਿਲੇ। ਉਸ ਦਿਨ ਇਸ ਤੋਂ ਵੱਡੇ ਕਿਸੇ ਹੋਰ ਸਬੂਤ ਦੀ ਜ਼ਰੂਰਤ ਨਹੀਂ ਸੀ ਰਹੀ।

ਮੀਤ ਬੱਚਿਆਂ ਵਾਂਗ ਰੋਣ ਲੱਗਾ।

"ਡਿੰਪਲ ਮੈਂ ਇਹ ਸਭ ਛੱਡਣਾ ਚਾਹੁੰਦਾ। ਬਚਾ ਲੈ ਮੈਨੂੰ।" ਉਸ ਦੀ ਅਵਾਜ਼ ਵਿੱਚ ਤਰਲਾ ਸੀ। ਮੈਂ ਪਿੰਡ ਗੱਲ ਕੀਤੀ। ਬਾਹਰ ਮੀਤ ਦੀ ਮੰਮੀ ਨਾਲ ਗੱਲ ਕੀਤੀ। ਆਪਣੇ ਬ੍ਰਦਰ ਨੂੰ ਬੁਲਾ ਲਿਆ। ਮੀਤ ਨੂੰ ਡੀ ਅਡੀਕਸ਼ਨ ਸੈਂਟਰ ਵਿਚ ਦਾਖਲ ਕਰਵਾ


www.PunjabiLibrary.com

ਦਿੱਤਾ। ਦੋ ਮਹੀਨੇ ਇਸੇ ਤਰ੍ਹਾਂ ਨਿਕਲੇ। ਕਦੇ ਮੰਮੀ ਮੇਰੇ ਕੋਲ ਆ ਜਾਂਦੇ , ਕਦੇ ਬ੍ਰਦਰ। ਮੰਮੀ ਆਉਂਦੇ ਤਾਂ ਹਰ ਵਾਰ ਮੇਰੀ ਹਾਲਾਤ ਤੇ ਝੁਰਨ ਲੱਗਦੇ।

"ਕੀ ਪਤਾ ਸੀ ਧੀਏ ਉਦੋਂ ਤਾਂ ਗੁਣ ਗਾਉਂਦੇ ਨਹੀਂ ਸੀ ਥੱਕਦੇ। ਆਪ ਵੀ ਸੋਚਿਆ , ਹੋਏ ਵਾਲੇ ਨੇ ਕੋਈ ਮਾੜਾ ਘਰ ਈ ਲੱਭ ਲੈਂਦੇ। "

ਉਸ ਪਲ ਮੈਨੂੰ ਰਾਜਵੀਰ ਦੀ ਯਾਦ ਆ ਜਾਂਦੀ।

ਅਸੀਂ ਬਹੁਤ ਚੰਗੇ ਦੋਸਤ ਸਾਂ। ਮੈਂ ਮਨ ਹੀ ਮਨ ਰਾਜਵੀਰ ਨੂੰ ਪਸੰਦ ਕਰਦੀ। ਤੇ ਪਸੰਦ ਤਾਂ ਰਾਜਵੀਰ ਵੀ ਕਰਦਾ ਸੀ ਮੈਨੂੰ। ਮੈਂ ਜਾਣਦੀ ਸਾਂ। ਪਰ ਮੈਂ ਘਰੇ ਗੱਲ ਕਰਨ ਦੀ ਹਿੰਮਤ ਹੀ ਨਾ ਕੀਤੀ। ਕਾਲਜ ਤੋਂ ਬਾਅਦ ਰਾਜਵੀਰ ਕਿੱਧਰੇ ਅਲੋਪ ਹੀ ਹੋ ਗਿਆ। ਸ਼ਾਇਦ ਉਸ ਵੇਲੇ ਹਿੰਮਤ ਕਰ ਲੈਂਦੀ ਤਾਂ......। ਮੀਤ ਬਾਰੇ ਸੋਚਦਿਆਂ ਮੈਨੂੰ ਇੰਜ ਲੱਗਣ ਲੱਗਦਾ। ਮੰਮੀ ਦੀਆਂ ਗੱਲਾਂ ਹੋਰ ਜ਼ਿਆਦਾ ਉਦਾਸ ਕਰ ਦਿੰਦੀਆਂ। ਸਕੂਲ ਵਿੱਚ ਗਰਮੀਆਂ ਦੀਆਂ ਛੁੱਟੀਆਂ ਸਨ। ਮੈਂ ਮਹੀਨਾ ਭਰ ਘਰ ਰਹੀ। ਮੀਤ ਦਾ ਖ਼ਿਆਲ ਰੱਖਦੀ। ਆਖਦੀ, "ਮੀਤ ਗਲਤੀਆਂ ਤਾਂ ਸਭ ਕੋਲੋਂ ਹੋ ਜਾਂਦੀਆਂ। ਜੋ ਹੋ ਗਿਆ, ਉਹਨੂੰ ਭੁੱਲ ਕੇ ਇੱਕ ਨਵੀਂ ਸ਼ੁਰੂਆਤ ਕਰਦੇ ਹਾਂ। ਇਹ ਰਸਤਾ ਤਾਂ ਬਰਬਾਦੀ ਵੱਲ ਜਾਂਦਾ।"

ਬਰਬਾਦੀ ਦੇ ਅਗਲੇ ਰਾਹ 'ਤੇ ਤਾਂ ਉਹ ਚੱਲ ਹੀ ਪਿਆ ਸੀ। ਡੀ-ਅਡੀਕਸ਼ਨ ਦੀ ਬਲੱਡ ਰਿਪੋਰਟ ਦੇਖ-ਦੇਖ ਮੇਰਾ ਆਪਾਂ ਖਿੰਡਨ ਲੱਗਦਾ। ਮੀਤ ਨੇ ਵਾਅਦਾ ਤਾਂ ਕੀਤਾ ਪਰ ਉਸਦੇ ਵਾਅਦੇ ਪੂਰੇ ਨਾ ਹੋਏ।

"ਡਿੰਪਲ ਬੱਸ ਦੋ ਪੈਗ। ਘਰੇ ਬੈਠ ਕੇ ਪੀਊਂ। ਹੌਲੀ-ਹੌਲੀ ਇਹ ਵੀ ਛੱਡ ਦਊ। " ਮੇਰੇ ਸਾਹਮਣੇ ਡਰਿੰਕ ਨਾ ਕਰਨ ਵਾਲਾ ਓਹਲਾ ਵੀ ਚੁਕਿਆ ਗਿਆ।

"ਚਲ ਮੈਡੀਕਲ ਨਸ਼ਾ ਤਾਂ ਨਹੀਂ ਕਰਦਾ ਕੋਈ। ਸ਼ਰਾਬ ਦਾ ਕੀ ਏ। ਸਾਰੇ ਈ ਪੀਂਦੇ ਸ਼ਰਾਬ ਤਾਂ।" ਬਾਹਰੋਂ ਮੀਤ ਦੇ ਮੰਮੀ ਮੈਨੂੰ ਸਮਝਾਉਂਦੇ। ਪਰ ਮੈਨੂੰ ਜਿਵੇਂ ਕੁਝ ਸਮਝ ਨਾ ਆਉਂਦਾ। ਉਹ ਗੱਲ ਕਿਸੇ ਹੋਰ ਨੂੰ ਨਾ ਦੱਸਣ ਲਈ ਮੀਤ ਤਰਲੇ ਲੈਂਦਾ। ਮੇਰਾ ਸਿਰ ਭਾਰਾ ਹੋਇਆ ਰਹਿੰਦਾ। ਕਈ ਤਰ੍ਹਾਂ ਦੀਆਂ ਸੋਚਾਂ ਦਿਮਾਗ ਵਿੱਚ ਭੂਚਾਲ ਮਚਾਈ ਰੱਖਦੀਆਂ। ਤੇ ਘਰ ਵਿੱਚ ਭੂਚਾਲ ਮੀਤ ਪੈਦਾ ਕਰੀ ਰੱਖਦਾ। ਕਦੀ ਰੋਟੀ ਠੰਡੀ ਦੇ ਬਹਾਨੇ। ਕਦੇ ਸਬਜ਼ੀ ਵਿੱਚ ਲੂਣ ਵੱਧ-ਘੱਟ ਹੋਣ ਦੇ ਬਹਾਨੇ। ਮੈਂ ਹੈਰਾਨ ਹੁੰਦੀ। ਹੌਲੀ-ਹੌਲੀ ਇਹ ਹੈਰਾਨੀ ਪ੍ਰੇਸ਼ਾਨੀ ਵਿੱਚ ਵਟ ਗਈ। ਘਰ ਦਾ ਮਾਹੌਲ ਬਦਲਣ ਲੱਗਿਆ। ਛੁੱਟੀਆਂ ਤੋਂ ਮਗਰੋਂ ਮੈਂ ਇੱਕ ਦਿਨ ਸਕੂਲ਼ ਤੋਂ ਮੁੜੀ। ਦੇਖਿਆ ਮੀਤ ਦੇ ਨਾਲ ਦੋ ਜਾਣੇ ਹੋਰ ਡਰਾਇੰਗ ਰੂਮ ਵਿੱਚ ਬੈਠੇ ਸਨ। ਦਰਵਾਜ਼ੇ ਅੱਗਿਓਂ ਲੰਘੀ ਤਾਂ ਸਿਗਰੇਟ ਦੀ ਤੇਜ਼ ਸਮੈੱਲ ਨੱਕ ਨੂੰ ਚੜ੍ਹਨ ਲੱਗੀ। ਮੈਂ ਅੰਦਰ ਜਾ ਕੇ ਪੈ ਗਈ। ਸਿਰ ਭਾਰਾ ਹੋਣ ਲੱਗਾ। ਪਿਆਂ-ਪਿਆਂ ਕਦ ਨੀਂਦ ਆ ਗਈ, ਪਤਾ ਹੀ ਨਾ ਲੱਗਿਆ। ਜਦ ਅੱਖ ਖੁੱਲ੍ਹੀ ਮੀਤ ਮੇਰੇ ਸਿਰਹਾਣੇ ਬੈਠਾ ਸੀ।

"ਕੀ ਗੱਲ ਅੱਜ ਉਠਣਾ ਨਹੀਂ ਏ ?" ਉਸਦੀਆਂ ਅੱਖਾਂ ਮਿਚਦੀਆਂ ਪਈਆਂ ਸਨ ਤੇ ਚਿਹਰਾ ਲਾਲ ਸੀ।

"ਮੀਤ ਅਜ ਫੇਰ ?"

"ਫੇਰ ਕੀ ? ਸਾਰੀ ਦੁਨੀਆਂ ਈ ਖਾਂਦੀ ਪੀਂਦੀ। ਐਂਵੇ ਟੈਨਸ਼ਨ ਨਹੀਂ ਲਈਦੀ। ਬੁੜਾ ਬਥੇਰੇ ਪੈਸੇ। ਭੇਜਦਾ ਬਾਹਰੋ।" ਮੀਤ ਨੇ ਮੈਨੂੰ ਕੋਲ ਖਿਚ ਲਿਆ। ਮੈਨੂੰ ਜਿਵੇਂ ਕੌਫਤ ਆਉਣ ਲੱਗੀ।

"ਮੀਤ ਪਲੀਜ਼! ਹਰ ਗੱਲ ਦਾ ਕੋਈ ਟਾਈਮ ਹੁੰਦਾ।" ਮੈਂ ਦੂਰ ਹੋਣ ਦੀ ਕੋਸ਼ਿਸ ਕੀਤੀ। ਪਰ ਉਦੋਂ ਮੀਤ ਮੀਤ ਨਹੀਂ ਸੀ। ਨਾ ਹੀ ਉਸਨੂੰ ਚੰਗੇ ਮਾੜੇ ਦੀ ਹੋਸ਼ ਸੀ। ਉਹ ਇਸ ਸਾਰੇ ਕੁਝ ਨੂੰ ਪਿਆਰ ਦਾ ਨਾਮ ਦਿੰਦਾ। ਪਰ ਪਿਆਰ ਸ਼ਬਦ ਦੇ ਅਰਥ ਮੇਰੀ ਡਿਕਸ਼ਨਰੀ ਵਿੱਚ ਕੁਝ ਹੋਰ ਸਨ।

ਮੋਬਾਇਲ 'ਤੇ ਫੇਰ ਟੀਂ-ਟੀਂ ਹੋਈ।

ਰਾਜਵੀਰ ਦਾ ਮੈਸੇਜ਼ ਹੈ। ਕੋਈ ਪਤੀ-ਪਤਨੀ ਦੇ ਸਬੰਧਾਂ ਦਾ ਜੋਕ ਹੈ। ਪੜਕੇ ਹੱਸਦੀ ਹਾਂ। ਕਿੰਨੇ ਹੀ ਸਾਲਾਂ ਬਾਅਦ ਰਾਜਵੀਰ ਫੇਸਬੁੱਕ 'ਤੇ ਮਿਲਿਆ ਸੀ। ਅਚਾਨਕ ਫੇਸਬੁੱਕ ਫੋਲਦਿਆਂ ਮੈਨੂੰ ਰਾਜਵੀਰ ਦੀ ਤਸਵੀਰ ਦਿੱਸੀ। ਪ੍ਰੋਫਾਈਲ ਦੇਖੀ। .....ਤੇ ਫ੍ਰੈਂਡ ਰਿਕੁਐਸਟ ਭੇਜੀ। ਸਾਡੇ ਵਿਚਕਾਰ ਲੰਮੀ ਚੈਟ ਹੋਈ ਤੇ ਫਿਰ ਰਾਜਵੀਰ ਦਾ ਨੰਬਰ ਲੈ ਕੇ ਮੈਂ ਸਕੂਲ ਟਾਈਮ ਉਸਨੂੰ ਫੋਨ ਕੀਤਾ। ਪਤਾ ਲੱਗਾ , ਕਾਲਜ ਤੋਂ ਨਿਕਲ ਕੇ ਉਹ ਦਿੱਲੀ ਕਿਸੇ ਕਾਲਜ ਵਿੱਚ ਲੈਕਚਰਾਰ ਜਾ ਲੱਗਿਆ ਸੀ। ਅਜ ਕੱਲ ਇਸੇ ਸ਼ਹਿਰ ਵਿੱਚ ਆ ਗਿਆ ਹੈ। ਛੇ ਕੁ ਮਹੀਨੇ ਪਹਿਲਾਂ।

"ਕਿੱਥੇ ਅਲੋਪ ਹੋ ਗਿਆ ਸੀ ਰਾਜਵੀਰ। ਕਿੰਨੇ ਸਾਲ ਬੀਤ ਗਏ।"

"ਬੱਸ! ਮਕਸਦ ਹੀ ਕੋਈ ਨਹੀਂ ਸੀ ਦਿਸਦਾ ਜ਼ਿੰਦਗੀ ਦਾ। ਤੇਰੇ ਵਿਆਹ ਕਰਵਾਉਣ ਦਾ ਪਤਾ ਲੱਗਾ ਸੀ। ਉਦੋਂ ਤਾਂ ਪੰਜਾਬ ਹੀ ਸੀ ਮੈਂ। ਲੇਟ ਵਾਲ਼ੀ ਮੁਬਾਰਕ ਕਬੂੰਲ ਕਰ ਲੈ।"

"ਤੇ ਤੇਰੀ ਮੈਰਿਜ਼ ?"

" ਬੱਸ!...ਕੋਈ ਐਸਾ ਮਿਲਿਆ ਨਹੀਂ ਜਿਸ ਨਾਲ ਜ਼ਿੰਦਗੀ ਕੱਟੀ ਜਾ ਸਕਦੀ ਹੋਵੇ।"

ਇਕ ਦੂਜੇ ਦਾ ਬਹੁਤ ਕੁਝ ਅਸੀਂ ਬਿਨ ਕਿਹਾਂ ਵੀ ਸਮਝ ਸਕਦੇ ਸਾਂ। ਦੋ ਚਾਰ ਦਿਨਾਂ ਬਾਅਦ ਰਾਜਵੀਰ ਮੈਨੂੰ ਮਿਲਣ ਆ ਗਿਆ। ਉਸਨੂੰ ਇੰਨੇ ਸਾਲਾਂ ਬਾਅਦ ਦੇਖ ਕੇ ਅਚੇਤ ਵਿੱਚ ਦੱਬਿਆ ਕਿੰਨਾ ਕੁਝ ਮੁੜ ਅੱਖਾਂ ਅੱਗੇ ਸਕਾਰ ਹੋ ਗਿਆ। ਮੈਂ ਸੋਚਦੀ ਰਾਜਵੀਰ ਨਾਲ ਹੁੰਦਾ ਤਾਂ ਸ਼ਾਇਦ ਜ਼ਿੰਦਗੀ ਦੇ ਅਰਥ ਕੁਝ ਹੋਰ ਹੋਣੇ ਸੀ।

"ਕੁਝ ਨਹੀਂ ਹੁੰਦਾ ਤੂੰ ਛੱਡ ਦੇ ਜਾੱਬ। ਖਿਆਲ ਰੱਖ ਉਹਦਾ। ਪੈਸੇ ਮੈਂ ਇੱਥੋਂ ਭੇਜ ਦਿਆ ਕਰੂ।"

ਮੀਤ ਦੇ ਮੰਮੀ ਜਦੋਂ ਵੀ ਫੋਨ ਕਰਦੇ ਹਮੇਸ਼ਾ ਇਹੀ ਆਖਦੇ। ਮੈਂ ਸੁਣ ਲੈਂਦੀ। ਪਰ ਚੁੱਪ ਰਹਿੰਦੀ। ਮਨ ਵਿੱਚ ਸੋਚਦੀ। ਮੈਨੂੰ ਭੁੱਖ ਨਹੀਂ ਤੁਹਾਡੇ ਡਾਲਰਾਂ ਦੀ।

"ਮੁੰਡਾ ਤਾਂ ਧੀਏ ਬਾਹਰਲੇ ਪੈਸਿਆਂ ਈ ਵਿਗਾੜਿਆ। ਤੂੰ ਕਹੇਗੀ ਚਾਚੀ ਕੀ ਕਹਿੰਦੀ।"

ਮੀਤ ਹੁਣਾਂ ਦੇ ਸ਼ਰੀਕੇ 'ਚੋਂ ਲੱਗਦੀ ਚਾਚੀ , ਕਈ ਵਾਰ ਦੁਪਿਹਰੇ ਆ ਕੇ ਗੱਲਾਂ ਲੱਗ ਜਾਂਦੀ- "ਸਾਰਾ ਕਸੂਰ ਤੇਰੇ ਸੱਸ ਸਹੁਰੇ ਦਾ। ਜਦੋਂ ਵੱਡਾ ਬਾਹਰ ਸੀ। ਇਹਨੇ ਇੱਥੇ ਕੀ ਕਰਨਾ ਸੀ। ਅਖੇ ਜ਼ਮੀਨ-ਜਾਇਦਾਤ ਨਹੀਂ ਛੱਡ ਕੇ ਜਾਣੀ। ਇਹਨੂੰ ਇੱਥੇ ਸ਼ੋ-ਰੂਮ ਖੋਲ ਦਿੱਤਾ। ਬਸ ਉਥੋਂ ਈ ਮਾੜੀ ਬਹਿਣੀ ਬੈਠਾ। ਪੁਛਣ ਵਾਲਾ ਹੈ ਕੋਈ ਨਹੀਂ ਸੀ। ਗੱਲ ਕੀਤਿਆਂ ਤਾਂ ਚੁਗਲੀ ਹੁੰਦੀ। ਇਹਨਾਂ ਤਾਂ ਮੁੰਡਾ ਵਿਆਹ ਲਿਆ। ਸੋਚਦੇ ਹੋਣੇ ਬਈ ਚੱਲ ਜਵਾਕ ਜੱਲਾਂ ਹੋਜੂ। ਪਰ ਤੇਰਾ ਕੀ ਕਸੂਰ ਧੀਏ। ਸ਼ਰਾਬੀ-ਕਬਾਬੀ ਨਾਲ ਕੱਟਣੀ ਸੌਖੀ ਪਈ। ਇਹ ਤਾਂ ਤੂੰ ਜਾਣਦੀ ਏ ਜਾਂ ਰੱਬ। "

ਮੈਂ ਤਾਂ ਉਹ ਕੁਝ ਵੀ ਜਾਣਦੀ ਸਾਂ ਜੋ ਮੈਂ ਕਿਸੇ ਨੂੰ ਨਹੀਂ ਦੱਸਿਆ। ਆਪਣੇ ਮੰਮੀ ਨੂੰ ਵੀ ਨਹੀਂ। ਪਰ ਹੁਣ ਇਹ ਗੱਲਾਂ ਸੁਣੀਆਂ ਨਾ ਸੁਣੀਆਂ ਇੱਕ ਬਰਾਬਰ ਸਨ। ਡੀ-ਅਡੀਕਸ਼ਨ ਤੋਂ ਆ ਕੇ ਉਹਨੇ ਮਹੀਨਾ ਕੁ ਈ ਕੰਟਰੋਲ ਕੀਤਾ ਸੀ ਮਸਾਂ। ਮੁੜ ਉਹੀ ਸਿਲਸਿਲਾ ਸ਼ੁਰੂ ਹੋ ਗਿਆ। ਮੈਂ ਕਿੰਨੀ ਕੁ ਰਾਖੀ ਕਰਦੀ। ਮੈਂ ਇੱਕਲੀ ਬੈਠੀ ਉਡੀਕਦੀ ਰਹਿੰਦੀ। ਮੀਤ ਘਰ ਮੁੜਦਾ , ਨਸ਼ੇ ਵਿੱਚ ਹੁੰਦਾ। ਹੌਲੀ-ਹੌਲੀ ਇਹ ਸਾਰਾ ਕੁਝ ਆਮ ਹੋ ਗਿਆ। ਮੇਰੇ ਸਕੂਲੋਂ ਮੁੜਨ ਤੋਂ ਪਹਿਲਾਂ ਮੀਤ ਘਰੋਂ ਨਿਕਲ ਜਾਂਦਾ। ਮੈਂ ਕਦੇ ਟੀ.ਵੀ ਦੇਖਦੀ। ਕਦੀ ਫੇਸਬੁਕ ਖੋਲ ਬੈਠਦੀ। ਘਰ ਖਾਣ ਨੂੰ ਆਉਂਦਾ। ਰਾਜਵੀਰ ਨਾਲ ਗੱਲਾਂ ਕਰਦੀ ਤਾਂ ਮਨ ਨੂੰ ਸਕੂਨ ਮਿਲਦਾ।

"ਮੈਂ ਜਾਣਦਾ ਡਿੰਪਲ ਮੈਂ ਤੇਰੇ ਨਾਲ ਗਲਤ ਕੀਤਾ। ਪਰ ਮੇਰੇ ਵਸ ਦੀ ਗੱਲ ਨਹੀਂ। ਮੈਨੂੰ ਮਾਫ ਕਰਦੇ।" ਮੀਤ ਮਾਫੀਆਂ ਮੰਗਦਾ। ਪਰ ਸਾਡੇ ਮਨ ਵਿਚਲੀ ਇਹ ਦੂਰੀ ਵਧਦੀ ਹੀ ਤੁਰੀ ਜਾਂਦੀ। ਘਰ ਜਿਵੇਂ ਘਰ ਨਾ ਰਿਹਾ। ਮੀਤ ਆਪਣੇ ਦੋਸਤਾਂ ਨੂੰ ਬੁਲਾ ਲੈਂਦਾ। ਸ਼ਰਾਬ ਪੀਤੀ ਜਾਂਦੀ। ਸਿਗਰੇਟ ਦੀ ਸਮੈੱਲ ਘਰ ਵਿੱਚ ਫੈਲਣ ਲੱਗਦੀ। ਸਫਾਈਆਂ ਕਰਦੀ ਕੰਮ ਵਾਲੀ ਦਸਦੀ ਕਿ ਕਮਰੇ ਵਿਚੋਂ ਸਰਿੰਜਾਂ ਮਿਲੀਆਂ। ਸਿਲਵਰ ਪੇਪਰ ਉਹ ਨਿੱਤ ਹੂੰਝਦੀ। ਮੀਤ ਪਿਆਰ ਦਿਖਾਉਂਦਾ। ਪਰ ਮੈਨੂੰ ਜਿਵੇਂ ਕੁਝ ਵੀ ਚੰਗਾ ਨਾ ਲੱਗਦਾ।

"ਮੈਨੂੰ ਇਸ ਸਭ ਦੀ ਜ਼ਰੂਰਤ ਨਹੀਂ ਮੀਤ। " ਪਰ ਸੁਣਨਾ ਤੇ ਸਮਝਣਾ ਮੀਤ ਦੇ ਵੱਸ ਦੀ ਗੱਲ ਨਹੀਂ ਸੀ। ਮੇਰਾ ਅੰਦਰ ਕੁੜੱਤਣ ਨਾਲ ਭਰ ਜਾਂਦਾ।

"ਤੁਸੀਂ ਬੱਚਾ ਕਿਉਂ ਨਹੀਂ ਕਰਦੇ। ਘੱਟੋਂ-ਘੱਟ ਬਿਜ਼ੀ ਤਾਂ ਰਹੋਗੇ। "ਮੇਰੇ ਨਾਲ ਵਾਲੀ ਮੈਡਮ ਅਕਸਰ ਆਖਣ ਲੱਗਦੀ। ਪਰ ਹਕੀਕਤ ਤਾਂ ਮੈਂ ਹੀ ਜਾਣਦੀ ਹਾਂ। ਮੈਂ ਆਉਣ ਵਾਲੇ ਕੱਲ ਦੀ ਕਲਪਨਾ ਕਰਦੀ ਹੋਈ ਵੀ ਕੰਬ ਜਾਂਦੀ। ਮੈਨੂੰ ਸਾਡੇ ਸਕੂਲ ਵਾਲੀ ਮਿਡ-ਡੇ ਮੀਲ ਵਰਕਰ ਯਾਦ ਆ ਜਾਂਦੀ। ਉਹਦਾ ਘਰ ਵਾਲਾ ਵੀ ਆਹੀ ਕੁਝ ਕਰਦਾ ਸੀ। ਉਹ ਨਿੱਤ ਆਪਣੇ ਘਰ ਦੀ ਕਥਾ ਛੇੜ ਬੈਠਦੀ। ਹਰ ਰੋਜ਼ ਸਟਾਫ ਤੋਂ ਪੈਸੇ ਮੰਗਦੀ। ਸਕੂਲ ਨਾ ਹੁੰਦਾ ਤਾਂ ਸ਼ਾਇਦ ਉਹਦੇ ਬੱਚੇ ਰੋਟੀ ਨੂੰ ਵੀ ਤਰਸਦੇ। ਸਕੂਲ ਦਾ ਖਾਣਾ ਬਣਾ ਕੇ ਉਹ ਘਰ ਜੋਗਾ ਵੀ ਲੈ ਕੇ ਜਾਂਦੀ। ਆਰਥਿਕ ਤੰਗੀ ਦੀ ਸਤਾਈ ਉਹ ਮੇਰੇ ਕੋਲ ਬੈਠੀ ਹੰਝੂ ਕੇਰਦੀ। ਉਸਦੀ ਤਕਲੀਫ਼ ਮੈਥੋਂ ਵੱਧ ਕੌਣ ਸਮਝਦਾ। ਮੈਂ ਮਨ ਵਿਚ ਆਖਦੀ- ਬਿਮਲਾ ਆਪਾਂ ਤਾਂ ਇੱਕੋ ਜਿਹੀਆਂ ਹਾਂ।


www.PunjabiLibrary.com

ਮੀਤ ਦੀ ਮੰਮੀ ਨੇ ਬਾਹਰੋਂ ਪੈਸੇ ਭੇਜਣੇ ਬੰਦ ਕਰ ਦਿੱਤੇ। ਤਨਖਾਹ ਨਾਲ਼ ਘਰ ਤਾਂ ਚੱਲਦਾ ਹੀ ਜਾਂਦਾ। ਪਰ ਮੀਤ ਦੇ ਨਸ਼ੇ ਮੈਂ ਕਿਵੇਂ ਪੂਰੇ ਕਰਦੀ। ਪੈਸਿਆਂ ਪਿਛੇ ਸਾਡੇ ਵਿਚ ਕਲੇਸ਼ ਹੁੰਦਾ। ਤੇ ਮਹਾ ਕਲੇਸ਼ ਘਰ ਵਿਚ ਉਦੋਂ ਛਿੜਿਆ ਸੀ ਜਦੋਂ ਡਾਲੇਕੇ ਜ਼ਿਊਲਰ ਤੋਂ ਮੈਨੂੰ ਪਤਾ ਲੱਗਾ ਸੀ ਕਿ ਮੇਰਾ ਫਸਟ ਮੈਰਿਜ਼ ਐਨਵਰਸਰੀ 'ਤੇ ਬਣਾਇਆ ਨੈਕਲਸ ਮੀਤ ਉਹਨਾਂ ਕੋਲੇ ਵੇਚ ਆਇਆ ਸੀ। ਮੈਂ ਜ਼ਿਊਲਰ ਕੋਲੇ ਫਿੱਕਾ ਜਿਹਾ ਮੁਸਕੁਰਾਈ। ਘਰ ਆ ਕੇ ਸੇਫ ਖੋਲੀ। ਦੇਖਿਆ ਸਚਮੁਚ.....। ਮੈਂ ਇੱਕਲੀ ਬੈਠੀ ਰੋਂਦੀ ਰਹੀ। ਨੈਕਲਸ ਦੇ ਪੈਸਿਆਂ ਨਾਲ ਮੀਤ ਦੇ ਕੁਝ ਦਿਨ ਤਾਂ ਸੌਖੇ ਨਿਕਲੇ। ਮੁੜ ਉਹੀ ਕਿਚ-ਕਿਚ ਸ਼ੁਰੂ ਹੋ ਗਈ। ਮੀਤ ਆਪਣੇ ਦੋਸਤਾਂ ਕੋਲੋਂ ਉਧਾਰ ਫੜਨ ਲੱਗਦਾ। ਮੀਤ ਦਾ ਇੱਕ ਦੋਸਤ ਅਕਸਰ ਘਰ ਆਉਂਦਾ। ਗੰਜਾ ਜਿਹਾ। ਗੁੰਡਿਆਂ ਵਰਗਾ ਲੱਗਦਾ। ਮੈਨੂੰ ਘਰ ਵਿੱਚ ਤੁਰੀ ਫਿਰਦੀ ਨੂੰ ਦੇਖਦਾ। ਮੈਂ ਮੀਤ ਨੂੰ ਆਖਦੀ ਤਾਂ ਉਹ ਪਰਵਾਹ ਨਾ ਕਰਦਾ।

"ਖਾ ਤਾਂ ਨਹੀਂ ਚਲਿਆ ਤੈਨੂੰ। ਮੈਂ ਵੀ ਕੋਲ ਈ ਬੈਠਾ। " ਉਹ ਰੁੱਖਾ ਜਿਹਾ ਬੋਲਦਾ। ਮੈਂ ਮੰਮੀ ਕੋਲੇ ਰੋਂਦੀ। ਆਖਦੀ ਮੈਨੂੰ ਇਸ ਨਰਕ 'ਚੋ ਕੱਢ ਲਉ। ਮੰਮੀ ਮਨ ਭਰ ਆਉਂਦੇ।

"ਧੀਏ ਘਰ ਬੰਨਣੇ ਕਿਤੇ ਸੌਖੇ ਪਏ। ਪਿਉ ਤੇਰਾ ਸਿਰ 'ਤੇ ਹੁੰਦਾ ਤਾਂ ਹੋਰ ਗੱਲ ਸੀ। ਮੇਰੀਆਂ ਆਂਦਰਾ ਕਿਤੇ ਘੱਟ ਕਲਪਦੀਆਂ। "

ਉਹਨਾਂ ਦੀ ਆਪਣੀ ਮਜ਼ਬੂਰੀ ਸੀ। ਪਰ ਮੈਂ ਘਰ ਕਿਵੇਂ ਬੰਨਦੀ ? ਘਰ ਤਾਂ ਖਿੰਡਦਾ ਜਾ ਰਿਹਾ ਸੀ। ਮੈਂ ਰਸੋਈ ਵਿੱਚ ਖੜੀ ਆਟਾ ਗੁੰਨ ਰਹੀ ਸਾਂ। ਕਿਸੇ ਦੇ ਕਦਮਾਂ ਦੀ ਆਹਟ ਸੁਣੀ। ਪਿਛੇ ਮੁੜੀ ਤਾਂ ਮੀਤ ਦਾ ਉਹੀ ਦੋਸਤ ਦਰਵਾਜ਼ੇ ਵਿੱਚ ਖੜਾ ਸੀ। ਮੈਂ ਘਬਰਾ ਗਈ। ਉਹਨੇ ਅੱਗੇ ਵੱਧ ਕੇ ਮੇਰਾ ਹੱਥ ਫੜਨਾ ਚਾਹਿਆ। ਪਰ ਮੈਂ ਉਹਨੂੰ ਧੱਕਾ ਦੇ ਕੇ ਡਰਾਇੰਗ ਰੂਮ ਵੱਲ ਦੌੜ ਗਈ। ਮੀਤ ਨਸ਼ੇ ਵਿੱਚ ਪਿਆ ਸੀ। ਮੈਂ ਉਹਨੂੰ ਹਲੂਣਦੀ ਰਹੀ। ਰੋਂਦੀ ਰਹੀ। ਪਰ ਉਸਨੂੰ ਕੋਈ ਸੁਰਤ ਨਹੀਂ ਸੀ। ਮੇਰੇ ਰੌਲਾ ਪਾ ਦੇਣ ਦੇ ਡਰੋਂ ਉਹ ਬੰਦਾ ਤਾਂ ਚਲਾ ਗਿਆ। ਪਰ ਮੈਨੂੰ ਸਾਰੀ ਰਾਤ ਨੀਂਦ ਨਾ ਆਈ। ਅਗਲੇ ਦਿਨ ਸਕੂਲ ਵੀ ਨਾ ਗਈ। ਬੁਖਾਰ ਨਾਲ ਪਿੰਡਾ ਤਪਦਾ ਰਿਹਾ।

ਕਮਰੇ ਵਿਚ ਗਰਮੀ ਹੋਈ ਤਾਂ ਅਹਿਸਾਸ ਹੋਇਆ ਕਿ ਲਾਈਟ ਗਈ ਹੋਈ ਏ। ਏ.ਸੀ ਬੰਦ ਹੋ ਗਿਆ ਹੈ।

ਮੀਤ ਨੂੰ ਗਿਆਂ ਘੰਟੇ ਤੋਂ ਉਤੇ ਹੋਣ ਲੱਗਾ। ਮੈਂ ਜਾਣਦੀ ਹੀ ਸਾਂ , ਉਹਨੇ ਰੋਜ਼ ਵਾਂਗ ਹੀ ਮੁੜਨਾ। ਅੱਧੀ ਰਾਤ ਨੂੰ। ਉਠ ਕੇ ਬੇ-ਮਤਲਬ ਹੀ ਗੇਟ ਅੱਗੇ ਆ ਖੜੀ ਹਾਂ। ਗਲੀ ਵਿੱਚ ਹਲਕਾ-ਹਲਕਾ ਹਨੇਰਾ ਹੈ। ਕੋਈ-ਕੋਈ ਬੰਦਾ ਤੁਰਿਆ ਫਿਰਦਾ ਦਿਸਦਾ। ਸਟਰੀਟ ਲਾਈਟ ਦੀ ਪੀਲੀ ਜਿਹੀ ਰੌਸ਼ਨੀ ਵਿੱਚ ਗਲੀ ਦਾ ਆਖਰੀ ਘਰ ਬਹੁਤ ਖ਼ੂਬਸੂਰਤ ਲੱਗ ਰਿਹਾ। ਵਿਆਹ ਹੈ ਉਸ ਘਰ ਵਿੱਚ। ਸੱਜਰਾ ਪੇਂਟ ਕੀਤਾ ਹੋਇਆ। ਮੈਨੂੰ ਯਾਦ ਹੈ ਸਾਡੇ ਵਿਆਹ ਮੌਕੇ ਮੀਤ ਨੇ ਕਲਰ ਸਿਲੈਕਸ਼ਨ ਲਈ ਮੈਨੂੰ ਪੁਛਿਆ ਸੀ। ਅਸੀਂ ਆਪਣੇ ਰੂਮ ਲਈ ਡਾਰਕ ਕਲਰ ਚੁਣਿਆ।


www.PunjabiLibrary.com

"ਸੂਹੇ ਰੰਗ ਮਹੁੱਬਤਾਂ ਦੇ ਹੁੰਦੇ ਮੀਤ!" ਮੈਂ ਆਖਿਆ ਸੀ। ਸੱਚਮੁਚ ਮੁਹੱਬਤ ਬਿਨਾਂ ਹਰ ਰੰਗ ਫਿੱਕਾ ਹੁੰਦਾ। ਮੈਂ ਹੁਣ ਸੋਚਦੀ। ਕਾਸ਼! ਮੀਤ ਦਾ ਰਾਹ ਇੰਜ ਦੇਖਿਆ ਹੁੰਦਾ। ਗੇਟ ਮੂਹਰੇ ਖੜ ਕੇ। ਕਾਸ਼ ਮੀਤ ਨੇ ਉਹ ਰਾਹ ਨਾ ਚੁਣਿਆ ਹੁੰਦਾ ਜਿਸ ਨੇ ਬਸ....!

"ਮੈਂ ਇਸ ਰਾਹ ਚਾਹ ਕੇ ਨਹੀਂ ਸਾਂ ਤੁਰਿਆ ਡਿੰਪਲ! ਬਸ ਹਾਲਾਤ ਈ ਐਸੇ ਬਣਦੇ ਗਏ। ਮੰਮੀ-ਪਾਪਾ ਬਾਹਰ ਚਲੇ ਗਏ ਬ੍ਰਦਰ ਕੋਲ ਮੈਂ ਕਾਲਜ ਸਾਂ ਉਦੋਂ। ਪਹਿਲਾਂ ਪੜ੍ਹਨ ਦਾ ਬਹਾਨਾ ਬਣ ਗਿਆ। ਫਿਰ ਇੱਥੋਂ ਵਾਲੀ ਜਾਇਦਾਤ ਦਾ। ਮੈਂ ਇੰਡੀਆਂ ਰਿਹਾ। ਕੰਮ ਵਾਲੀ ਖਾਣਾ ਬਣਾ ਜਾਂਦੀ। ਸਫਾਈਆਂ ਵਾਲੀ ਸਫਾਈਆਂ ਕਰ ਜਾਂਦੀ। ਨਾ ਘਰ ਜਲਦੀ ਮੁੜਨ ਦੀ ਕਾਹਲ ਨਾ। ਨਾ ਲੇਟ ਆਏ ਤੋਂ ਕੋਈ ਡਾਂਟਣ ਵਾਲਾ। ਮੇਰੇ ਦੋਸਤ ਜਾਣਦੇ ਸੀ ਮੈਂ ਇਕੱਲਾ ਰਹਿੰਦਾ। ਉਹ ਮੇਰੇ ਵੱਲ ਬੈਠੇ ਸ਼ਰਾਬ ਪੀਂਦੇ। ਬਸ ਉਹੀ ਸੰਗਤ ਹੌਲੀ-ਹੌਲੀ। " ਮੀਤ ਦੀ ਆਪਣੀ ਕਹਾਣੀ ਸੀ।

"ਮੈਨੂੰ ਇੱਕਲ ਨੇ ਇੰਜ ਦਾ ਬਣਾ ਦਿੱਤਾ ਡਿੰਪਲ। " ਉਹ ਆਖਦਾ। ਮੈਨੂੰ ਮੇਰੀ ਇੱਕਲ ਖਾਣ ਨੂੰ ਆਉਂਦੀ। ਆਖਿਰ ਮੇਰੀ ਹੀ ਜ਼ਿੰਦਗੀ ਕਿਉਂ ਬਰਬਾਦ ਕੀਤੀ ਤੁਸੀਂ। ਮੇਰੀ ਮਾਂ ਮੈਨੂੰ ਸੁਖੀ ਵਸਦਾ ਦੇਖਣਾ ਚਾਹੁੰਦੀ ਸੀ ਬੱਸ। ਮੈਂ ਅਕਸਰ ਮੀਤ ਨੂੰ ਪੁਛਦੀ। ਆਪਣੀ ਮਾਂ ਦਾ ਦੁੱਖ ਦੱਸਦੀ। ਪਰ ਜਵਾਬ ਕੀ ਸੀ ਮੀਤ ਕੋਲ। ਉਹਨੂੰ ਤਾਂ ਬਸ ਇੱਕ ਔਰਤ ਚਾਹੀਦੀ ਸੀ। ਰਾਤ ਗੁਜ਼ਾਰਨ ਲਈ। ਘਰ ਸੰਭਾਲਣ ਲਈ। ਉਹ ਮੈਂ ਹੁੰਦੀ ਜਾਂ ਕੋਈ ਹੋਰ। ਉਹਨੂੰ ਕੀ ਫਰਕ ਪੈਂਦਾ ਸੀ।

"ਹੁਣ ਕੀ ਫਰਕ ਪੈਂਦਾ ਰਾਜਵੀਰ.....!" ਮੈਨੂੰ ਸ਼ਬਦ ਨਾ ਮਿਲਦੇ। ਮੈਂ ਹਰ ਪਲ ਰੱਜ ਕੇ ਜੀਣ ਦੀ ਕੋਸ਼ਿਸ ਕਰਦੀ। ਪਰ ਸਫ਼ਲ ਨਾ ਹੁੰਦੀ। ਅੰਦਰ ਕੁਝ ਖੁਰਦਾ ਰਹਿੰਦਾ। ਜ਼ੁਬਾਨ 'ਤੇ ਕਦੀ ਹੁਣ ਸ਼ਿਕਾਇਤ ਨਹੀਂ ਆਉਂਦੀ। ਮੰਮੀ ਨੂੰ ਵੀ ਹੁਣ ਕਦੀ ਕੁਝ ਨਹੀਂ ਦੱਸਦੀ। ਉਹ ਸ਼ੁਕਰ ਮਨਾਉਂਦੇ ਨੇ। ਸੋਚਦੇ ਨੇ ਸ਼ਾਇਦ ਸਭ ਠੀਕ ਹੋ ਰਿਹਾ। ਕਹਿੰਦੇ ਨੇ , "ਬਸ ਧੀਏ! ਪ੍ਰਮਾਤਮਾ ਸਭ ਦਾ ਈ ਸੋਚਦਾ। ਆਪੇ ਸਿਆਣਾ ਬਣ ਜਾਣਾ ਉਹਨੇ। " ਮੈਂ ਮੰਮੀ ਨੂੰ ਨਹੀਂ ਦੱਸਦੀ ਕਿ......। ਉਹ ਮੀਤ ਦੇ ਸਿਆਣਾ ਬਣਨ ਦੀ ਉਡੀਕ ਕਰਦੇ ਨੇ ਤੇ ਮੈਂ...।

"ਮੈਂ ਚੱਲਦਾ ਤੇਰੇ ਨਾਲ ਆ ਆਪਾਂ ਮਿਲਦੇ ਹਾਂ ਕਿਸੇ ਡਾਕਟਰ ਨੂੰ।"

ਰਾਜਵੀਰ ਨੇ ਬਹੁਤ ਤਰਲੇ ਲਏ ਸੀ। ਪਰ ਮੇਰਾ ਮਨ ਨਹੀਂ ਮੰਨਿਆ। ਮੈਂ ਸੋਚਦੀ , ਕਿਸ ਲਈ। ਹੁਣ ਜਿਵੇਂ ਮਕਸਦ ਹੀ ਮੁਕ ਗਿਆ ਹੋਵੇ। ਮਕਸਦ ਲੱਭਣ ਲਈ ਹੀ ਮੈਂ ਦਿਸ਼ਾ ਸੈਂਟਰ ਨਾਲ ਜੁੜੀ ਸਾਂ। ਡੈਮੋ ਲੈਕਚਰ ਵਿਚ ਡਾਕਟਰ ਅਵੀਨਾਸ਼ ਨੇ ਬਹੁਤ ਡੀਟੇਲ ਵਿਚ ਸਮਝਾਇਆ ਸੀ ਸਾਰਾ ਕੁਝ। ਏਡਜ਼। ਇਸਦੇ ਫੈਲਣ ਦੇ ਕਾਰਨ। ਬਚਾਅ ਤੇ ਇਲਾਜ। ਹਫ਼ਤਾ ਕੁ ਸਾਡੀ ਟ੍ਰੇਨਿੰਗ ਚੱਲੀ। ਸੈਂਟਰ ਨਾਲ ਜੁੜ ਕੇ ਪਤਾ ਲੱਗਿਆ, ਏਡਜ਼ ਜਾਂ ਐਚ.ਆਈ.ਵੀ ਦੇ ਮਰੀਜ਼ਾਂ ਦੀ ਗਿਣਤੀ ਵੀ ਬਹੁਤ ਹੈ। ਅਸੀਂ ਮਰੀਜ਼ ਨੂੰ ਤੰਦਰੁਸਤ ਤੇ ਆਮ ਵਰਗੀ ਜ਼ਿੰਦਗੀ ਜਿਊਂਣ ਲਈ ਉਤਸ਼ਾਹਿਤ ਕਰਦੇ। ਸਮਝਾਉਂਦੇ ਕਿ ਐਸੀਆਂ

ਅਣਗਿਣਤ ਉਦਾਹਰਨਾਂ ਨੇ ਜਿੱਥੇ ਐਚ.ਆਈ.ਵੀ ਪਾਜੈਟਿਵ ਲੋਕ ਕਈ-ਕਈ ਸਾਲਾਂ ਤੋਂ ਆਮ ਵਾਂਗ ਹੀ ਜੀ ਰਹੇ ਨੇ। ਮੈਨੂੰ ਇਹ ਸਭ ਚੰਗਾ ਲੱਗਦਾ। ਮਰੀਜ਼ ਦੇ ਚਿਹਰੇ ਦੀ ਖ਼ੁਸ਼ੀ ਮੈਨੂੰ ਊਰਜਾ ਦਿੰਦੀ।

ਹੁਣ ਜਦ ਵੀ ਖ਼ੁਦ ਦੀ ਸ਼ਕਲ ਦੇਖਦੀ ਹਾਂ ਸ਼ੀਸ਼ੇ ਵਿੱਚ , ਤਾਂ ਲੱਗਦਾ ਜਿਵੇਂ ਕੋਈ ਹੋਰ ਹੋਵੇ। ਸ਼ਾਇਦ ਮੈਂ ਖ਼ੁਦ ਨੂੰ ਹੀ ਖ਼ੁਦ ਦੇ ਅੰਦਰੋਂ ਮਾਰ ਲਿਆ ਹੈ।

"ਮੈਂ ਕਿੰਨਾ ਕੁ ਜੀ ਸਕਦਾ ਡਾਕਟਰ?" ਮੀਤ ਨੇ ਡਾਕਟਰ ਅਵੀਨਾਸ਼ ਨੂੰ ਪੁਛਿਆ ਸੀ। ਡਾਕਟਰ ਅਵੀਨਾਸ਼ ਨੇ ਇੱਕ ਛਿਣ ਲਈ ਮੇਰੇ ਵੱਲ ਦੇਖਿਆ।

"ਸਭ ਤੋਂ ਪਹਿਲਾਂ ਡਰੱਗਜ਼ ਛੱਡੋਂ। ਇਹ ਬੇਹੱਦ ਜ਼ਰੂਰੀ ਹੈ। " ਉਸਨੇ ਕਈ ਸਾਰੀਆਂ ਦਵਾਈਆਂ ਲਿਖ ਕੇ ਦਿੱਤੀਆਂ। ਮੈਨੂੰ ਵੀ ਬਲੱਡ ਟੈਸਟ ਕਰਵਾਉਣ ਲਈ ਆਖਿਆ। ਪਰ ਮੇਰਾ ਮਨ ਨਾ ਮੰਨਿਆਂ। ਜੋ ਵੀ ਹੋਏਗਾ। ਮੈਨੂੰ ਉਸ ਦਾ ਕੋਈ ਡਰ ਨਹੀਂ। ਮੈਂ ਮਨ ਵਿਚ ਸੋਚ ਲਿਆ। ਮੈਂ ਮੀਤ ਨੂੰ ਹੌਸਲਾਂ ਦਿੰਦੀ। ਤਕੜੇ ਹੋਣ ਲਈ ਪ੍ਰੇਰਦੀ।

"ਮੀਤ ਆਪਾਂ ਦੂਜਿਆਂ ਲਈ ਪ੍ਰੇਰਨਾ ਬਣੀਏ। ਤੂੰ ਬਾਹਰ ਆ ਇਸ ਦਲਦਲ 'ਚੋਂ ਫਿਰ ਆਪਾਂ ਹੋਰਾਂ ਨੂੰ ਬਾਹਰ ਕੱਢਣ ਲਈ ਕੋਸ਼ਿਸ਼ ਕਰਾਂਗੇ। ਆਪਾਂ ਦੋਵੇਂ ਮਿਲ ਕੇ। "

ਮੈਨੂੰ ਮੇਰੇ ਵਰਗੀਆਂ ਸੈਕੜੇਂ ਹਜ਼ਾਰਾਂ ਔਰਤਾਂ ਦੀ ਹੋਣੀ ਦਿਸਣ ਲੱਗਦੀ। ਪਰ ਮੀਤ ਖ਼ੁਦ ਨੂੰ ਬਦਲ ਨਾ ਸਕਿਆ। ਮੈਂ ਯਤਨ ਕਰਨਾ ਛੱਡ ਦਿੱਤਾ। ਦੂਜੀ ਵਾਰ ਮੈਂ ਵੀ ਡਾਕਟਰ ਅਵੀਨਾਸ਼ ਕੋਲ ਦਿਸ਼ਾ ਸੈਂਟਰ ਲਈ ਕੰਮ ਕਰਨ ਦੀ ਇੱਛਾ ਪ੍ਰਗਟਾਈ ਸੀ। ਫਾਰਮ ਭਰਿਆ ਤੇ ਡੈਮੋ ਕਲਾਸ ਲਗਾਈ। ਮੇਰੇ ਵਰਗੇ ਕਈ ਹੋਰ ਵਲੰਟੀਅਰ ਦਿਸ਼ਾ ਸੈਂਟਰ ਲਈ ਕੰਮ ਕਰਦੇ ਨੇ। ਨਿਰਾਸ਼ ਹੋ ਚੁਕੇ ਲੋਕਾਂ ਨੂੰ ਜ਼ਿੰਦਗੀ ਜਿਊਣ ਦੀ ਦਿਸ਼ਾ ਦੇਣਾ ਹੀ ਸਾਡੇ ਐਨ.ਜੀ.ਓ ਦਾ ਮਾਟੋ ਹੈ। ਹੁਣ ਜਲਦੀ ਹੀ ਐਨ.ਜੀ.ਓ ਬੇਆਸਰਿਆਂ ਲਈ ਘਰ ਬਣਾ ਰਿਹਾ।

ਕਿੰਨੀ ਹੀ ਦੇਰ ਦੀ ਘਰ ਤੋਂ ਬਾਹਰ ਖੜੀ ਹਾਂ। ਹਨੇਰਾ ਹੋਰ ਗੂੜਾ ਹੋ ਚੁਕਿਆ। ਗੇਟ ਬੰਦ ਕਰ ਕੇ ਮੁੜ ਡਰਾਇੰਗ ਰੂਮ ਵਿਚ ਆ ਬੈਠੀ ਹਾਂ। ਲਾਈਟ ਵੀ ਆ ਗਈ ਹੈ। ਇਕ ਪਲ ਲਈ ਸੋਚਦੀ ਹਾਂ ਰੋਟੀ ਬਣਾ ਕੇ ਖਾ ਲਵਾਂ। ਫਿਰ ਖ਼ੁਦ ਹੀ ਇਸ ਗੱਲ ਨੂੰ ਖਾਰਿਜ਼ ਕਰਦੀ ਹਾਂ। ਰੋਟੀ ਦੀ ਜ਼ਰੂਰਤ ਨਹੀਂ ਬਹੁਤੀ। ਦੁੱਧ ਦਾ ਗਿਲਾਸ ਪੀ ਲਵਾਂਗੀ ਸੌਂਣ ਲੱਗਿਆਂ। ਮੀਤ ਨੇ ਤਾਂ ਪਤਾ ਨਹੀਂ ਕਦ ਮੁੜਨਾ। ਉਠ ਕੇ ਅਲਮਾਰੀ ਵਿਚੋਂ ਮਰੀਜ਼ਾਂ ਦੀ ਕੇਸ ਸਟੱਡੀ ਵਾਲੀ ਫਾਈਲ ਕੱਢ ਲੈਂਦੀ ਹਾਂ। ਨਵੇਂ ਮਰੀਜ਼ਾਂ ਦੇ ਕੇਸ ਪੜ੍ਹਦੀ ਹਾਂ। ਫਾਈਲ ਦੇ ਅਖੀਰ ਵਿੱਚ ਮੀਤ ਦਾ ਕੇਸ ਵੀ ਪਿਆ ਹੈ। ਇਕ ਵਾਰ ਫੇਰ ਦੁਬਾਰਾ ਫਾਰਮ 'ਤੇ ਨਜ਼ਰ ਮਾਰਦੀ ਹਾਂ। ਕਈ ਵਾਰ ਪੜ੍ਹਿਆ, ਫੇਰ ਪੜ੍ਹਦੀ ਹਾਂ। ਨਾਲ ਉਸਦੀ ਬਲੱਡ ਰਿਪੋਰਟ ਅਟੈਚਡ ਹੈ। ਰਿਪੋਰਟ ਰਿਜ਼ਲਟ: ਐਚ.ਆਈ.ਵੀ. ਪਾਜੈਟਿਵ। ਰੂਟਸ: ਇਫੈਕਟਡ ਨੀਡਲ। ਅੱਗੇ ਪਤੀ ਜਾਂ ਪਤਨੀ ਵਾਲਾ ਖਾਨਾ ਖਾਲੀ ਹੈ। ਮੈਂ ਆਪਣਾ ਬਲੱਡ ਟੈਸਟ ਨਹੀਂ ਕਰਵਾਇਆ। ਜਾਣਦੀ ਹਾਂ ਮੀਤ ਹਰ ਪਲ ਮੌਤ ਵੱਲ ਸਰਕਦਾ ਪਿਆ। ਨਸ਼ਿਆਂ ਨੇ ਉਸਦੀ ਦੇਹ ਨੂੰ ਤਬਾਹ ਕਰ ਸੁਟਿਆ। ਉਸਦੀ ਰੋਗ ਪ੍ਰਤੀਰੋਧਕ ਸ਼ਕਤੀ ਬਹੁਤੀ ਨਹੀਂ ਹੈ। ਉਹਨੇ ਨਸ਼ੇ


www.PunjabiLibrary.com

ਛੱਡਣ ਦੀ ਕੋਸ਼ਿਸ਼ ਮੁੜ ਕੀਤੀ। ਪਰ ਹੁਣ ਨਸ਼ੇ ਉਸਨੂੰ ਨਹੀਂ ਛੱਡਦੇ। ਅਜ ਕੱਲ ਮੀਤ ਜਦੋਂ ਪੈਸੇ ਮੰਗਦਾ, ਮੈਂ ਨਾਂਹ ਨਹੀਂ ਕਰਦੀ। ਉਸਦੀ ਕੋਈ ਵੀ ਗੱਲ ਹੁਣ ਮੈਨੂੰ ਬੁਰੀ ਨਹੀਂ ਲੱਗਦੀ।

ਜਾਣਦੀ ਹਾਂ , ਅੱਗੇ ਖੂਹ ਹੈ। ਪਿਛੇ ਖਾਈ। ਮੀਤ ਦੋਨਾਂ ਵਿਚੋਂ , ਕਿਸੇ ਵਿਚ ਵੀ ਡਿੱਗ ਸਕਦਾ। ਪਰ ਹੁਣ ਮੈਂ ਨਾ ਉਸਨੂੰ ਪਿੱਛੇ ਮੁੜਨ ਨੂੰ ਕਹਿੰਦੀ ਹਾਂ , ਨਾ ਅੱਗੇ ਵੱਧਣ ਤੋਂ ਰੋਕਦੀ ਹਾਂ। ਸ਼ਾਇਦ ਹੁਣ ਬਹੁਤ ਦੇਰ ਹੋ ਚੁਕੀ ਹੈ।

**-ਸ਼ਬਦ**


www.PunjabiLibrary.com

# ਖ਼ੁਸ਼ਬੂ

ਕੱਲ੍ਹ ਡਾਕਟਰ ਜਾ ਰਿਹਾ ਹੈ। ਵਾਪਸ, ਕਨੇਡੇ ਨੂੰ। ਉਹ ਚਲਾ ਜਾਊ ਤਾਂ ਉਪਰ ਉਹਦੇ ਵਾਲਾ ਕਮਰਾ ਫੇਰ ਮੈਨੂੰ ਮਿਲ ਜਾਊ। ਸੌਣ-ਪੈਣ ਨੂੰ। ਇੱਥੇ ਤਾਂ ਮੈਨੂੰ ਸਵਾਰ ਕੇ ਨੀਂਦ ਨਹੀਂ ਆਉਂਦੀ। ਮਹੀਨੇ ਤੋਂ ਜਦੋਂ ਦਾ ਡਾਕਟਰ ਕਨੇਡੇ ਤੋਂ ਆਇਆ ਮੈਂ ਇੱਥੇ ਪੈਂਦਾ। ਆਹ ਬਹਿਣ ਉਠਣ ਵਾਲੇ ਕਮਰੇ 'ਚ। ਕੀ ਆਖਦਾ ਹੁੰਦਾ ਮੇਰਾ ਮੁੰਡਾ ਖਬਰੈ ਹਾਂ ਡਰੈਂਗ ਰੂਮ 'ਚ। ਐਤਕੀ ਆਖਦੇ ਬਈ ਡਾਕਟਰ ਨੇ ਖਾਸੇ ਟੈਮ ਮਗਰੋਂ ਗੇੜੀ ਮਾਰੀ ਇੱਥੇ। ਛੇ ਮਹੀਨੇ ਤਾਂ ਮੈਨੂੰ ਵੀ ਹੋਗੇ ਹੋਣੇ ਇੱਥੇ ਆਏ ਨੂੰ। ਉਥੇ ਇਹਦੀ ਘਰਵਾਲੀ ਏ। ਦੋ ਕੁੜੀਆਂ ਨੇ ਖਬਰੈ। ਅੱਗੇ ਉਨ੍ਹਾਂ ਦਾ ਜਵਾਕ ਜੱਲ੍ਹਾ ਹੋਊ। ਜਿਸ ਦਿਨ ਡਾਕਟਰ ਆਇਆ ਸੀ ਮੈਂ ਤਾਂ ਉਸ ਦਿਨ ਪਹਿਲੀ ਵਾਰੀ ਦਰਸ਼ਨ ਕੀਤੇ ਸੀ ਇਹਦੇ।

ਇੱਕ ਦਿਨ ਦੁਪਿਹਰ ਨੂੰ ਇਹ ਮੇਰੇ ਕੋਲ ਆ ਕੇ ਬਹਿ ਗਿਆ।

ਓਦਨ ਹੀ ਜ਼ੁਬਾਨ ਸਾਂਝੀ ਹੋਈ ਸੀ ਸਾਡੀ। ਫੇਰ ਤਾਂ ਬਥੇਰੀ ਭਕਾਈ ਮਾਰੀ ਅਸਾਂ ਦੋਹਾਂ। ਨਾ ਡਾਕਟਰ ਨੂੰ ਕੋਈ ਕੰਮ। ਨਾ ਮੈਨੂੰ।

ਮੈਂ ਪੁੱਛਿਆ, "ਤੈਂ ਡਾਕਟਰੀ ਕਿੱਥੇ ਕਰੀ ਤੀ ?"

ਕਹਿੰਦਾ, "ਬਾਬਾ ਮੈਂ ਡਾਕਟਰੀ ਨਹੀਂ ਸੀ ਕਰਦਾ। ਮੈਂ ਤਾਂ ਕਾਲਜ 'ਚ ਪੜ੍ਹਾਉਂਦਾ ਸੀ। ਨੌਕਰੀ ਪੂਰੀ ਕਰਕੇ ਅਸੀਂ ਬਾਹਰ ਨੂੰ ਉਠ ਗਏ।"

"ਜੇ ਡਾਕਟਰੀ ਨਹੀਂ ਕਰੀ ਤਾਂ ਇਹ ਸਾਰੇ ਤੈਨੂੰ ਡਾਕਟਰ ਕਾਸਤੋਂ ਕਹਿੰਦੇ ?"

ਮੈਂ ਤਾਂ ਹੈਰਾਨ ਜਿਹਾ ਸੀ।

"ਅਸਲ 'ਚ ਮੈਂ ਪੜ੍ਹਾਈ ਦਾ ਡਾਕਟਰ ਸੀ ?"

ਉਹਨੇ ਦੱਸਿਆ। ਹੋਰ ਉਲਝਾਵ ਪੈਦਾ ਹੋ ਗਿਆ ਸੀ।

"ਬੰਦਿਆਂ-ਜਾਨਵਰਾਂ ਦਾ ਡਾਕਟਰ ਤਾਂ ਸੁਣਿਆ। ਪੜ੍ਹਾਈ ਦਾ ਵੀ ਡਾਕਟਰ ਹੁੰਦਾ ? ਸਾਨੂੰ ਤਾਂ ਅੱਜ ਤੀਕ ਮਾਛਟਰਾਂ ਦਾ ਈ ਪਤਾ ਸੀ।"

"ਹੁੰਦਾ ਏ। ਪਰ ਬਾਬਾ ਹੁਣ ਇਹ ਨਾ ਪੁੱਛੀ ਬਈ ਉਹ ਕਿਵੇ ?"

ਡਾਕਟਰ ਖੀਂ-ਖੀਂ ਕਰਕੇ ਹੱਸ ਪਿਆ।

ਫਿਰ ਮੈਂ ਕੁਝ ਹੋਰ ਨਾ ਪੁਛਿਆ। ਤੇ ਮੈਂ ਵੀ ਹੁਣ ਉਹਨੂੰ ਬਾਕੀਆਂ ਵਾਂਗ ਡਾਕਟਰ ਹੀ ਆਖਦਾ। ਡਾਕਟਰ ਪੰਦਰਾਂ-ਵੀਹ ਵਰ੍ਹੇ ਮਸਾਂ ਛੋਟਾ ਹੋਣਾ ਮੈਥੋਂ। ਪਰ ਖੌਰੇ ਬਾਬਾ ਕਾਹਤੋਂ ਆਖਦਾ ਮੈਨੂੰ। ਸ਼ਾਇਦ ਮਾਘੀ ਦੀ ਰੀਸੇ।

"ਚਿੱਤ ਲੱਗ ਗਿਆ ਫਿਰ ਇੱਥੇ ? ਮਲਵਿੰਦਰ ਦੱਸਦਾ ਹੁੰਦਾ ਸੀ ਤੁਸੀਂ ਪਿੰਡ ਨਾਲ ਬਾਹਲਾ ਤੇਹ ਕਰਦੇ ਸੀ।"

ਡਾਕਟਰ ਮਾਘੀ ਨੂੰ ਮਾਲਵਿੰਦਰ ਆਖਦਾ। ਮਾਘੀ ਯਾਨੀ ਮੇਰਾ ਮੁੰਡਾ। ਇਹਨਾਂ ਦਾ ਮਲਵਿੰਦਰ।

"ਚਿੱਤ ਕਾਹਨੂੰ ਲੱਗਦਾ ਡਾਕਟਰਾ। ਹੁਣ ਪੇਸ਼ ਕੋਈ ਨਹੀਂ ਜਾਂਦੀ ਪਰ। ਤੂੰ ਵੱਧ ਗਿਆਨਵਾਨ ਐ।"


www.PunjabiLibrary.com

ਮੇਰੀ ਜਿਵੇਂ ਅਵਾਜ਼ ਡੁੱਬ ਗਈ ਸੀ।

ਛੇ ਮਹੀਨਿਆਂ 'ਚ ਡਾਕਟਰ ਹੀ ਪਹਿਲਾ ਬੰਦਾ ਮਿਲਿਆ ਸੀ ਜਿਨੇ ਮੇਰੇ ਚਿੱਤ ਬਾਰੇ ਪੁੱਛਿਆ। ਨਹੀਂ ਤਾਂ ਇੱਥੇ ਕੌਣ ਵਿਹਲਾ ਏ ਦੂਜੇ ਦੀ ਖੈਰ-ਖ਼ਬਰ ਲੈਣ ਲਈ। ਇਸੇ ਲਈ ਉਸ ਦਿਨ ਤੋਂ ਬਾਅਦ ਡਾਕਟਰ ਮੈਨੂੰ ਵੱਧ ਚੰਗਾ ਲੱਗਣ ਲੱਗਿਆ ਸੀ। ਡਾਕਟਰ ਦੀ 'ਚਿੱਤ' ਵਾਲੀ ਗੱਲ ਯਾਦ ਕਰਕੇ ਵੀਹ ਵਾਰੀ ਰੋਣ-ਹਾਕਾ ਹੋਇਆ ਮੈਂ। ਕੱਲ ਡਾਕਟਰ ਜਾ ਰਿਹਾ। ਮੈਂ ਜਿਵੇਂ ਫੇਰ ਇਕੱਲਾ ਹੋ ਜਾਊਂ। ਮਾਘੀ ਤਾਰੇ ਨਿਕਲਿਆਂ ਤੋਂ ਘਰ ਮੁੜਦਾ। ਬਹੂ ਦੁਪੈਹਰ ਨੂੰ ਆ ਕੇ ਟੀ.ਵੀ ਨੂੰ ਚਿੰਬੜ ਜਾਂਦੀ। ਜਵਾਕ ਸਕੂਲ ਤੋਂ ਆ ਕੇ ਕਿੱਧਰੇ ਹੋਰ ਪੜ੍ਹਨ ਨੂੰ ਉਠ ਜਾਂਦੇ। ਮੈਨੂੰ ਸਮਝ ਨਹੀਂ ਆਉਂਦਾ ਇਹ ਐਸਾ ਪੜਦੇ ਕੀ ਨੇ ਅਲੋਕਾਰ। ਬਹੂ ਨੂੰ ਯਾਨੀ ਦੀ ਸਾਹ ਨਹੀਂ ਆਉਂਦਾ ਜਦ ਇਹਨਾਂ ਦੇ ਪਰਚੇ ਚੱਲਦੇ ਪਏ ਹੁੰਦੇ। ਮੈਂ ਸੋਚੂ ਬਈ ਪਰਚੇ ਜਵਾਕਾਂ ਦੇ ਨੇ ਜਾਂ ਇਹਦੇ ਆਪਣੇ ?...

ਵਿਆਹ ਤੋਂ ਬਾਅਦ ਕੇਰਾਂ ਮੈਂ ਮਾਘੀ ਨੂੰ ਪੁਛਿਆ ਸੀ।

"ਕੀ ਕਮਾ ਲੈਂਦੀ ਤੇਰੀ ਮਾਛਟਰਨੀ ?"

"ਮੋਟਾ ਜਿਹਾ ਲਾ ਲੈ ਹਿਸਾਬ ਬਾਬਾ ਬਈ ਜਿੰਨੇ ਆਹ ਤੇਰੀ ਭੇਡ ਦੀ ਪਿੱਠ 'ਤੇ ਵਾਲ ਨੇ ਉਨੇ ਕੁ ਨੋਟ ਲੈ ਆਉਂਦੀ ਬਹੂ ਤੇਰੀ ਘਰੇ।"

ਉਹੀ ਬਹੂ ਜਦੋਂ ਆਪਣੇ ਜਵਾਕਾਂ ਨੂੰ ਪੜਾਉਣ ਬਦਲੇ ਹਫ਼ਤਾ-ਹਫ਼ਤਾ ਸਕੂਲ਼ ਨਹੀਂ ਜਾਂਦੀ ਤਾਂ ਮੈਨੂੰ ਯਾਨੀ ਦੀ ਦੁੱਖ ਹੁੰਦਾ। ਸੋਚਦਾਂ ਬਈ ਆਪਣੇ ਦੋ ਜਵਾਕਾਂ ਦੇ ਬਦਲੇ ਇਹ ਖਬਰੈ ਉਥੇ ਬੈਠੇ ਸੱਤਰਾਂ ਦਾ ਨੁਕਸਾਨ ਕਰੀ ਜਾਂਦੀ ਹੋਊ। ਉਹਨਾਂ ਨੂੰ ਕੌਣ ਪੜਾਊ ?...ਜਿੰਨਾਂ ਸਿਰੋਂ ਨੋਟ ਮਿਲਦੇ। ਇਹ ਵੀ ਸਾਲੀ ਬੇਈਮਾਨੀ ਹੋਈ। ਫੇਰ ਸੋਚਦਾਂ , ਐਂਵੇ ਤਾਂ ਨ੍ਹੀ ਕਹਿੰਦੇ ਮਾਛਟਰੀ ਤਾਂ ਐਸ਼ ਕਰਨ ਨੂੰ ਹੁੰਦੀ।

ਤੇ ਮੈਂ ਸਾਰਾ ਦਿਨ ਵਿਹਲਾ, ਕੰਧਾਂ ਨੂੰ ਟੱਕਰਾਂ ਮਾਰਨ ਲਈ। ਵੱਡੇ ਸਾਰੇ ਪਰ ਮੇਰੇ ਮੂਜਬ ਨਿੱਕੇ ਜਿਹੇ ਘਰ ਵਿੱਚ ਇਕੱਲਾ। ਕੰਧਾਂ ਨਾਲ ਹੀ ਗੱਲਾਂ ਕਰਦਾ। ਮੈਨੂੰ ਉਸ ਵੇਲੇ ਪਿੰਡ ਯਾਦ ਆ ਜਾਂਦਾ। ਪਰ ਪਿੰਡ ਦਾ ਪੂਰਾ ਨਕਸ਼ਾ ਮਗਜ਼ ਵਿੱਚ ਬਣਨ ਤੋਂ ਪਹਿਲਾਂ ਹੀ ਮਾਹੀ ਚਾਚਾ ਆ ਖੜਦਾ ਮੇਰੇ ਮੂਹਰੇ।

"ਭਤੀਜ ! ਪਛਤਾਏਂਗਾ ਦੇਖਲੀਂ। ਇਹਨੇ ਤੈਨੂੰ ਵੀ ਕਾਸੇ ਜੋਗਾ ਨਹੀ ਛੱਡਣਾ"

ਚਾਚੇ ਨੇ ਮਾਘੀ ਬਾਰੇ ਆਖਿਆ ਸੀ।

ਸੱਚੀ ਮਾਘੀ ਨੇ ਮੈਨੂੰ ਵੀ ਕਾਸੇ ਜੋਗਾ ਨਹੀ ਛੱਡਿਆ। ਪਰ ਉਸਦੇ ਹਿਸਾਬ ਨਾਲ ਤਾਂ ਉਨ੍ਹੇ ਬਹੁਤ ਵੱਡਾ ਤੀਰ ਮਾਰਿਆ। ਲੂੰਗੀ ਥਾਂਏ ਆਹ ਭੀੜਾ ਜਿਹਾ ਪਜਾਮਾਂ ਫਸਾ 'ਤਾ ਮੇਰੀਆ ਲੱਤਾਂ 'ਚ।

ਦੂਜਾ ਦਿਨ ਸੀ ਇੱਥੇ ਆਏ ਨੂੰ ਮੇਰਾ।

ਘਰਾਂ ਮੂਹਰੇ ਬਣੀ ਵਿਹਲੀ ਜਿਹੀ ਥਾਂ ਜਾ ਵੜਿਆ ਸੀ ਮੈਂ। ਬਥੇਰੇ ਲੋਕੀਂ ਬੈਠੇ ਸੀ। ਸਿਰ 'ਤੇ ਮੜਾਸਾ ਮਾਰ ਕੇ ਲੂੰਗੀ ਬੰਨੀ। ਲੰਬਾ ਕੁੜਤਾ। ਪੱਗ 'ਚੋਂ ਮੁਰਕੀਆਂ ਦਿੱਸਦੀਆਂ ਸੀ ਕੰਨਾਂ ਦੀਆਂ। ਮੈਂ ਯਾਨੀ ਦੀ ਮੈਂ ਬਣਿਆ ਬੈਠਾਂ ਸਾਂ। ਆਪਣੀ ਸਲਤਨਤ ਦਾ ਆਪ


www.PunjabiLibrary.com

ਮਾਲਕ। ਜਿਵੇਂ ਪਿੰਡ ਬੈਠਦਾ ਹੁੰਦਾ ਸਾਂ। ਪਰ ਜਦ ਘਰ ਮੁੜਿਆਂ ਫੇਰ ਪਤਾ ਲੱਗਿਆ ਮੈਂ ਪਿੰਡ ਨਹੀਂ ਮੈਂ ਤਾਂ ਸ਼ਹਿਰ 'ਚ ਸੀ।

"ਬਾਬਾ ਇੱਥੇ ਆਹ ਲਿਬਾਸ ਨਹੀਂ ਚੱਲਦਾ। ਆਂਢੀ-ਗੁਆਂਢੀ ਕੀ ਕਹਿਣਗੇ ਬਈ ਇਹਨਾਂ ਦਾ.......।"

ਸਰਦਾਰ ਮਲਵਿੰਦਰ ਸਿਹੁੰ ਉਸ ਦਿਨ ਆਥਣੇ ਨੂੰ ਆਹ ਝੱਗੇ-ਬਨੈਣਾ ਜਿਹੀਆਂ ਚੁੱਕ ਲਿਆਇਆਂ ਸੀ। ਜਿਨ੍ਹਾਂ ਨੂੰ ਪਾ ਕੇ ਸੂਤ ਨਾਲ ਸਾਹ ਵੀ ਨਹੀਂ ਆਉਂਦਾ ਮੈਨੂੰ।

ਪਰ ਮੈਂ ਮੁੜ ਘਰੋਂ ਬਾਹਰ ਨਹੀਂ ਨਿਕਲਿਆ। ਆਹ ਕੱਪੜੇ ਪਾ ਕੇ ਮੈਨੂੰ ਮੈਂ, ਮੈਂ ਨਹੀਂ ਲੱਗਦਾ। ਬਸ ਆਥਣੇ ਜਿਹੇ ਛੱਤ 'ਤੇ ਜਾ ਚੜਦਾ। ਦੂਰ ਸੜਕੋਂ ਪਾਰ ਕੋਈ ਬੰਦਾ ਇੱਜੜ ਚਾਰ ਕੇ ਮੁੜਿਆ ਆਉਂਦਾ ਰੋਜ਼ ਦਿੱਸਦਾ ਮੈਨੂੰ। ਉਸਨੂੰ ਦੇਖ ਕੇ ਮੇਰੇ ਅੰਦਰ ਖੋਹ ਜਿਹੀ ਪੈਂਦੀ। ਜੀ ਕਰਦਾ ਹੁੰਦਾ ਦੌੜ ਕੇ ਜਾ ਮਿਲਾਂ ਉਸ ਬੰਦੇ ਨੂੰ। ਪਰ ਫੇਰ ਮਾਘੀ ਤੋਂ ਡਰਦਿਆਂ.......। ਸੋਚਿਆ ਫੇਰ ਕਹੂ ਕਿ ਲੋਕ ਕੀ ਕਹਿਣਗੇ। ਮਨ ਕੀਤਾ ਉਹੀ ਖ਼ੁਸ਼ਬੂ ਮਹਿਸੂਸ ਕਰਾਂ ਜਾ ਕੇ ਜੋ ਮੇਰੇ ਅੰਦਰ ਤੀਕ ਵੱਸੀ ਹੋਈ ਹੈ। ਉਹੀ ਖ਼ੁਸ਼ਬੂ ਜਿਸ ਤੋਂ ਮਾਘੀ ਦਾ ਨੱਕ ਚੜਨਾ ਸ਼ੁਰੂ ਹੋ ਗਿਆ ਸੀ। ਉਦੋਂ ਪਹਿਲੀ ਵਾਰ ਮੈਨੂੰ ਮਾਹੀ ਚਾਚੇ ਦੀ ਗੱਲ ਸਹੀ ਜਾਪੀ ਸੀ। ਮਾਘੀ ਮੇਰੇ ਹੱਥੋਂ ਨਿਕਲ ਗਿਆ ਸੀ ਜਿਵੇਂ। ਵੱਡਾ ਹੋ ਗਿਆ ਸੀ ਇੱਕ ਹੀ ਪਲ 'ਚ ਜਿਵੇਂ। ਦੋ ਸਾਲ ਹੋ ਗਏ ਇਹਨੂੰ ਇੱਥੇ ਆ ਕੇ ਬੈਠਿਆਂ। ਡਾਕਟਰ ਦੇ ਘਰ 'ਚ। ਡਾਕਟਰ ਬਾਹਰ ਤੁਰ ਗਿਆ ਆਪਣਾ ਘਰ ਮਾਘੀ ਦੇ ਹਵਾਲੇ ਕਰ ਕੇ। ਪਰ ਮੈਂ ਆਪਣਾ ਘਰ ਕਿਸਦੇ ਹਵਾਲੇ ਕਰ ਆਉਂਦਾ? ਮਾਂ ਇਹਦੀ ਜਿਉਂਦੀ ਸੀ ਉਦੋਂ। ਇਨ੍ਹੇ ਬਥੇਰਾ ਜ਼ੋਰ ਲਾਇਆ ਸਾਨੂੰ। ਇੱਥੇ ਆ ਕੇ ਰਹਿਣ ਨੂੰ। ਨੱਕ 'ਤੇ ਰੁਮਾਲ ਰੱਖ ਕੇ ਵਾੜੇ ਵਿੱਚ ਵੜਦਾ।

"ਇੱਥੇ ਰੱਖਿਆ ਕੀ ਏ ਥੋਡਾ? ਵੇਚ ਦਿਓ ਆਹ ਭੇਡ-ਬੱਕਰੀਆਂ। ਉਥੇ ਚੱਲੋ।"

"ਮੇਰੀ ਤਾਂ ਦੁਨੀਆਂ ਆਹੀ ਏ। ਇਹ ਵਾੜਾ ਇਹ ਇੱਜੜ। ਇਹ ਖ਼ੁਸ਼ਬੂ।"

ਅਸੀਂ ਸ਼ਹਿਰ ਨਹੀਂ ਸਾਂ ਤੁਰੇ। ਮਾਘੀ ਪੜ੍ਹ-ਲਿਖ ਗਿਆ। ਇੱਥੇ ਪਸੰਦ ਦੀ ਕੁੜੀ ਨਾਲ ਵਿਆਹ ਕਰਾ ਲਿਆ। ਘਰ ਵਸਾ ਲਿਆ ਮੇਰਾ ਘਰ ਉਜਾੜਨ ਲਈ। ਮੈਨੂੰ ਮੇਰਾ ਫੈਸਲਾ ਗ਼ਲਤ ਲੱਗਿਆ ਸੀ ਉਸ ਵੇਲੇ।

"ਮਾਘੀ ਨੂੰ ਪੜਾਉਣਾ ਮੈਂ। ਆਪਾਂ ਤਾਂ ਭੇਡਾਂ ਚਾਰ ਛੱਡੀਆਂ ਸਾਰੀ ਉਮਰ। ਇਹੀ ਕਿੱਧਰੇ। ਬੰਦਿਆ ਦੀ ਜੂਨ ਜੀ ਲਊ।"

ਪਰ ਮਾਹੀ ਚਾਚੇ ਨੇ ਰੱਦ ਕਰ ਦਿੱਤੀ ਸੀ ਮੇਰੀ ਇਹ ਦਲੀਲ।

"ਦੇਖ ਲਈ ਭਤੀਜ ਜਿਹੜੀ ਪੜਾਈ ਤੈਂ ਇਹਨੂੰ ਪੜਾਉਣੀ ਏ ਨਾ। ਉਹਨੂੰ ਪੜ ਕੇ ਇਹ ਬੰਦਾ ਨਾ ਬਣਿਆ। ਤੈਂ ਏਸ ਖ਼ੁਸ਼ਬੂ ਨਾਲੋਂ ਵੀ ਤੋੜ ਦੇਣਾ ਇਹਨੂੰ।"

ਸੱਚਮੁਚ ਟੁਟ ਗਿਆ ਸੀ ਮਾਘੀ।

ਉਸ ਘਰ ਨਾਲੋਂ। ਉਸ ਮਿੱਟੀ ਨਾਲੋਂ। ਸ਼ਹਿਰ ਪੜਦਿਆਂ, ਪਿੰਡ ਉਦੋਂ ਵੜਦਾ ਜਦੋਂ ਜੇਬ ਖਾਲੀ ਹੋ ਜਾਂਦੀ। ਅਸੀਂ ਦੋਹੇਂ ਜੀਅ ਭੁੱਖਾਂ ਕੱਟ-ਕੱਟ ਇਹਦੇ ਖੀਸੇ ਭਰਦੇ। ਮੈਂ ਕਿੰਨੇ ਨਗ ਇਹਦੀਆਂ ਫੀਸਾਂ ਖਾਤਰ ਵੇਚੇ, ਇਹਨੂੰ ਕੀ ਪਤਾ।

ਸੜਕ ਤੋਂ ਲੰਘਦੇ ਉਸ ਬੰਦੇ ਵੱਲ ਦੇਖ ਕੇ ਮੈਨੂੰ ਮੇਰਾ ਇੱਜੜ ਯਾਦ ਆ ਜਾਂਦਾ। ਮੈਂ ਤੇ ਘੀਚਰ ਦਾ ਮੁੰਡਾ ਧੀਰਾ ਭੇਡਾਂ-ਬੱਕਰੀਆਂ ਛੱਡ ਲੈਂਦੇ। ਦੂਰ-ਦੂਰ ਨਿਕਲ ਜਾਂਦੇ। ਨਹਿਰਾਂ-ਕੱਸੀਆਂ। ਖੇਤਾਂ-ਟਿਬਿਆਂ 'ਚ ਭੇਡਾਂ-ਬੱਕਰੀਆਂ ਚਰਦੀਆਂ ਰਹਿੰਦੀਆਂ। ਦੁਪੈਹਰਾਂ ਹੁੰਦੀਆਂ। ਧੀਰਾ ਝੋਲੇ 'ਚੋਂ ਸਮਾਨ ਕੱਢਦਾ। ਕਿੱਧਰੇ ਇੱਟਾਂ ਰੱਖ ਕੇ ਚੁਲ੍ਹਾ ਬਣਾਉਂਦਾ। ਚਾਹ ਦਾ ਪਾਣੀ ਰੱਖ ਦਿੰਦਾ ਪਤੀਲੀ 'ਚ ਪਾ ਕੇ। ਮੈਂ ਅੱਗ ਮਚਾਉਂਦਾ। ਧੀਰਾ ਕਿਸੇ ਬੱਕਰੀ ਦਾ ਕੰਨ ਮਰੋੜਦਾ। ਦੁੱਧ ਚੋ ਲੈਂਦਾ। ਮੇਰਾ ਜੀਅ ਕਰਦਾ ਮੈਂ ਵੀ ਉਸੇ ਬੰਦੇ ਨਾਲ ਜਾ ਰਲਾਂ। ਦੂਰ-ਦੂਰ ਤੀਕ ਭੇਡਾਂ ਲੈ ਕੇ ਜਾਵਾਂ। ਇਸ ਘਰ 'ਚ ਜਿਵੇਂ ਮੇਰਾ ਦਿਲ ਨਹੀਂ ਲੱਗਦਾ।

ਮੇਰਾ ਦਿਲ ਕਰਦਾ ਸੀ ਡਾਕਟਰ ਮੈਨੂੰ ਮੇਰੇ ਕਸਬ ਦੀਆਂ ਗੱਲਾਂ ਪੁਛੇ। ਪਰ ਇੱਥੇ ਕੌਣ ਜਾਣਦਾ ਕਿ ਮੈਂ ਭੇਡਾਂ ਵਾਲਾ ਦੇਸੂ ਹਾਂ। ਪੂਰਾ ਇਲਾਕਾ ਪਹਿਚਾਣਦਾ ਸੀ ਜਿਸਨੂੰ। ਜੀਹਦੇ ਜਿਨੀਆਂ ਬੱਕਰੀਆਂ ਭੇਡਾਂ ਕਿਸੇ ਹੋਰ ਕੋਲ ਨਹੀਂ ਸੀ ਹੁੰਦੀਆਂ। ਪਰ ਉਹਨਾਂ ਭੇਡਾਂ ਦਾ ਸੌਦਾ ਮਾਘੀ ਨੇ ਸ਼ਰੀਕਾਂ ਨਾਲ ਕੌਡੀਆਂ ਦੇ ਭਾਅ ਕਰ ਲਿਆ ਸੀ।

ਜਦੋਂ ਇਹਦੀ ਮਾਂ ਗੁਜ਼ਰੀ ਮੈਂ ਇਕੱਲਾ ਰਹਿ ਗਿਆਂ ਸਾਂ। ਦੋ-ਚਾਰ ਦਿਨ ਮਾਘੀ ਤੇ ਬਹੂ ਪਿੰਡ ਰਹੇ। ਫਿਰ ਸ਼ਹਿਰ ਨੂੰ ਮੁੜਨ ਵੇਲੇ, ਮੈਨੂੰ ਨਾਲ ਤੁਰਨ ਲਈ ਮਨਾਉਂਦੇ ਰਹੇ।

"ਬਾਬਾ ਇਕੱਲਾ ਕੀ ਕਰੇਗਾ ਇੱਥੇ। ਦੋ ਫੁਲਕਿਆਂ ਲਈ ਵੀ ਤਰਲੇ ਲਏਗਾ। ਸਾਡੇ ਨਾਲ ਚੱਲ।"

ਪਰ ਮੈਂ ਮੰਨਿਆਂ ਨਹੀਂ ਸਾਂ।

"ਨਾ ਭਾਈ। ਆਪਣੀ ਜਨਮ ਭੌਇ ਵੀ ਛੱਡੀ ਕਿਸੇ। ਸ਼ਹਿਰ ਕੀ ਏ ? ਵੰਨ-ਵੰਨੀ ਦੀ ਲੱਕੜੀ।"

"ਤੈਂ ਆਹੀ ਦਿਨ ਤਾਂ ਉਡੀਕਿਆ ਸੀ। ਮੈਨੂੰ ਪੜਾਇਆ-ਲਿਖਾਇਆ ਸੀ ਕਿ ਮੈਂ ਇਸ ਜੰਜਾਲ 'ਚੋ ਨਿਕਲ ਸਕਾਂ। ਸੋਹਣੀ ਜ਼ਿੰਦਗੀ ਜੀਅ ਸਕਾਂ।"

"ਫਿਰ ਤੂੰ ਜੀ। ਬਣਾ ਦਿੱਤਾ ਨਾ ਤੈਨੂੰ ਇਸ ਕਾਬਿਲ। ਇਸੇ ਧਰਤੀ 'ਚੋਂ ਰੋਟੀ ਕਮਾ ਕੇ ਦਿੱਤੀ ਤੈਨੂੰ। ਇਹਨੂੰ ਕਿਵੇਂ ਛੱਡ ਤੁਰਾਂ ?"

ਮੈਂ ਨਹੀਂ ਸਾਂ ਤੁਰਿਆ।

ਸਵੇਰੇ ਉਠਦਾ। ਚਾਹ ਨਾਲ ਦੋ ਮੰਨੀਆਂ ਥੱਪ ਲੈਂਦਾ। ਧੀਰਾ ਮੇਰੇ ਕੋਲ ਪੈਂਦਾ। ਅਸੀਂ ਢਿੱਡ ਨੂੰ ਝੁਲਕਾ ਦਿੰਦੇ ਤੇ ਭੇਡਾਂ-ਬੱਕਰੀਆਂ ਨੂੰ ਤੋਰ ਲੈਂਦੇ। ਦੂਰ-ਦੂਰ ਨਿਕਲ ਜਾਂਦੇ। ਸ਼ਰੀਕ ਹੱਸਦੇ। ਆਖਦੇ-

"ਕੀ ਕੱਢ ਲਿਆ ਤੂੰ ਮਾਘੀ ਨੂੰ ਪੜਾ ਕੇ। ਸਹੁਰੀ ਦਾ ਆਪਣੇ ਭਾਈ ਚਾਰੇ ਨੂੰ ਤਾਂ ਭੁਲਿਆ ਹੀ ਸੀ। ਹੁਣ ਤਾਂ ਤੈਥੋਂ ਵੀਂ ਟੁੱਟ ਗਿਆ।"

ਹੁਣ ਸੱਚਮੁਚ ਦੁੱਖ ਹੁੰਦਾ ਮੈਨੂੰ। ਮੈਂ ਮਾਘੀ ਨੂੰ ਪੜਾ ਕੇ ਜਿਵੇਂ ਗ਼ਲਤੀ ਕਰੀ ਹੋਵੇ। ਇਹਨੇ ਪਿੰਡ ਛੱਡਿਆ। ਮੈਂ ਤੇ ਇਹਦੀ ਮਾਂ ਨੇ ਜਿਵੇਂ ਮਨਜ਼ੂਰ ਕਰ ਲਿਆ ਸੀ। ਪਰ ਹੁਣ ਮਾਘੀ-ਮਾਘੀ ਨਹੀਂ ਰਿਹਾ।

ਛੱਤ 'ਤੇ ਖੜਾ ਮੈਂ ਸੋਚਾਂ ਵਿੱਚ ਗੁਆਚਿਆ ਰਹਿੰਦਾ।


www.PunjabiLibrary.com

ਮੈਨੂੰ ਮੇਰਾ ਪਿੰਡ ਦਿਸਣ ਲੱਗਦਾ। ਮੇਰਾ ਬਾਪ ਯਾਦ ਆਉਂਣ ਲੱਗਦਾ।

ਜਦੋਂ ਮੇਰਾ ਵਿਆਹ ਹੋਇਆ ਸੀ। ਤਿੰਨ ਭੇਡਾਂ ਤੇ ਚਾਰ ਬੱਕਰੀਆਂ ਉਨ੍ਹੇ ਮੇਰੇ ਹਵਾਲੇ ਕਰ ਦਿੱਤੀਆਂ ਸਨ।

"ਇਹ ਹੁਣ ਤੇਰੀਆਂ। ਇੰਨਾਂ ਦੀ ਕਮਾਈ ਤੇਰੀ। ਤੂੰ ਹੁਣ ਕਬੀਲਦਾਰ ਹੋ ਗਿਆ। ਇਹ ਹੁਣ ਤੈਂ ਦੇਖਣਾ ਕੀ ਕਰਨਾ ਇਹਨਾਂ ਦਾ। ਸੱਤ ਤੋਂ ਸਤਾਰਾਂ ਕਰ ਲੈ। ਚਾਹੇ ਸੱਤਰ। ਆਪਣੇ ਪੁਰਖਿਆਂ ਦਾ ਕਿੱਤਾ ਇਹ। ਮੈਂ ਜਦ ਤੱਕ ਇਹਨਾਂ ਨੇੜੇ ਨਾ ਪਵਾਂ ਮੈਨੂੰ ਨੀਂਦ ਨਹੀਂ ਆਉਂਦੀ।"

ਮੈਂ ਸੱਚਮੁਚ ਖੁਬ ਗਿਆ ਸੀ ਉਸ ਕਿੱਤੇ ਵਿੱਚ।

ਦੂਰ-ਦੁੜਾਡਿਓ ਭੇਡਾਂ-ਬੱਕਰੀਆਂ ਖ਼੍ਰੀਦਣ ਜਾਂਦਾ। ਬਾਪੂ ਮੈਨੂੰ ਗੁਰ ਦਿੰਦਾ। ਮਾਲ ਪਹਿਚਾਨਣ ਦਾ।

ਪੁਰਖਿਆਂ ਦੇ ਉਸੇ ਕਿੱਤੇ ਨਾਲੋਂ ਮਾਘੀ ਟੁੱਟ ਗਿਆ ਸੀ। ਤੇ ਉਸੇ ਕਿੱਤੇ ਨਾਲੋਂ ਉਹਨੇ ਮੈਨੂੰ ਤੋੜ ਸੁਟਿਆ ਸੀ।

ਮੈਨੂੰ ਜਿਵੇਂ ਖੋਹ ਜਿਹੀ ਪੈਂਦੀ। ਨਾ ਇੱਥੇ ਵਿਹੜੇ ਵਿੱਚ ਧੁੱਪ ਵੜਦੀ ਨਾ ਹਵਾ। ਨਾ ਕਿਸੇ ਨਾਲ ਕੋਈ ਜਾਣ ਨਾ ਪਹਿਚਾਣ। ਜਿਵੇਂ ਸਾਰੀ ਦੁਨੀਆਂ ਹੀ ਓਪਰੀ ਹੋਵੇ। ਮੈਨੂੰ ਪਿੰਡ ਦਾ ਹਰ ਜੀਅ ਯਾਦ ਆਉਂਣ ਲਗਦਾ। ਸਵੇਰ ਤੋਂ ਆਥਣ ਤੀਕ ਖਬਰੈ ਕੌਣ-ਕੌਣ ਟੱਕਰਦਾ। ਗਰਮੀਆਂ 'ਚ ਵਾੜੇ ਦੀ ਪਿੱਪਲੀ ਹੇਠ ਮਹਿਫ਼ਲ ਜੁੜੀ ਰਹਿੰਦੀ।

"ਬਾਈ ਦੇਸੂ ਥੋਡਾ ਸਾਰਾ ਲਾਣਾ ਆਹੀ ਕਿੱਤਾ ਕਰਦਾ। ਥੋਡਾ ਬਾਬਾ ਵੀ ਬੱਕਰੀਆਂ ਰੱਖਦਾ ਸੀ। ਤੇਰੇ ਚਾਚੇ ਤਾਏ ਵੀ। ਅੱਗੇ ਉਨ੍ਹਾਂ ਦੇ ਜਵਾਕ ਵੀ ਆਪਣਾ ਆਪਣਾ ਵਾੜਾ ਬਣਾਈ ਬੈਠੇ। ਥੋਡੇ ਤਾਂ ਵਰ ਆਇਆ ਹੋਇਆ ਇਹ ਕੰਮ।"

ਕੋਈ ਜਾਣਾ ਬਾਤ ਛੇੜ ਬੈਠਦਾ।

"ਵਰ ਦੀ ਸੁਣ ਲੈ ਭਾਈ। ਸਾਡਾ ਪੜਦਾਦਾ ਕਸੂਰ ਕੰਨੀਓ ਉਠ ਕੇ ਆਇਆ ਸੀ ਜਦੋਂ ਪਾਕਿਸਤਾਨ ਬਣਿਆ। ਕਹਿੰਦੇ ਬਈ ਬਾਬੇ ਕੋਲੋਂ ਦੋ ਸੌ ਭੇਡ ਹੁੰਦੀ ਸੀ ਤੇ ਇੰਨੀਆਂ ਈ ਬੱਕਰੀਆਂ। ਕੋਈ ਸਾਨੀ ਨਹੀਂ ਸੀ ਉਹਦਾ। ਉਹ ਤਾਂ ਜਿਵੇਂ ਇਸ਼ਕ ਕਰਦਾ ਸੀ ਜਾਨਵਰਾਂ ਨਾਲ। ਵੱਗ ਛੱਡ ਲੈਂਦਾ ਤਾਂ ਦੂਰ-ਦੂਰ ਨਿਕਲ ਤੁਰਦਾ। ਚਾਰ-ਚਾਰ ਦਿਨ ਘਰ ਨਾ ਮੁੜਦਾ। ਕਹਿੰਦੇ ਬਈ ਬਾਬੇ ਸਾਡੇ ਨੂੰ ਕਿਸੇ ਰਮਤੇ ਦਾ ਵਰ ਸੀ ਬਈ ਤੇਰੀਆਂ ਅਗਲੀਆਂ ਪੀੜੀਆਂ ਵੀ 'ਨੰਦ ਭੋਗਣ ਗੀਆਂ। ਤੇਰਾ ਪ੍ਰਤਾਪ ਕਾਇਮ ਰਹੂ।"

ਮੈਂ ਆਪਣੀ ਕੁਲ ਦੀਆਂ ਸਿਫ਼ਤਾਂ ਕਰਦਾ।

"ਸਾਡਾ ਪੜਦਾਦਾ ਤੁਲੀ ਦਾਸ। ਕੰਨੋਂ ਫੜ ਕੇ ਦੱਸ ਦਿੰਦਾ ਹੁੰਦਾ ਸੀ ਕਿ ਭੇਡ ਬੱਕਰੀ ਨੂੰ ਕੀ ਔਹਰ-ਸ਼ੌਹਰ ਏ।"

ਸੁਨਣ ਵਾਲਾ ਮੂੰਹ ਅੱਡੀ ਸੁਣਦਾ ਰਹਿੰਦਾ।

ਪਰ ਇਸ ਵੱਡੇ ਸਾਰੇ ਸ਼ਹਿਰ ਵਿੱਚ ਇੱਕ ਬੰਦਾ ਵੀ ਨਹੀਂ ਜਾਣਦਾ ਕਿ ਮੈਂ ਉਸੇ ਤੁਲੀ ਦਾਸ ਦੀ ਕੁਲ 'ਚੋਂ ਹਾਂ। ਜਿਹੜਾ ਅੱਜ ਉਜੜਿਆਂ ਵਾਂਗ ਬੈਠਾਂ ਇਸ ਸ਼ਹਿਰ 'ਚ।

"ਜਦ ਤੱਕ ਹੱਥ-ਪੈਰ ਚੱਲਦੇ ਕਿਉਂ ਮੁਥਾਜੀ ਕਰਨੀ ਕਿਸੇ ਦੀ।"

ਮੈਂ ਸੋਚਦਾ ਤੇ ਆਪਣੀ ਮਿਹਨਤ 'ਤੇ ਮਾਣ ਕਰਦਾ।

ਪਰ ਇੱਥੇ ਆਪਣੇ ਹੀ ਪੁੱਤ ਦੇ ਘਰ ਹਰ ਚੀਜ਼ ਵੇਲੇ ਸਿਰ ਮਿਲਦੀ ਹੈ। ਰੋਟੀ ਦਾ ਟੈਮ ਹੈ। ਚਾਹ ਟੈਮ 'ਤੇ ਬਣਦੀ ਹੈ। ਸੂਈ ਭਰ ਦਾ ਵੀ ਹੇਰ-ਫੇਰ ਨਹੀਂ। ਫੇਰ ਇਹ ਵੀ ਦੱਸੋ ਕਿ ਕਿੰਨੀਆਂ ਰੋਟੀਆਂ ਖਾਣੀਆਂ। ਕਮਾਲ ਏ ਬੰਦਾ ਰੋਟੀ ਵੀ ਗਿਣ ਮਿੱਥ ਕੇ ਖਾਏ ਇੰਨ੍ਹਾਂ ਸ਼ਹਿਰੀਆਂ 'ਚ। ਬਹੂ ਚਾਰ ਮੰਨੀਆਂ ਥੱਪ ਕੇ ਡਿਊਟੀ ਤੁਰ ਜਾਂਦੀ। ਮੈਂ ਠੰਡੀ ਰੋਟੀ ਪਾਣੀ ਨਾਲ ਅੰਦਰ ਸੁਟਦਾ ਰਹਿੰਦਾ। ਚਾਹ ਨੂੰ ਚਿੱਤ ਕਰਦਾ ਪਰ ਆਹ ਗੈਸੀ ਚੁਲ੍ਹਾ ਜਿਹਾ ਮੈਥੋਂ ਮੱਚਦਾ ਨਾ।

ਮੈਨੂੰ ਧੀਰਾ ਯਾਦ ਆ ਜਾਂਦਾ। ਮੈਂ ਧੀਰੇ ਨੂੰ ਹਾਕ ਮਾਰਦਾ। ਉਹ ਅੱਖ ਦੇ ਫੋਰ ਨਾਲ ਚਾਹ ਕਰ ਲੈਂਦਾ। ਕਿੰਨਾ ਫਰਕ ਹੈ ਪਿੰਡ ਦਾ ਤੇ ਸ਼ਹਿਰ ਦਾ।

ਮਾਘੀ ਦੱਸਦਾ ਸੀ ਕਿ ਇੱਥੇ ਨੇੜ-ਤੇੜ ਦਾ ਸਾਰੇ ਘਰ ਹੀ ਨੌਕਰੀ ਪੇਸ਼ਾ ਲੋਕਾਂ ਦੇ ਨੇ। ਸਵੇਰ ਦੇ ਘਰੋਂ ਨਿਕਲੇ ਲੋਕ ਆਥਣ ਨੂੰ ਮੁੜਦੇ। ਪਿਛੋਂ ਬੰਦ ਦਰਵਾਜ਼ਿਆਂ ਅੱਗੇ ਜਿੰਦੇ ਲਟਕਦੇ ਰਹਿੰਦੇ। ਸਿਆਣੇ ਆਖਦੇ ਹੁੰਦੇ ਸੀ ਕਿ ਬੂਹੇ ਬੰਦ ਰਹਿਣਾ ਮਾੜਾ ਹੁੰਦਾ। ਯਾਨਿ ਦੀ ਕੋਈ ਬਦਸ਼ਗਨੀ। ਪਰ ਇੱਥੇ ਤਾਂ ਲੋਕਾਂ ਦੀ ਮਜ਼ਬੂਰੀ ਬਣ ਗਈ ਜਿਵੇਂ। ਕੌਣ ਸਾਂਭੇ ਘਰਾਂ ਨੂੰ ਪਿਛੋਂ। ਖਬਰੈ ਤਾਂਹੀ ਮਾਘੀ ਮੈਨੂੰ ਪਿੰਡੋਂ ਚੁੱਕ ਲਿਆਇਆ। ਇਸ ਘਰ ਦੀ ਰਾਖੀ ਕਰਨ ਲਈ। ਚੌਕੀਦਾਰ ਬਣਾ ਕੇ ਧਰ 'ਤਾ ਮੈਨੂੰ

ਸਾਡਾ ਬਾਬਾ ਨੌਕਰੀ ਨੂੰ ਨਖਿੱਧ ਦੱਸਦਾ ਹੁੰਦਾ ਸੀ।

"ਨੌਕਰੀ ਕੀ ਹੁੰਦੀ ? ਹੋਰਾਂ ਕੰਨੀ ਝਾਕੀ ਜਾਓ। ਅਧੀਨਗੀ ਕਰੀ ਜਾਓ ਦੂਜੇ ਦੀ। ਆਪਣੇ ਕਿੱਤੇ 'ਚ ਥੋੜਾ ਵੀ ਬਹੁਤਾ ਹੁੰਦਾ। ਆਪਣੀ ਨੀਂਦੇ ਸੌਂਵੋਂ ਆਪਣੀ ਉਠੋ।"

ਪਰ ਪਿੰਡ ਛੱਡ ਕੇ ਮੇਰੀ ਨੀਂਦ ਜਿਵੇਂ ਕਿੱਧਰੇ ਗੁਆਚ ਗਈ ਸੀ। ਮੈਂ ਉਪਰਲੇ ਚੁਬਾਰੇ 'ਚ ਪਿਆ ਅੱਧੀ ਰਾਤ ਤੀਕ ਛੱਤ ਨੂੰ ਘੂਰਦਾ ਰਹਿੰਦਾ। ਪਿੰਡ ਜਦੋਂ ਮਾਘੀ ਦੀ ਮਾਂ ਜਿਊਂਦੀ ਸੀ। ਅਸੀਂ ਦੋਵੇਂ ਜੀਅ ਰੁਣ-ਝੁਣ ਕਰਦੇ ਰਹਿੰਦੇ। ਨਿੱਕੀਆਂ-ਨਿੱਕੀਆਂ ਗੱਲਾਂ 'ਚ ਜਿਵੇਂ ਸਾਰਾ ਸੰਸਾਰ ਸਮੋ ਜਾਂਦਾ। ਇੱਕ-ਦੂਜੇ ਦੇ ਦੁੱਖ-ਸੁੱਖ 'ਚ ਹਾਮੀ ਬਣਦੇ। ਪਰ ਇੱਥੇ ਤਾਂ ਪਾਣੀ ਪੁਛਣ ਵਾਲਾ ਕੋਈ ਨਹੀਂ ਹੁੰਦਾ ਕੋਲੇ। ਨਾ ਬੰਦਾਂ ਦਿੱਸਦਾ ਨਾ ਬੰਦਾ ਦੀ ਜ਼ਾਤ।

ਮੈਨੂੰ ਅਕਸਰ ਮਾਘੀ ਦੀ ਮਾਂ ਦੇ ਸੁਪਨੇ ਆਉਂਣ ਲੱਗਦੇ ਨੇ। ਏਸ ਉਮਰੇ ਤਾਂ ਸਾਥ ਦੀ ਵਧੇਰੇ ਜ਼ਰੂਰਤ ਹੁੰਦੀ ਇਨਸਾਨ ਨੂੰ। ਕਿੰਨੀਆਂ ਧੁੱਪਾਂ ਛਾਵਾਂ ਇਕੱਠੀਆਂ ਕੱਟੀਆਂ ਸੀ ਅਸੀਂ। ਉਹਦੇ ਤੁਰ ਜਾਣ ਮਗਰੋਂ ਘਰ ਜਿਵੇਂ ਸੁੰਨਾ ਹੋ ਗਿਆ ਸੀ। ਉਸੇ ਸੁੰਨ ਨੂੰ ਮੁਕਾਉਣ ਲਈ ਸ਼ਹਿਰ ਲੈ ਆਇਆ ਸੀ ਮੈਨੂੰ ਮਾਘੀ। ਉਥੇ ਤਾਂ ਘਰ ਸੁੰਨਾ ਸੀ ਇਥੇ ਮੇਰਾ ਮਨ ਵੀ ਸੁੰਨਾ ਹੋ ਗਿਆ।

ਕੁਝ ਵਰ੍ਹੇ ਕਿਰਾਏ ਦੇ ਘਰਾਂ 'ਚ ਕੱਟੇ ਇਹਨੇ। ਹੁਣ ਦੋ ਸਾਲ ਹੋ ਗਏ ਡਾਕਟਰ ਨੇ ਆਪਣੇ ਘਰ 'ਚ ਬਿਠਾਇਆ ਹੋਇਆ ਇਹਨੂੰ। ਖਬਰੈ ਕਿਵੇਂ ਵਾਕਫ਼ੀ ਹੈ ਦੋਨਾਂ ਦੀ।

ਡਾਕਟਰ ਦੇ ਘਰ ਦੀ ਦੇਖ ਭਾਲ ਹੋਈ ਜਾਂਦੀ। ਮਾਘੀ ਕਿਰਾਇਆਂ ਤੋਂ ਬਚਿਆ ਹੋਇਆ। ਮਾਘੀ ਦੱਸਦਾ ਸੀ ਬਈ ਇੱਥੇ ਘਰ ਬਣਾਉਣਾ ਖਜੂਰੇ ਚੜਨ ਜਿੱਡਾ ਔਖਾ। ਇੱਥੇ ਸ਼ਰਾਬ ਸਸਤੀ ਏ ਪਰ ਰੋਟੀ ਮਹਿੰਗੀ।

ਰੋਟੀ ਵੀ ਸਹੁੱਰੀ ਦੀ ਕੈਸੇ ਯੱਬ ਪਾਉਂਦੀ ਬੰਦੇ ਨੂੰ।

ਮੈਂ ਵੀ ਰੁਖੀ ਮਿਸੀ ਰੋਟੀ 'ਤੇ ਸੰਤੋਖ ਨਾ ਕਰਿਆ। ਸੋਚਿਆ ਮਾਘੀ ਚੰਗੀ ਜੂਨ ਹੰਢਾਊ। ਬਾਬੇ ਤੁਲੀ ਦਾਸ ਦੀ ਕੁਲ 'ਚ ਅਫਸਰ ਪੈਦਾ ਹੋਣਗੇ। ਘਰ ਦੀ ਦਸ਼ਾ ਪਲਟ ਜਾਊ। ਪਰ ਇਸੇ ਪਲਟੇ 'ਚ ਮਾਘੀ ਅੰਦਰੋਂ ਉਹ ਮਾਘੀ ਮਰ ਗਿਆ ਜਿਨੂੰ ਇਕੱਲਾ ਬੈਠਾ ਮੈਂ ਰੋਂਦਾ ਰਹਿੰਦਾ। ਸੋਚਦਾ ਮਾਘੀ ਪਿੰਡ ਜਾਵੇ। ਮੇਰੇ ਨਾਲ ਭੇਡਾਂ-ਬੱਕਰੀਆਂ ਦੀਆਂ ਗੱਲਾਂ ਕਰੇ। ਸਿੱਧ ਪੱਧਰੀ ਜ਼ਿੰਦਗੀ ਜੀਵੇ। ਬਾਬੇ ਤੁਲੀ ਦਾਸ ਦੇ ਲਾਣੇ 'ਤੇ ਮਾਣ ਕਰੇ। ਪਰ ਮਾਘੀ ਤਾਂ ਖਿਝਣ ਲੱਗਦਾ ਇਹਨਾਂ ਗੱਲਾਂ ਤੋਂ। ਇੱਕ ਵਾਰ ਬਹੂ ਮੂਹਰੇ ਮੈਥੋਂ ਕਹਿ ਹੋ ਗਿਆ ਸੀ ਕਿ ਪਿੰਡ ਸਾਨੂੰ ਭੇਡਾਂ ਵਾਲੇ ਆਖਦੇ ਨੇ। ਬਹੂ ਉਠ ਕੇ ਗਈ ਤਾਂ ਮਾਘੀ ਤਲਖ ਹੋ ਗਿਆ ਸੀ ਮੇਰੇ ਨਾਲ।

"ਤੈਂ ਕਦ ਛੱਡਣਾ ਆਹ ਭੇਡਾਂ ਦਾ ਖਹਿੜਾ। ਹੁਣ ਭੇਡਾਂ ਵਾਲੇ ਨਹੀਂ ਰਹੇ ਆਪਾਂ। ਸਾਲੀ ਬਹੁਤ ਉਪਾਧੀ ਹੁੰਦੀ ਜਿਵੇਂ..।"

ਪਰ ਕੀ ਜਾਣੇ ਮਾਘੀ। ਮੈਨੂੰ ਤਾਂ ਹੁਣ ਤੀਕ ਭੇਡਾਂ ਦੇ ਸੁਪਨੇ ਆਉਂਦੇ ਨੇ। ਜਿਵੇਂ ਅੱਜ ਵੀ ਰੋਹੀਆਂ 'ਚ ਭੇਡਾਂ-ਬੱਕਰੀਆਂ ਚਾਰਦਾ ਫਿਰਦਾ ਹੋਵਾਂ।

ਆਪਣੀ ਔਕਾਤ ਛੁਪਾਉਣਾ ਕਿਹੜੀ ਵੱਡੀ ਗੱਲ ਹੈ ਭਲਾ? ਲੋਕਾਂ ਨੂੰ ਪਤਾ ਨਹੀਂ ਕੀ ਦੱਸਿਆ ਹੋਣਾ ਮਾਘੀ ਨੇ ਆਪਣੇ ਬਾਰੇ। ਇਸੇ ਲਈ ਤਾਂ ਮੈਨੂੰ ਲੋਕਾਂ 'ਚ ਬੈਠਣ ਤੋਂ ਰੋਕਦਾ ਉਹ।

ਡਾਕਟਰ ਨੇ ਮਹੀਨਾ ਕੱਟਿਆ ਉਰੇ। ਮੈਨੂੰ ਕੋਈ ਗੱਲ ਕਰਨ ਵਾਲਾ ਮਿਲ ਗਿਆ ਸੀ। ਦੁਪਿਹਰ ਨੂੰ ਉਹ ਚਾਹ ਬਣਾਉਂਦਾ। ਅਸੀਂ ਦੋਨੋਂ ਪੀ ਲੈਂਦੇ। ਬੜੀਆਂ ਗੱਲਾਂ ਸੁਣਾਉਂਦਾ ਡਾਕਟਰ। ਆਪਣੀ ਵਲੈਤ ਦੀਆਂ। ਮੇਮਾਂ ਦੀਆਂ। ਇੱਕ ਦਿਨ ਆਖਣ ਲੱਗਿਆ-

"ਆਜਾ ਬਾਬਾ ਤੈਨੂੰ ਵੀ ਲੈ ਚੱਲਾਂ ਮੇਮਾਂ ਕੋਲ।"

"ਲੈ ਦੱਸ ਮੇਰਾ ਕੀ ਕੰਮ ਉਥੇ?"

"ਕੰਮ ਤਾਂ ਚਾਹੇ ਵੀਹ ਕਰਲੀ ਤੂੰ। ਊਂ ਆਹ ਕੰਮ ਘੱਟ ਮੇਮਾਂ ਦੇਖਣ ਵਾਲਾ?"

"ਲੈ ਡਾਕਟਰਾ ਮਖੌਲ ਕਰਦਾ ਏ। ਅੱਛਾ ਇਹ ਦੱਸ ਮੈਂ ਸੁਣਿਆ ਬਈ ਉਥੇ ਕੋਈ ਵਿਹਲਾ ਨਹੀਂ ਬੈਠਦਾ। ਸਾਰੇ ਈ ਕੰਮ ਕਰਦੇ?"

"ਹਾਂ ਉੱਥੇ ਤਾਂ ਸਾਰੇ ਕੰਮ ਕਰਦੇ ਨੇ। ਤੇਰੇ ਵਰਗੇ ਬੁੜੇ ਵੀ। ਹੋਰ ਨਹੀਂ ਤਾਂ ਚੀਜ਼ਾਂ ਹੀ ਪਾਈ ਜਾਂਦੇ ਲਿਫ਼ਾਫਿਆਂ 'ਚ। ਉਰੇ ਈ ਸਰਦਾ ਵਿਹਲੇ ਬੈਠ ਕੇ। ਉਥੇ ਨਹੀਂ।"

ਮੈਨੂੰ ਆਪਣਾ ਆਪ ਜਿਵੇਂ ਭੈੜਾ ਲੱਗਿਆ ਹੋਵੇ।

ਆਹੀ ਗੱਲ ਮੈਂ ਮਾਘੀ ਨੂੰ ਆਖੀ ਸੀ।

"ਕਿਰਤ ਤਾਂ ਸਭ ਤੋਂ ਵੱਡੀ ਸ਼ੈਅ ਹੁੰਦੀ। ਕੰਮ ਵੀ ਮਾੜਾ ਹੋਇਆ ਕਦੀ ?"

ਪਰ ਮੇਰਾ ਵੱਸ ਨਹੀਂ ਸੀ ਚੱਲਿਆ। ਮੈਥੋਂ ਬਿਨਾਂ ਪੁਛੇ ਮਾਘੀ ਨੇ ਵਾੜੇ ਦਾ ਸੌਦਾ ਕਰ ਲਿਆ। ਸਮੇਤ ਮਾਹੀ ਚਾਚੇ ਦੇ ਪੋਤੇ ਹਾਕਮ ਨਾਲ। ਮੈਂ ਬਥੇਰਾ ਤੜਫ਼ਿਆਂ ਸਾਂ ਉਸ ਦਿਨ। ਜਿਵੇਂ ਹੁਣ ਹਰ ਰੋਜ਼ ਤੜਫ਼ਦਾ।

ਮੇਰਾ ਮਨ ਕੀਤਾ ਸੀ ਆਪਣੇ ਬਾਰੇ ਡਾਕਟਰ ਨੂੰ ਦੱਸਾਂ। ਕਿਹਾ–

"ਡਾਕਟਰਾ ਵਿਹਲਾ ਤਾਂ ਮੈਂ ਵੀ ਕਦੀ ਨਹੀਂ ਬੈਠਿਆ। ਲੋਕੀ ਆਖਦੇ ਹੁੰਦੇ ਸੀ ਕਿ ਦੇਸੂ ਦੀ ਹੱਡੀ ਬੜੀ ਚੀੜੀ ਏ। ਭੇਡਾਂ ਥੱਕ ਕੇ ਬੈਠ ਜਾਂਦੀਆਂ ਪਰ ਮੈਂ ਨਾ ਥੱਕਦਾ।"

ਪਰ ਮੈਂ ਕਹਿ ਨਾ ਸਕਿਆ।

ਹੁਣ ਇਹ ਗੱਲਾਂ ਮੈਥੋਂ ਕਹਿ ਨਹੀਂ ਹੁੰਦੀਆਂ।

"ਜਦ ਤੈਂ ਹਿੰਦੋਸਤਾਨ ਛੱਡਿਆ ਤੀ। ਕਨੇਡੇ ਚਿੱਤ ਲੱਗ ਗਿਆ ਸੀ ਤੇਰਾ ? ਨਾ ਕੋਈ ਆਪਣਾ ਨਾ ਦੁੱਖ ਦੀ ਨਾ ਸੁੱਖ ਦੀ। ਨਾ ਸਹੁੱਰੀ ਦਾ ਕੋਈ ਭਾਸ਼ਾ ਸਮਝੇ।"

ਕੱਲ ਜਦੋਂ ਡਾਕਟਰ ਨੇ ਜਾਣ ਦੀ ਗੱਲ ਕੀਤੀ, ਮੈਂ ਪੁਛਿਆ ਸੀ ਉਦੋਂ।

"ਚਿੱਤ ਪਹਿਲਾਂ-ਪਹਿਲ ਤਾਂ ਜਮਾਂ ਨਹੀਂ ਲੱਗਿਆ। ਫੇਰ ਹੌਲੀ-ਹੌਲੀ ਆਦਤ ਪੈ ਗਈ। ਇੱਥੇ ਵੀ ਹੈਨ੍ਹੀ ਕੁਝ। ਉਥੇ ਤਾਂ ਸੁਰਗ ਭੋਗਦੇ ਨੇ ਲੋਕ। ਬੱਸ ਚੰਗੀ ਜ਼ਿੰਦਗੀ ਦੀ ਲਾਲਸਾ ਹੀ ਬੰਨ੍ਹੀ ਰੱਖਦੀ ਏ ਬੰਦੇ ਨੂੰ।"

ਮੇਰਾ ਚਿੱਤ ਕੀਤਾ ਬਈ ਡਾਕਟਰ ਨੂੰ ਹੋਰ ਕਈ ਗੱਲਾਂ ਪੁੱਛਾਂ। ਪਰ ਫੇਰ ਚੁਪ ਰਿਹਾ।

ਮੈਂ ਦੇਰ ਤੀਕ ਬੈਠਾ ਸੋਚਦਾ ਰਿਹਾ ਬਈ ਚੰਗੀ ਜ਼ਿੰਦਗੀ ਹੁੰਦੀ ਕੀ ਏ ਸਾਲੀ ?...

ਜ਼ਰੂਰੀ ਕਿਹੜੀ ਸ਼ੈਅ ਹੁੰਦੀ ਜਿਊਂਦੀ ਜਾਨੇ। ਤੁਹਾਡਾ ਆਪਣਾ ਆਪ ਜਾਂ ਬਾਕੀ ਗੱਲਾਂ ? ਸੁੱਖ ਭੋਗਣ ਲਈ ਬੰਦਾ ਭੱਜਾ ਫਿਰਦਾ। ਜਦ ਪੈਸੇ ਕਮਾ ਕੇ। ਵੱਡੇ ਘਰ ਬਣਾ ਕੇ ਵੀ ਬੰਦਾ ਅੰਦਰੋਂ ਖੁਸਦਾ ਰਹਿੰਦਾ ਤਾਂ ਫੇਰ ਸੁੱਖ ਕਾਹਦਾ ?

ਮਾਘੀ ਨੇ ਵੀ ਆਪਣੀ ਜਾਚੇ ਸੁਖੀ ਕਰਤਾ ਮੈਨੂੰ। ਪਿੰਡ ਇੱਕ ਸਬਾਤ ਸੀ ਛੋਟੀ ਜਿਹੀ। ਇੱਕ ਬੰਨੇ ਵੱਡਾ ਸਾਰਾ ਢਾਰਾ ਸੀ ਭੇਡਾਂ ਲਈ। ਟੁੱਟਾ ਜਿਹਾ ਪੱਖਾ ਖ੍ਰੀਦਿਆ ਸੀ ਪੰਮੇ ਸੁਨਿਆਰੇ ਤੋਂ ਪੁਰਾਣਾ। ਕੜ-ਕੜ ਕਰਕੇ ਚੱਲਦਾ। ਇੱਥੇ ਤਾਂ ਸਾਰਾ ਕੁਝ ਹੈਗਾ। ਪਰ ਉਸ ਕੜ-ਕੜ ਵਿੱਚ ਜਿੰਨੀ ਗੂੜ੍ਹੀ ਨੀਂਦ ਆਉਂਦੀ ਸੀ ਮੈਨੂੰ। ਹੁਣ ਇੱਥੇ ਨਹੀਂ ਆਉਂਦੀ। ਰਾਤਾਂ ਪਾਸੇ ਮਾਰਦਿਆਂ ਲੰਘਦੀਆਂ।

ਮੈਨੂੰ ਕੰਮ ਕਰਨਾ ਖੁਸ਼ੀ ਦਿੰਦਾ ਸੀ। ਭੇਡਾਂ-ਬੱਕਰੀਆਂ ਦੀ ਖੁਸ਼ਬੂ ਚੰਗੀ ਲੱਗਦੀ ਸੀ ਮੈਨੂੰ। ਵਿਹਲੇ ਪਏ ਰਹਿਣ ਨੂੰ ਸੁਖ ਮੰਨਦਾ ਏ ਮਾਘੀ। ਇਹ ਸ਼ਹਿਰ ਨਹੀਂ ਸਹੁੱਰੀ ਦਾ ਜ਼ਹਿਰ ਏ। ਜਿਹੜਾ ਮੇਰੇ ਵਰਗੇ ਬੰਦੇ ਨੂੰ ਹੌਲੀ-ਹੌਲੀ ਮਾਰੀ ਜਾਂਦਾ। ਜਿਸ ਦਿਨ ਡਾਕਟਰ ਇੱਥੇ ਆਇਆ ਸੀ। ਮੈਂ ਗਹੁ ਨਾਲ ਸਿਰ ਤੋਂ ਲੈ ਕੇ ਪੈਰਾਂ ਤੀਕ ਦੇਖਿਆ ਸੀ ਉਸਨੂੰ। ਕਹਿੰਦਾ ਸੀ ਮੈਂ ਸਰਕਾਰੀ ਨੌਕਰੀ ਕਰੀ ਏ। ਜਿਸ ਕੋਲ ਰਹਿਣ ਲਈ ਘਰ ਹੈਗਾ। ਖਾਣ ਨੂੰ


www.PunjabiLibrary.com

ਰੋਟੀ। ਉਹ ਕਾਹਤੋਂ ਦੌੜਿਆ ਫਿਰਦਾ ਜਿੰਦੇ ਲਗਾ ਕੇ ਘਰ ਨੂੰ। ਬੱਸ ਤਮਾ ਨਹੀਂ ਮੁਕਦੀ ਬੰਦੇ ਦੀ।

****

ਡਾਕਟਰ ਚਲਾ ਗਿਆ।

ਮੈਂ ਘਰ ਵਿੱਚ ਇਕੱਲਾ ਬੈਠਾਂ ਹਾਂ। ਮਨ ਵਿੱਚ ਇੱਕ ਅਚਵੀ ਜਿਹੀ ਹੈ। ਉਠ ਕੇ ਛੱਤ 'ਤੇ ਆਣ ਖੜਿਆਂ ਹਾਂ। ਦੂਰ ਤੋਂ ਉਹੀ ਬੰਦਾ ਦਿਖਾਈ ਦੇ ਰਿਹਾ। ਭੇਡਾਂ ਲਈ ਜਾ ਰਿਹਾ ਚਾਰਨ ਨੂੰ। ਏਸ ਵੇਲੇ ਦਾ ਨਿਕਲਿਆ ਇਹ ਆਥਣ ਨੂੰ ਮੁੜਦਾ। ਮੈਂ ਉਹਨੂੰ ਦੇਖ ਕੇ ਹੱਥ ਹਿਲਾਉਂਦਾ ਹਾਂ।

"ਛੋਟੇ ਭਾਈ! ਦੇਸੂ ਨਾਮ ਏ ਮੇਰਾ। ਤੈਂ ਸੁਣਿਆ ਹੀ ਹੋਣਾ। ਪਿੰਡ ਮੇਰੇ ਕੋਲ ਵੀ ਬਥੇਰੀਆਂ ਭੇਡਾਂ-ਬੱਕਰੀਆਂ ਸਨ। ਆਹ ਤਾਂ ਮੇਰਾ ਮੁੰਡਾ ਇੱਥੇ ਲੈ ਆਇਆ ਸੀ ਮੈਨੂੰ। ਵੱਡਾ ਲਾਣਾ ਐ ਸਾਡਾ। ਭੇਡਾਂ ਵਾਲੇ ਆਖਦੇ ਸਾਨੂੰ।"

ਮੈਂ ਉੱਚੀ-ਉੱਚੀ ਬੋਲਦਾ ਹਾਂ। ਉਹ ਅੱਗੇ ਚਲਿਆ ਜਾਂਦਾ। ਮੈਂ ਆਲੇ ਦੁਆਲੇ ਦੇਖਦਾ। ਡੂੰਘੀ ਚੁੱਪ ਹੈ। ਹੇਠਾਂ ਆ ਕੇ ਟਰੰਕ ਵਿੱਚੋਂ ਮੁਰਕੀਆਂ ਕੱਢ ਕੇ ਪਾ ਲੈਂਦਾ ਹਾਂ ਕੰਨਾਂ ਵਿੱਚ। ਸਿਰ ਉਤੇ ਮੜਾਸਾ ਵਲ ਲੈਂਦਾ ਹਾਂ। ਸੀਸੇ ਵਿੱਚ ਦੇਖਦਾ।

"ਮੈਂ ਉਹੀ ਦੇਸੂ ਆਂ। ਭੇਡਾਂ ਵਾਲਾ ਦੇਸੂ.."

ਖਬਰੈ ਕਿਸ ਨੂੰ ਦੱਸਦਾ ਹਾਂ।

**-ਸ਼ਬਦ**


www.PunjabiLibrary.com

# ਡਾਰਕ ਪੋਰਟਰੇਟ

ਅਚਾਨਕ ਮੇਰੀ ਅੱਖ ਖੁੱਲ੍ਹੀ ਚਾਰੇ ਪਾਸੇ ਹਨ੍ਹੇਰਾ ਹੈ। ਘੋਰ ਹਨ੍ਹੇਰਾ। ਬਿਜਲੀ ਬੰਦ ਹੈ। ਮੈਂ ਪਿਸ਼ਾਬ ਕਰਨ ਲਈ ਬਾਹਰ ਨਿਕਲਿਆ। ਅਸਮਾਨ ਵਿੱਚ ਇਕ ਵੀ ਤਾਰਾ ਨਹੀਂ ਹੈ। ਪੂਰਾ ਸਰੀਰ ਟੁੱਟੀ ਜਾ ਰਿਹਾ। ਮੈਂ ਕਮਰੇ ਵਿੱਚ ਵਾਪਸ ਆਇਆ। ਹਨ੍ਹੇਰੇ ਵਿੱਚ ਹੀ ਇੱਧਰ-ਉੱਧਰ ਹੱਥ ਮਾਰਦਾ ਹਾਂ। ਪਰ ਯਾਦ ਆਇਆ ਸਮਾਨ ਤਾਂ ਸ਼ਾਮੀ ਹੀ ਮੁੱਕ ਗਿਆ ਸੀ। ਅੱਜ ਜੇਬ ਖਾਲੀ ਹੈ। ਇਸ ਲਈ....! ਉਹ ਰਵੀ ਦਸ ਰੁਪਈਆਂ ਦਾ ਵੀ ਉਧਾਰ ਨਹੀਂ ਕਰਦਾ। ਸਿਰਹਾਣੇ ਹੇਠਾਂ ਹੱਥ ਮਾਰਦਾ। ਮੋਮੀ ਕਾਗਜ਼ ਵਿੱਚ ਲਪੇਟੀ ਅਫ਼ੀਮ ਲੱਭਦਾ ਹਾਂ। ਡੰਗ ਸਾਰਨ ਜੋਗੀ ਬਚੀ ਪਈ ਹੈ। ਗੋਲੀ ਵੱਟ ਕੇ ਗਲ਼ੇ ਵਿੱਚ ਸੁੱਟ ਲੈਂਦਾ, ਟੇਬਲ ’ਤੇ ਪਿਆ ਪਾਣੀ ਦਾ ਗਿਲਾਸ ਚੁੱਕ ਕੇ ਗਲ਼ਾ ਗਿੱਲਾ ਕਰਦਾ ਹਾਂ। ਸਿਰਹਾਣੇ ਦਾ ਆਸਰਾ ਲੈ ਕੇ ਅੱਧ ਲੇਟੀ ਹਾਲਾਤ ਵਿੱਚ ਬੈਠ ਕੇ ਰਜਾਈ ਉਪੱਰ ਨੱਪ ਲੈਂਦਾ ਹਾਂ।

ਸਾਹਮਣੀ ਦੀਵਾਰ ’ਤੇ ਮੰਮੀ ਪਾਪਾ ਦੀ ਤਸਵੀਰ ਲਟਕ ਰਹੀ ਹੈ।

ਪਾਪਾ ਨੇ ਨੇਵੀ-ਬਲਿਊ ਕਲਰ ਦੀ ਆਪਣੀ ਫੇਵਰਿਟ ਪੱਗ ਬੰਨੀ ਹੋਈ ਹੈ। ਬਰੀਕ ਚੈਕ ਦੀ ਸ਼ਰਟ ’ਤੇ ਮੰਮੀ ਨੇ ਉਸੇ ਕਲਰ ਦਾ ਕਢਾਈ ਵਾਲਾ ਸੂਟ ਪਾਇਆ ਹੋਇਆ। ਤਸਵੀਰ ਵਿੱਚ ਦੋਨੋਂ ਜਣੇ ਹੱਸ ਰਹੇ ਹਨ।

ਕਮਰੇ ਵਿੱਚ ਹਨ੍ਹੇਰਾ ਹੈ।

ਪਰ ਇਹ ਤਸਵੀਰ ਮੇਰੇ ਮਨ ਵਿੱਚ ਵਸੀ ਹੋਈ ਹੈ। ਇਸੇ ਈ ਇਸ ਨੂੰ ਬਿਨ ਦੇਖੇ ਵੀ ਦੇਖ ਸਕਦਾਂ। ਮੈਨੂੰ ਯਾਦ ਹੈ ਮਾਸੀ ਜੀ ਦੇ ਬੇਟੇ ਦੇ ਵਿਆਹ ’ਤੇ ਮੈਂ ਹੀ ਆਪਣੇ ਸੈੱਲ ਵਿੱਚ ਖਿੱਚੀ ਸੀ ਇਹ ਤਸਵੀਰ।

ਅੱਜ ਪੂਰੇ ਦੋ ਮਹੀਨੇ ਹੋ ਗਏ ਨੇ...। ਪਰ ਲੱਗਦਾ ਜਿਵੇਂ ਉਹ ਘਟਨਾ ਹੁਣੇ ਅਜੇ ਥੋੜ੍ਹੀ ਦੇਰ ਪਹਿਲਾਂ ਹੀ ਵਾਪਰੀ ਹੋਵੇ। ਮੈਂ ਜਦੋਂ ਵੀ ਆਪਣੀ ਪਲੱਸਤਰ ਲੱਗੀ ਬਾਂਹ ਨੂੰ ਦੇਖਦਾਂ ਉਹ ਸਾਰਾ ਸੀਨ ਮੇਰੀਆਂ ਅੱਖਾਂ ਅੱਗੇ ਸਾਕਾਰ ਹੋ ਜਾਂਦਾ।

ਕਦੇ ਇਸੇ ਹੱਥ ਨਾਲ ਟੈਨਿਸ ਖੇਡਿਆ ਕਰਦਾ ਸੀ ਮੈਂ। ਸ਼ਾਮ ਨੂੰ ਮੈਂ ਤੇ ਪਾਪਾ ਮੈਚ ਲਗਾਉਂਦੇ।

ਮੰਮੀ ਰੈਫਰੀ ਬਣ ਜਾਂਦੇ। ਪਰ ਗੇਮ ਹਰ ਵਾਰ ਪਾਪਾ ਜਿੱਤਦੇ।

ਮੈਂ ਹਫਨ ਲੱਗਦਾ।

“ਯੰਗਮੈਨ ਕੀ ਗੱਲ ਇੰਨੀ ਛੇਤੀ ਥੱਕ ਗਿਆ। ਬੀ ਸਟਰੌਂਗ ਮਾਈ ਬੁਆਏ।” ਪਾਪਾ ਹੱਲਾਸ਼ੇਰੀ ਦੇਣ ਲੱਗਦੇ।

ਮੈਂ ਆਪਣੇ ਬਾਥਰੂਮ ਜਾ ਕੇ ਸਿਗਰਟ ਦੇ ਕਸ਼ ਖਿੱਚਦਾ। ਅੱਖਾਂ ਵਿੱਚ ਜਿਵੇਂ ਚਮਕ ਆ ਜਾਂਦੀ।

ਸਮੋਕਿੰਗ ਦੀ ਆਦਤ ਮੈਨੂੰ ਰਘੂ ਨੇ ਲਗਾਈ ਸੀ।

ਬੀ.ਐਸ.ਈ ਸੈਕਿੰਡ ਯੀਅਰ 'ਚ ਸੀ ਮੈਂ ਜਦੋਂ ਰਘੂ ਨਾਲ ਦੋਸਤੀ ਪਈ ਸੀ। ਸੈਕਿੰਡ ਯੀਅਰ ਵਿੱਚ ਹੀ ਆਇਆ ਸੀ ਰਘੂ ਸਾਡੇ ਕਾਲਜ। ਪਹਿਲੇ ਦਿਨ ਹੀ ਸਾਡੀ ਦੋਸਤੀ ਹੋ ਗਈ।

ਮੈਂ ਘਰ ਗਿਆ ਸੀ ਰਘੂ ਦੇ।

"ਲਏਂਗਾ ?"

ਸਿਗਰਟ ਦੀ ਡੱਬੀ ਮੇਰੇ ਵੱਲ ਕਰਕੇ ਉਹਨੇ ਆਖਿਆ।

"ਤੂੰ ਸਮੋਕਿੰਗ ਕਰਦਾ ਏਂ। ਓ ਮਾਈ ਗਾਡ।" ਮੈਂ ਹੈਰਾਨ ਸਾਂ।

"ਲੈਟਸ ਟ੍ਰਾਈ।" ਉਸਨੇ ਸਿਗਰਟ ਡੱਬੀ ਵਿਚੋਂ ਕੱਢ ਕੇ ਮੇਰੇ ਵੱਲ ਵਧਾਈ।

" ਨਹੀਂ ਯਾਰ ਆਈ ਡੌਂਟ ਲਾਈਕ।"

"ਛੱਡ ਯਾਰ ਕਿਵੇਂ ਕੁੜੀਆਂ ਵਾਂਗ ਕਰਦਾ। ਫੜ੍ਹ ਵੀ।" ਰਘੂ ਨੇ ਦੋ ਕੁ ਵਾਰ ਆਖਿਆ। ਮੈਂ ਸਿਗਰਟ ਫੜ੍ਹ ਲਈ। ਕਸ਼ ਖਿਚਿਆ। ਮੇਰਾ ਸਾਹ ਉਖੜ ਗਿਆ।

" ਪਹਿਲੀ ਵਾਰ ਇੰਜ ਹੀ ਹੁੰਦਾ ਫਿਰ ਦੇਖੀਂ ਮਜ਼ਾ ਆਉਂਦਾ।"

ਰਘੂ ਦੀ ਫੈਮਿਲੀ ਕਿਤੇ ਬਾਹਰ ਗਈ ਸੀ। ਉਸਨੇ ਸੀ.ਡੀ ਪਲੇਅਰ ਉਪਰ ਬਲਿਊ ਫਿਲਮ ਚਲਾ ਲਈ। ਮੈਂ ਇਕਦਮ ਸੁੰਨ ਜਿਹਾ ਹੋ ਗਿਆ।

"ਤੂੰ ਇਹ ਸਭ...।"

"ਕੀ ਇਹ ਸਭ ਕੁੜੀ ਏ ਤੂੰ ? ਕਿਵੇਂ ਸੰਗੀ ਜਾਂਦਾ। ਇੰਨਜੁਆਏ ਯਾਰ।"

ਉਸਨੇ ਇਕ ਹੋਰ ਸਿਗਰਟ ਮੇਰੇ ਵੱਲ ਵਧਾਈ। ਇਸ ਵਾਰ ਮੈਂ ਨਾਂਹ ਨਾ ਕੀਤੀ। ਟੀ.ਵੀ ਉਤੇ ਬਲਿਊ ਫਿਲਮ ਚੱਲ ਰਹੀ ਸੀ। ਮੇਰੇ ਦਿਮਾਗ ਨੂੰ ਜਿਵੇਂ ਕੁਝ ਚੜ੍ਹਨ ਲੱਗਿਆ।

* * *

ਲਾਈਟ ਆ ਗਈ ਹੈ।

ਕਮਰਾ ਰੌਸ਼ਨੀ ਨਾਲ ਭਰ ਗਿਆ। ਮੇਰੀ ਨਜ਼ਰ ਮੁੜ ਮੰਮੀ-ਪਾਪਾ ਦੀ ਤਸਵੀਰ 'ਤੇ ਜਾ ਟਿਕੀ ਹੈ। ਕਿੰਨਾ ਪਿਆਰ ਕਰਦੇ ਸਨ, ਪਾਪਾ ਮੈਨੂੰ। ਉਹ ਹਮੇਸ਼ਾ ਆਖਦੇ- "ਆਪਾਂ ਦੋਸਤ ਹਾਂ ਯਾਰ! ਯੂ ਕੇਨ ਸ਼ੇਅਰ ਐਵਰੀਥਿੰਗ ਵਿੱਦ ਮੀ।"

ਉਹ ਰੋਜ਼ ਸਵੇਰੇ ਮੈਨੂੰ ਮਾਰਨਿੰਗ ਵਾਕ ਲਈ ਉਠਾ ਲੈਂਦੇ। ਸੈਰ ਕਰਦਿਆਂ ਉਹ ਮੈਨੂੰ ਪੁਰਾਣੀਆਂ ਗੱਲਾਂ ਸੁਣਾਉਣ ਲੱਗਦੇ।

"ਗੈਵੀ ਛੋਟੇ ਹੁੰਦਿਆਂ ਜਦੋਂ ਅਸੀਂ ਪਿੰਡ ਰਹਿੰਦੇ ਸੀ ਨਾ। ਸਾਡੀਆਂ ਸਾਰੀਆਂ ਗੇਮਸ ਆਊਟ ਡੋਰ ਹੁੰਦੀਆਂ। ਲਾਈਕ ਬਾਂਦਰ ਕਿੱਲਾ। ਲੱਕੜ ਲੋਹਾ। ਪਿੱਠੂ ਗਰਮ। ਫਿਜ਼ੀਕਲ ਪਾਵਰ ਬਹੁਤ ਲੱਗਦੀ ਸੀ ਉਹਨਾਂ ਖੇਡਾਂ 'ਚ। ਹੁਣ ਟੀ.ਵੀ, ਕੰਪਿਊਟਰ, ਮੋਬਾਇਲ ਆ ਗਏ। ਫਿਜ਼ੀਕਲ ਵਰਕ ਕੋਈ ਨਹੀਂ। ਤੂੰ ਜਿਮ ਜੁਆਇਨ ਕਰ ਲੈ।"

ਉਹਨਾਂ ਨੂੰ ਬਹੁਤ ਸ਼ੌਕ ਸੀ ਦਿਸਦਾ। ਉਹ ਸਰੀਰ ਬਣਾਉਣ ਲਈ ਆਖਦੇ। ਕਿੰਨਾ ਖੁਸ਼ ਨੇ ਇਸ ਤਸਵੀਰ ਵਿੱਚ ਪਾਪਾ। ਮੈਨੂੰ ਯਾਦ ਹੈ। ਉਸ ਦਿਨ ਜਦੋਂ ਅਸੀਂ ਰੋਪੜ ਨੂੰ ਜਾ ਰਹੇ ਸਾਂ ਮੈਰਿਜ ਲਈ ਤਾਂ ਗੱਡੀ ਵਿੱਚ ਬੈਠਿਆਂ ਸਾਨੂੰ ਪਾਪਾ ਨੇ ਕਿਹਾ ਸੀ-


www.PunjabiLibrary.com

"ਮੈਂ ਸੋਚਦਾ। ਸਾਲ-ਖੰਡ ਤੀਕ ਗੈਵੀ ਦੀ ਮੈਰਿਜ਼ ਨਾ ਕਰ ਦਈਏ। ਘਰ ਖਾਲੀ-ਖਾਲੀ ਲੱਗਦਾ।" ਮੈਂ ਸ਼ੀਸ਼ੇ ਵਿੱਚ ਦੇਖਿਆ ਪਾਪਾ ਹੱਸ ਰਹੇ ਸਨ।

ਮੈਂ ਵੀ ਮੁਸਕੁਰਾ ਪਿਆ।

"ਕੋਈ ਕੰਮ ਧੰਦਾ ਤਾਂ ਕਰ ਲੈ। ਵਿਹਲੇ ਨੂੰ ਕਰਦਾ ਕੋਈ ਸਾਕ?" ਮੰਮੀ ਨੇ ਜਵਾਬ ਦਿੱਤਾ ਸੀ ਅੱਗਿਓਂ।

"ਕਰ ਲਏਗਾ ਕੰਮ। ਸਾਰੀ ਉਮਰ ਕੰਮ ਹੀ ਕਰਨਾ। ਸਾਕ ਬਥੇਰੇ ਨੇ। ਇੰਨੇ ਵੱਡੇ ਬਿਜ਼ਨੈਸਮੈਨ ਦਾ ਬੇਟਾ ਯਾਰ।"

"ਫੇਰ ਬਿਜ਼ਨੈਸਮੈਨ ਨੂੰ ਹੀ ਕਰ ਜਾਊ ਅਗਲਾ ਸਾਕ।" ਮੰਮੀ ਨੇ ਅੱਗਿਓਂ ਮਜ਼ਾਕ ਕੀਤਾ।

"ਲੈ ਆਪਾਂ ਕਿਤੇ ਨਾਂਹ ਕੀਤੀ।" ਪਾਪਾ ਦੀ ਇਸ ਗੱਲ ਨਾਲ ਗੱਡੀ ਵਿੱਚ ਹਾਸੜ ਮੱਚ ਗਈ।

ਪਾਪਾ ਹਮੇਸ਼ਾ ਪਾਜ਼ੇਟਿਵ ਸੋਚਦੇ।

ਪਾਜ਼ੇਟਿਵ ਹੀ ਉਨ੍ਹਾਂ ਉਦੋਂ ਸੋਚਿਆ ਸੀ ਜਦੋਂ ਮੈਂ ਸਟੱਡੀ ਵੀਜ਼ੇ 'ਤੇ ਆਸਟ੍ਰੇਲੀਆ ਜਾਂਦਾ-ਜਾਂਦਾ ਰਹਿ ਗਿਆ ਸੀ।...ਤੇ ਫਿਰ ਜਦੋਂ ਮੇਰਾ ਸ਼ੋਰੂਮ ਬੰਦ ਹੋਇਆ ਉਦੋਂ ਵੀ।

"ਬੱਚੇ ਗ਼ਲਤੀਆਂ ਕਰਦੇ ਹੀ ਹੁੰਦੇ ਨੇ...। ਸਭ ਠੀਕ ਹੋ ਜਾਊ।" ਉਹਨਾਂ ਜਿਵੇਂ ਸਭ ਨੂੰ ਹੌਸਲਾ ਦਿੱਤਾ ਸੀ।

ਪਰ ਕੁਝ ਗ਼ਲਤੀਆਂ...।

ਉਹ ਰਾਤ ਅਕਸਰ ਮੇਰੀਆਂ ਅੱਖਾਂ ਅੱਗੇ ਸਾਕਾਰ ਹੋ ਜਾਂਦੀ ਹੈ।

* * *

ਮੋਬਾਇਲ ਤੋਂ ਟਾਈਮ ਦੇਖਿਆ।

ਅਜੇ ਤਾਂ ਬਾਰਾਂ ਹੀ ਵੱਜੇ ਨੇ। ਚੰਦੀ ਦੇ ਜਾਣ ਤੋਂ ਬਾਅਦ ਮੈਂ ਸ਼ਾਇਦ ਜਲਦੀ ਹੀ ਸੌਂ ਗਿਆ ਸੀ। ਕੁਝ ਵੀ ਠੀਕ ਤਰ੍ਹਾਂ ਯਾਦ ਨਹੀਂ। ਵਟਸਐਪ ਤੇ ਚਾਰ ਮੈਸੇਜ ਆਏ ਹੋਏ ਨੇ। ਦੋ ਮੇਰੇ ਕਜ਼ਨ ਬ੍ਰਦਰ ਸੱਤੀ ਦੇ ਨੇ। ਮੇਰਾ ਮਨ ਨਹੀਂ ਕਰਦਾ ਉਸ ਨਾਲ ਗੱਲ ਕਰਨ ਨੂੰ। ਉਸ ਰਾਤ ਸੱਤੀ ਨੇ ਹੀ...।

ਦੋ ਮੈਸੇਜ ਮਾਹੀ ਦੇ ਨੇ...। ਮਿਲਣ ਲਈ ਆਖ ਰਹੀ ਹੈ। ਮਾਹੀ ਨਾਲ ਪਹਿਲੀ ਵਾਰ ਚੰਦੀ ਨੇ ਹੀ ਮਿਲਾਇਆ ਸੀ। ਸਟੱਡੀ ਲਈ ਆਈ ਹੈ ਉਹ ਇੱਥੇ। ਪੀ.ਜੀ ਵਿੱਚ ਰਹਿੰਦੀ ਹੈ। ਚੰਦੀ ਨੇ ਜਦੋਂ ਆਪਣੇ ਮੋਬਾਇਲ 'ਚ ਤਸਵੀਰ ਦਿਖਾਈ ਸੀ ਇਸਦੀ। ਮੈਂ ਹੈਰਾਨ ਰਹਿ ਗਿਆ ਸੀ ਦੇਖ ਕੇ...।

"ਯਾਰ ਇੰਨੀ ਸੋਹਣੀ ਐਜੂਕੇਟਡ ਕੁੜੀ। ਇਹ ਕਿਵੇਂ...।"

"ਕਿਉਂ ਐਜੂਕੇਟਡ ਨੂੰ ਰੱਬ ਨੇ...। ਅਯਾਸ਼ੀ ਕਿਥੋਂ ਕਰ ਵੀਰ। ਬੀਅਰ, ਚਿਕਨ ਪਾਰਟੀਆਂ। ਮਹਿੰਗੇ ਮੋਬਾਇਲ ਕਿੱਥੋਂ ਆਉਣ। ਤੂੰ ਖ਼ੁਦ ਦੇਖ ਲਈ।"

ਉਸ ਸ਼ਾਮ ਸੱਚਮੁੱਚ ਮਾਹੀ ਸਾਡੇ ਨਾਲ ਸੀ।

ਮੈਂ ਝਕ ਰਿਹਾ ਸਾਂ। ਪਰ ਮਾਹੀ ਪੂਰੀ ਤਰ੍ਹਾਂ ਨਾਰਮਲ ਸੀ। ਚੰਦੀ ਨੇ ਸਿਗਰਟ ਬਾਲ ਲਈ। ਕਸ਼ ਖਿੱਚ ਕੇ ਉਸ ਨੇ ਮਾਹੀ ਵੱਲ ਵਧਾਈ। ਮਾਹੀ ਨੇ ਕਸ਼ ਖਿੱਚਿਆ ਤੇ ਬੜੇ ਅੰਦਾਜ਼ ਨਾਲ ਧੂੰਆਂ ਹਵਾ ਵਿੱਚ ਛੱਡਣ ਲੱਗੀ। ਗੱਲਾਂ ਕਰਦਿਆਂ ਚੰਦੀ ਉਠ ਕੇ ਬਾਹਰ ਚਲਾ ਗਿਆ। ਉਸਦੇ ਜਾਣ ਤੋਂ ਬਾਅਦ ਮਾਹੀ ਇੱਧਰ-ਉੱਧਰ ਦੀਆਂ ਗੱਲਾਂ ਮਾਰਦੀ ਰਹੀ। ਉਹ ਇੱਕ ਟਕ ਮੇਰੇ ਵੱਲ ਦੇਖ ਰਹੀ ਸੀ। ਚੰਦੀ ਵਾਪਸ ਆਇਆ ਤਾਂ ਉਸਦੇ ਹੱਥ ਵਿੱਚ ਬੀਅਰ ਦੀਆਂ ਬੋਤਲਾਂ ਸਨ। ਨਾਲ ਕੇ.ਐਫ.ਸੀ ਦਾ ਚਿਕਨ। ਮੈਂ ਕਦੀ ਬੀਅਰ ਨਹੀਂ ਸੀ ਪੀਤੀ। ਪਰ ਮਾਹੀ ਦੇ ਸਾਹਮਣੇ ਨਾਂਹ ਨਹੀਂ ਸੀ ਕਰ ਹੋਈ।

ਸਭ ਦੀਆਂ ਅੱਖਾਂ ਵਿੱਚ ਸਰੂਰ ਉਤਰ ਆਇਆ। ਮਾਹੀ ਨੇ ਚੰਦੀ ਨੂੰ ਇਸ਼ਾਰਾ ਕੀਤਾ ਅਤੇ ਉਠ ਕੇ ਰੂਮ ਵਿੱਚ ਚਲੀ ਗਈ। ਉਹਦੇ ਪਿੱਛੇ ਹੀ ਚੰਦੀ। ਕਾਫੀ ਦੇਰ ਬਾਅਦ ਉਹ ਬਾਹਰ ਆਇਆ।

"ਜਾ ਬੁਲਾ ਰਹੀ ਤੈਨੂੰ।" ਸੋਫੇ 'ਤੇ ਡਿੱਗਦੇ ਹੋਏ ਚੰਦੀ ਨੇ ਆਖਿਆ। ਨਸ਼ੇ ਨਾਲ ਮੇਰਾ ਸਿਰ ਘੁੰਮੀ ਜਾ ਰਿਹਾ ਸੀ। ਮੈਂ ਅੰਦਰ ਵੜਿਆ। ਬੈਡ ਉਤੇ ਮਾਹੀ ਬਿਨਾਂ ਕੱਪੜਿਆਂ ਤੋਂ...। ਪੂਰੀ ਰਾਤ ਅਸੀਂ ਇੱਕਠਿਆਂ ਬਿਤਾਈ।

ਸ਼ਾਮੀ ਹੀ ਮੈਂ ਘਰੇ ਫੋਨ ਕਰ ਦਿੱਤਾ ਸੀ। ਆਖਿਆ ਸੀ-

"ਕਿਸੇ ਫਰੈਂਡ ਦੀ ਬਰਥ ਡੇਅ ਪਾਰਟੀ 'ਤੇ ਰੁਕਾਂਗਾ।" ਸਵੇਰ ਨੂੰ ਮੇਰੇ ਉਠਣ ਤੋਂ ਪਹਿਲਾਂ ਹੀ ਮਾਹੀ ਜਾ ਚੁੱਕੀ ਸੀ।

"ਕਿਉਂ ਹੀਰੋ। ਦੇਖਿਆ ਫਿਰ...। ਬਥੇਰਾ ਕੁਝ ਏ ਇੱਥੇ।" ਮੈਂ ਮੁਸਕੁਰਾ ਪਿਆ।

ਘਰ ਪਹੁੰਚਿਆ ਤਾਂ ਮਾਹੀ ਦਾ ਮੈਸੇਜ ਆਇਆ।

"ਤੂੰ ਤਾਂ ਕੁੜੀਆਂ ਵਾਂਗ ਸ਼ਰਮਾਉਂਦਾ ਹੈ।" ਅਸੀਂ ਲੰਬੀ ਚੈਟ ਕੀਤੀ।

... ਤੇ ਅਗਲੀ ਵਾਰ ਅਸੀਂ ਮਾਹੀ ਨੂੰ ਸਾਡੇ ਘਰ ਬੁਲਾਇਆ। ਮੰਮੀ-ਪਾਪਾ ਪਿੰਡ ਗਏ ਸਨ। ਮੈਂ ਬੀਅਰ ਦੀਆਂ ਬੋਤਲਾਂ ਲਿਆ ਕੇ ਫਰਿੱਜ਼ 'ਚ ਰੱਖ ਦਿੱਤੀਆਂ ਸਨ।

"ਇਸ ਵਾਰ ਬੀਅਰ ਨਾਲ ਨਹੀਂ ਸਰਨਾ ਮੇਰੀ ਜਾਨ। ਮਾਹੀ ਕੰਪਲੇਂਟ ਕਰਦੀ ਸੀ ਕਿ ਯਾਰ ਤੇਰੇ ਦੀ ਪ੍ਰਫਾਰਮੈਂਸ ਢਿੱਲੀ ਸੀ ਪਿੱਛਲੀ ਵਾਰ।" ਚੰਦੀ ਨੇ ਜੇਬ ਵਿਚੋਂ ਕੁਝ ਕੱਢਿਆ। ਸਿਲਵਰ ਪੇਪਰ 'ਤੇ ਪਾ ਕੇ ਹੇਠਾਂ ਮਾਚਿਸ ਨਾਲ ਹੀਟ ਦਿੱਤੀ। ਸਮੈਲ ਲਈ।

"ਲੈ ਤੂੰ ਵੀ ਸਮੈੱਲ ਕਰ।"

"ਇਹ ਹੈ ਕੀ?"

"ਵਾਈਟ ਮੈਜਿਕ। ਜਲਦੀ ਕਰ।" ਮੈਂ ਸਮੈੱਲ ਲਈ ਇਕਦਮ ਸਾਹ ਉਖੜ ਗਿਆ। ਸਰੀਰ ਉਤੇ ਕੀੜੀਆਂ ਲੜਨ ਲੱਗੀਆਂ। ਅੱਖਾਂ ਵਿੱਚ ਲਾਲੀ ਉਤਰ ਆਈ। ਮਾਹੀ ਆਈ ਤਾਂ ਬੀਅਰ ਦਾ ਦੌਰ ਸ਼ੁਰੂ ਹੋ ਗਿਆ। ਚੰਦੀ ਨੇ ਲੈਪਟਾਪ ਉਪਰ ਬਲਿਊ ਫਿਲਮ ਚਲਾ ਲਈ। ਅਸੀਂ ਤਿੰਨੋਂ ਨਸ਼ੇ ਵਿੱਚ ਝੂਮ ਰਹੇ ਸਾਂ।

"ਜਾ ਐਤਕੀ ਪਹਿਲੀ ਪਾਰੀ ਤੇਰੀ।" ਚੰਦੀ ਨੇ ਮੈਨੂੰ ਅੰਦਰ ਭੇਜ ਦਿੱਤਾ।


**www.PunjabiLibrary.com**

ਸਾਡੇ ਲੈਕਚਰ ਸ਼ਾਰਟ ਹੋ ਜਾਂਦੇ। ਹਾਊਸ ਟੈਸਟ ਕਲੀਅਰ ਨਾ ਹੁੰਦੇ। ਫਾਈਨਲ ਵਿੱਚ ਮੇਰੀ ਰੀਪੇਅਰ ਆ ਗਈ। ਰੀਪੇਅਰ ਕੱਢਦਿਆਂ ਅਗਲਾ ਸਾਲ ਬਰਬਾਦ ਹੋ ਗਿਆ।

ਚੰਦੀ ਤੇ ਰਘੂ ਵੀ ਕਲੀਅਰ ਨਾ ਹੋਏ।

* * *

ਨੀਂਦ ਨਹੀਂ ਆ ਰਹੀ।

ਟੇਬਲ ਤੋਂ ਲੈਪਟਾਪ ਚੁੱਕ ਕੇ ਫੇਰ ਰਜਾਈ ਵਿੱਚ ਆਣ ਬੈਠਾਂ ਹਾਂ। ਲੈਪਟਾਪ ਆਨ ਹੈ। ਫੈਮਿਲੀ ਫੋਲਡਰ 'ਤੇ ਕਲਿੱਕ ਕਰਦਾ ਹਾਂ। ਢਾਈ ਸੌ ਦੇ ਕਰੀਬ ਫੋਟੋਆਂ ਨੇ। ਮੰਮੀ-ਪਾਪਾ ਦੀਆਂ ਤੇ ਮੇਰੀਆਂ। ਸਾਡੇ ਮਨਾਲੀ ਵਾਲੇ ਟੂਰ ਦੀਆਂ। ਕਜ਼ਨ ਸਿਸਟਰ ਦੀ ਰਿੰਗ ਸੈਰੇਮਨੀ ਦੀਆਂ। ਇੱਕ ਤਸਵੀਰ ਵਿੱਚ ਪਾਪਾ ਗਿਲਾਸ ਹੱਥ ਵਿੱਚ ਫੜ੍ਹੀ ਝੂਮ ਰਹੇ ਨੇ। ਜਿਵੇਂ ਪਤਾ ਨਹੀਂ ਕਿੰਨੇ ਕੁ ਨਸ਼ੇ ਵਿੱਚ ਹੋਣ। ਪਰ ਸਾਰੀ ਉਮਰ ਉਹਨਾਂ ਕਿਸੇ ਵੀ ਨਸ਼ੇ ਨੂੰ ਟੱਚ ਨਹੀਂ ਕੀਤਾ। ਉਹਨਾਂ ਬਾਰੇ ਸੋਚ ਕੇ ਮੇਰੇ ਅੰਦਰ ਖ਼ੁਦ ਲਈ ਘ੍ਰਿਣਾ ਪੈਦਾ ਹੋਣ ਲੱਗਦੀ ਹੈ।

ਮੈਂ ਤਿੰਨ ਚਾਰ ਸਿਗਰਟਾਂ ਪੀ ਜਾਂਦਾ। ਹੌਲੀ-ਹੌਲੀ ਇਹ ਗਿਣਤੀ ਵੱਧਦੀ ਗਈ। ਬੀਅਰ ਤੋਂ ਹਾਰਡ ਡਰਿੰਕ ਸ਼ੁਰੂ ਹੋ ਗਈ।...ਤੇ ਕਦੇ-ਕਦੇ ...।

ਇੱਕ ਵਾਰ ਰੂਮ ਵਿੱਚ ਮਾਚਿਸ ਦੀਆਂ ਜਲੀਆਂ ਤੀਲਾਂ ਦੇਖ ਕੇ ਮੰਮੀ ਹੈਰਾਨ ਰਹਿ ਗਏ।

"ਗੈਵੀ ਆਹ ਕੀ ਮਚਾਉਂਦਾ ਰਿਹਾ ਤੂੰ ?"

ਮੈਂ ਸੌ ਬਹਾਨੇ ਬਣਾਏ।...ਮੇਰੇ ਰੂਮ ਵਿੱਚ ਪਿਆ ਸਿਲਵਰ ਪੇਪਰ ਵੀ ਦੇਖ ਲਿਆ ਸੀ ਉਹਨਾਂ।

"ਯਾਰ ਬਹਾਨਾ ਐਸਾ ਬਣਾਉ ਕਿ ਘਰ ਦੇ ਪੈਸੇ ਦੇਣ ਤੋਂ ਜ਼ਰਾ ਵੀ ਨਾਂਹ ਨਾ ਕਰਨ।" ਦੋਸਤ ਮੈਨੂੰ ਝੂਠ ਬੋਲਣ ਦੀ ਜਾਚ ਸਿਖਾਉਂਦੇ। ਕਦੀ ਰੀਪੇਅਰ ਦੀ ਦੁਗਣੀ ਫੀਸ। ਕਦੀ ਕਿਸੇ ਕੋਚਿੰਗ ਦਾ ਬਹਾਨਾ। ਮੈਂ ਪਾਪਾ ਕੋਲੋਂ ਪੈਸੇ ਮੰਗਦਾ ਰਹਿੰਦਾ।

ਜਦੋਂ ਸਾਰੇ ਬਹਾਨੇ ਮੁਕ ਜਾਂਦੇ ਮੈਂ ਪਾਪਾ ਦੇ ਪਰਸ 'ਚੋਂ ...।

... ਤੇ ਜਦੋਂ ਸਾਰੇ ਰਾਹ ਬੰਦ ਹੁੰਦੇ ਦਿਸੇ ਰਘੂ ਨੇ ਇੱਕ ਨਵਾਂ ਰਾਹ ਕੱਢ ਲਿਆ।

ਅਸੀਂ ਰਵੀ ਦਾ 'ਸਮਾਨ' ਇੱਕ ਤੋਂ ਦੂਜੀ ਥਾਂ ਪਹੁੰਚਾ ਦਿੰਦੇ। ਬਦਲੇ ਵਿੱਚ ਉਹ ਸਾਨੂੰ...।

ਅਗਲੇ ਸਾਲ ਮੈਂ ਰੀਪੇਅਰ ਦਾ ਪੇਪਰ ਕੱਢ ਦਿੱਤਾ।

"ਤੂੰ ਆਈਲੈਟਸ ਕਰ ਲੈ ਗੈਵੀ। ਮਾਸਟਰ ਲਈ ਆਸਟ੍ਰੇਲੀਆ ਠੀਕ ਰਹੇਗਾ।" ਸ਼ਹਿਰ ਦੇ ਸਭ ਤੋਂ ਟੌਪ ਦੇ ਸੈਂਟਰ ਤੋਂ ਮੈਂ ਆਇਲੈਟਸ ਕਰਨ ਲੱਗਿਆ।

"ਸਾਲਿਆ ਤੂੰ ਤਾਂ ਤੁਰ ਜਾਏਗਾ ਵਲੈਤ। ਜਿਹੜੇ ਚਾਰ ਦਿਨ ਹੈਗੇ ਐਸ਼ ਕਰ ਲੈ।"

ਦੋਸਤ ਮਜ਼ਾਕ ਕਰਦੇ। ਕਲਾਸ ਮਿਸ ਕਰਕੇ ਮੈਂ ਉਹਨਾਂ ਨਾਲ ਚਲਾ ਜਾਂਦਾ। ਪਹਿਲੀ ਵਾਰ ਪੇਪਰ ਦਿੱਤਾ। ਬੈਂਡ ਘੱਟ ਆਏ।

"ਹਰ ਸਾਲ ਫਸਟ ਆਉਂਦਾ ਸੀ ਤੂੰ। ਹਰ ਕੰਮ 'ਚ ਅੱਗੇ। ਧਿਆਨ... ਕਿਥੇ ਰਹਿੰਦਾ ਤੇਰਾ। ਕਦੀ ਚੱਜ ਨਾਲ ਕੋਲ ਨਹੀਂ ਬੈਠਾ।" ਮੰਮੀ ਮੈਨੂੰ ਡਾਂਟਣ ਲੱਗੇ ਸਨ। ਮੈਂ ਮੰਮੀ ਪਾਪਾ ਤੋਂ ਦੂਰ ਰਹਿੰਦਾ। ਡਰਿੰਕ ਕੀਤੀ ਹੁੰਦੀ ਤਾਂ ਨੀਂਦ ਦਾ ਬਹਾਨਾ ਬਣਾ ਕੇ ਆਪਣੇ ਰੂਮ ਵਿੱਚ ਚਲਿਆ ਜਾਂਦਾ। ਪਰ ਇੱਕ ਦਿਨ ਮੰਮੀ ਨੂੰ ਡਰਿੰਕ ਕੀਤੀ ਦਾ ਪਤਾ ਲੱਗ ਗਿਆ। ਕਿਸੇ ਪਾਰਟੀ 'ਤੇ ਜਾ ਕੇ ਆਇਆ ਸੀ ਮੈਂ। ਓਵਰ ਡਰਿੰਕ ਹੋ ਗਈ। ਗੇਟ ਮੰਮੀ ਨੇ ਖੋਲਿਆ। ਮੇਰੇ ਪੈਰ ਥਿੜਕ ਰਹੇ ਸਨ। ਉਹਨਾਂ ਨੂੰ ਸਮੈੱਲ ਆ ਗਈ।

ਉਸ ਰਾਤ ਘਰੇ ਰੋਟੀ ਨਹੀਂ ਸੀ ਪੱਕੀ।

ਸਵੇਰੇ ਕਮਰੇ ਵਿੱਚ ਪਾਪਾ ਚਾਹ ਲੈ ਕੇ ਆਏ।

"ਗੈਵੀ ! ਲਾਈਫ ਦਾ ਇੱਕ ਹੀ ਫੰਡਾ ਹੁੰਦਾ ਬੇਟਾ। ਜਾਂ ਤੂੰ ਹੁਣ ਐਸ਼ ਕਰ ਲੈ। ਬਾਅਦ ਵਿੱਚ ਧੱਕੇ ਖਾ ਲਈਂ। ਦੂਜਾ ਰਸਤਾ ਇਹ ਹੈ ਕਿ ਹੁਣ ਮਿਹਨਤ ਕਰ। ਹੁਣ ਧੱਕੇ ਖਾ ਲੈ। ਫੇਰ ਐਸ਼ ਕਰ ਲਈਂ।"

ਮੇਰੀਆਂ ਅੱਖਾਂ ਸ਼ਰਮ ਨਾਲ ਝੁਕੀਆਂ ਪਈਆਂ ਸਨ। ਮੈਂ ਪਾਪਾ ਕੋਲੋਂ ਮਾਫੀ ਮੰਗੀ। ਕਿਚਨ ਵਿੱਚ ਗਿਆ। ਮੰਮੀ ਨੇ ਮੂੰਹ ਫੇਰ ਲਿਆ। ਮੈਂ ਮੰਮੀ ਨੂੰ ਕਲਾਵੇ ਵਿਚ ਲੈ ਕੇ ਮਨਾਉਂਦਾ ਰਿਹਾ। ਦੁਬਾਰਾ ਇੰਜ ਨਾ ਕਰਨ ਦਾ ਵਾਅਦਾ ਕੀਤਾ।

* * *

ਬੇਮਤਲਬ ਹੀ ਮਾਊਸ 'ਤੇ ਕਲਿਕ ਕਰੀ ਜਾ ਰਿਹਾ।

ਦਿਮਾਗ਼ ਤੇ ਅੱਖਾਂ ਵਿੱਚ ਸਮਤੋਲ ਨਹੀਂ ਹੈ। ਦੇਖ ਕੁਝ ਹੋਰ ਰਿਹਾ। ਸੋਚ ਕੁਝ ਹੋਰ ਰਿਹਾ। ਲੈਪਟਾਪ ਬੰਦ ਕਰਕੇ ਪਾਸੇ ਰੱਖ ਦਿੱਤਾ ਹੈ। ਕਦੇ-ਕਦੇ ਲੱਗਦਾ ਜਿਵੇਂ ਮੰਮੀ ਬੁਲਾ ਰਹੇ ਹੋਣ। ਜਦੋਂ ਮੇਰੇ ਦੋਸਤ ਆਉਂਦੇ ਨੇ ਤਾਂ ਲੱਗਦਾ ਜਿਵੇਂ ਮੰਮੀ ਡਾਂਟ ਰਹੇ ਹੋਣ।

"ਗੈਵੀ ! ਮੈਨੂੰ ਤਾਂ ਤੇਰੇ ਇਹ ਦੋਸਤ ਵੀ ਠੀਕ ਨਹੀਂ ਲੱਗਦੇ।"

ਪਰ ਇੱਥੇ ਤਾਂ ਕੋਈ ਵੀ ਨਹੀਂ ਹੈ। ਨਾ ਮੈਨੂੰ ਰੋਕਣ ਵਾਲਾ। ਨਾ ਹੀ ਮੇਰੇ ਦੋਸਤਾਂ ਨੂੰ। ਜਦੋਂ ਅਸੀਂ ਫਾਈਲ ਲਗਾਈ ਸੀ, ਆਸਟ੍ਰੇਲੀਆ ਜਾਣ ਲਈ ਮੰਮੀ ਥੋੜ੍ਹਾ ਉਦਾਸ ਰਹਿਣ ਲੱਗੇ ਸਨ।

ਮੈਨੂੰ ਸਾਰਾ ਕੁਝ ਅੱਜ ਵੀ ਚੇਤੇ ਹੈ।

"ਗੈਵੀ ਸਾਡਾ ਤਾਂ ਸੱਚੀਂ ਦਿਲ ਨਹੀਂ ਲੱਗਣਾ। ਪਰਦੇਸ ਕੌਣ ਬੈਠਾ ਆਪਣਾ। ਨਾ ਪੱਕੀ ਰੋਟੀ ਜੁੜੇ ਨਾ ਤੇ ਨਾ ਧੋਤੇ ਕੱਪੜੇ।" ਉਹ ਅੰਦਰੋਂ ਮੈਨੂੰ ਦੂਰ ਭੇਜ ਕੇ ਰਾਜੀ ਨਹੀਂ ਸਨ।

ਦੋਸਤਾਂ ਨਾਲ ਮਿਲ ਕੇ ਸ਼ਾਨਦਾਰ ਪਾਰਟੀ ਕੀਤੀ ਸੀ ਉਸ ਦਿਨ।

"ਹੁਣ ਤਾਂ ਯਾਰ ਸਾਡੇ ਨੇ ਐਨ.ਆਰ.ਆਈ ਬਣ ਜਾਣਾ।" ਚੰਦੀ ਨੇ ਬੀਅਰ ਦੀ ਬੋਤਲ ਖੋਲਦਿਆਂ ਆਖਿਆ। ਅਸੀਂ ਛੇ ਜਣੇ ਸਾਂ। ਬਾਰਾਂ ਬੀਅਰ ਦੀਆਂ ਬੋਤਲਾਂ ਖਾਲੀ ਕਰ ਦਿੱਤੀਆਂ। ਜਦੋਂ ਸਰੂਰ ਥੋੜ੍ਹਾ ਘਟਿਆ। ਚਿੱਟੇ ਦਾ ਦੌਰ ਸ਼ੁਰੂ ਹੋ ਗਿਆ। ਉਸ ਦਿਨ ਰਵੀ ਕੋਲੋਂ ਉਧਾਰ ਚੁੱਕਿਆ ਸੀ।


www.PunjabiLibrary.com

ਸ਼ਾਮ ਤੀਕ ਅਸੀਂ ਸਾਰੇ ਦੋਸਤ ਇੱਕਠੇ ਰਹੇ। ਰਵੀ ਦਾ ਉਧਾਰ ਚੁਕਾਉਣ ਲਈ ਅਸੀਂ ਉਹਦਾ ਸਮਾਨ ਕਿਤੇ ਪਹੁੰਚਾਉਣ ਗਏ ਸਾਂ।

ਅਚਾਨਕ ਪੁਲਿਸ ਦੀ ਗੱਡੀ ਸਾਡੇ ਪਿੱਛੇ ਆ ਲੱਗੀ। ਕੇਸ ਦਰਜ ਹੋ ਗਿਆ। ਹਫ਼ਤੇ ਬਾਅਦ ਸਾਡੀ ਜ਼ਮਾਨਤ ਹੋਈ। ਪੁਲਿਸ ਸਟੇਸ਼ਨ ਮਿਲਣ ਆਏ ਮੰਮੀ ਭੁੱਟ-ਭੁੱਟ ਕੇ ਰੋਂਦੇ ਰਹੇ। ਪਾਪਾ ਨੇ ਵੀ ਅੱਖਾਂ ਭਰ ਲਈਆਂ।

"ਸਾਡੀਆਂ ਸੱਤਾਂ ਪੀੜ੍ਹੀਆਂ 'ਚੋਂ ਕੋਈ ਥਾਣੇ ਨਹੀਂ ਸੀ ਚੜ੍ਹਿਆ।" ਮੈਂ ਦੇਖਿਆ ਮੇਰੇ ਕੀਤੇ ਦੀ ਨਮੋਸ਼ੀ ਪਾਪਾ ਦੀਆਂ ਅੱਖਾਂ ਵਿੱਚ ਸੀ।

ਪਰ ਜਦੋਂ ਪੁਲਿਸ ਕੇਸ ਕਰਕੇ, ਮੈਂ ਆਸਟ੍ਰੇਲੀਆ ਨਾ ਜਾ ਸਕਿਆ। ਪਾਪਾ ਜਿਵੇਂ ਹੋਰ ਵੀ ਟੁੱਟ ਗਏ ਸਨ। ਦਫ਼ਤਰ ਤੋਂ ਛੁੱਟੀ ਲੈ ਕੇ ਉਹ ਕਈ ਦਿਨ ਘਰੋਂ ਬਾਹਰ ਨਹੀਂ ਸੀ ਨਿਕਲੇ। ਮੈਂ ਜਾ ਕੇ ਉਹਨਾਂ ਦੇ ਪੈਰ ਫੜ ਲਏ।

"ਮੈਂ ਜਿਊਣਾ ਚਾਹੁੰਦਾ ਹਾਂ ਬਚਾ ਲਉ ਮੈਨੂੰ।" ਪਾਪਾ ਦੇ ਪੈਰ ਫੜ੍ਹੀ ਮੈਂ ਗਿੜਗਿੜਾਉਂਦਾ ਰਿਹਾ। ਉਹਨਾਂ ਨੇ ਮੈਨੂੰ ਡੀ-ਅਡੀਕਸ਼ਨ ਸੈਂਟਰ 'ਚ ਐਡਮਿਟ ਕਰਵਾ ਦਿੱਤਾ।

ਚਾਰ ਮਹੀਨੇ ਮੈਂ ਉਥੇ ਕੱਟੇ। ਨਸ਼ੇ ਦੀ ਤਲਬ ਜਾਗਦੀ ਤਾਂ ਜਾਨ ਨਿਕਲਣ ਵਾਲੀ ਹੋ ਜਾਂਦੀ। ਮੇਰੇ ਵਰਗੇ ਉਥੇ ਹੋਰ ਵੀ ਕਈ ਜਣੇ ਸਨ। ਹਰ ਕੋਈ ਆਪਣੀ-ਆਪਣੀ ਕਹਾਣੀ ਸੁਣਾਉਂਦਾ। ਘਰ ਆਇਆ ਤਾਂ ਮੰਮੀ ਨੇ ਮੇਰਾ ਬਾਹਰ ਆਉਣਾ ਜਾਣਾ ਬੰਦ ਕਰ ਦਿੱਤਾ।

ਦੋਸਤਾਂ ਨਾਲ ਮੇਰਾ ਸੰਪਰਕ ਟੁੱਟ ਗਿਆ।

ਮੈਂ ਤੇ ਪਾਪਾ ਸੈਰ 'ਤੇ ਜਾਂਦੇ। ਸ਼ਾਮ ਨੂੰ ਫੇਰ ਟੈਨਿਸ ਖੇਡਣ ਲੱਗੇ। ਮੰਮੀ ਮੈਨੂੰ ਜ਼ਬਰਦਸਤੀ ਦੁੱਧ ਘਿਉ ਖਵਾਉਂਦੇ ਪਿਆਉਂਦੇ। ਚੰਦੀ ਰਘੂ ਫੋਨ ਕਰਦੇ। ਪਰ ਮੈਂ ਕਿਸੇ ਨਾਲ ਗੱਲ ਨਾ ਕਰਦਾ। ਰਵੀ ਵਾਲਾ ਕੇਸ ਪਹਿਲਾਂ ਹੀ ਬੜੀ ਮੁਸ਼ਕਿਲ ਨਾਲ ਨਿਬੜਿਆ ਸੀ।

* * *

ਟਾਈਮ ਦੇਖਿਆ...

ਪੌਣੇ ਦੋ ਹੋਏ ਨੇ...। ਦੋ ਘੰਟੇ ਹੋਣ ਲੱਗੇ ਨੇ ਮੈਨੂੰ ਜਾਗਦਿਆਂ, ਪਰ ਨੀਂਦ ਨਹੀਂ ਆ ਰਹੀ। ਅੱਜ-ਕੱਲ੍ਹ ਮੇਰੇ ਨਾਲ ਇੰਜ ਹੀ ਹੁੰਦਾ। ਨੀਂਦ ਉਖੜ ਜਾਂਦੀ ਹੈ। ਕਈ ਵਾਰ ਸਾਰੀ ਸਾਰੀ ਰਾਤ ਜਾਗਦਿਆਂ ਬੀਤ ਜਾਂਦੀ। ਵਟਸਐਪ 'ਤੇ ਸੱਤੀ ਦਾ ਇਕ ਹੋਰ ਮੈਸੇਜ ਆਇਆ ਹੋਇਆ। ਉਹ ਵੀ ਸ਼ਾਇਦ ਸੁੱਤਾ ਨਹੀਂ।

ਜਾਣਦਾਂ, ਕਿਉਂ ਕਰ ਰਿਹਾ ਸੱਤੀ ਬਾਰ-ਬਾਰ ਮੈਸੇਜ। ਪੈਸੇ ਚਾਹੀਦੇ ਨੇ ਉਸਨੂੰ। ਮੈਂ ਕਈ ਦਿਨ ਦਾ ਟਾਲੀ ਜਾ ਰਿਹਾ। ਉਹ ਜਾਣਦਾ ਹੈ ਅੱਜ ਇੰਨਸ਼ੋਰੈਂਸ ਕੰਪਨੀ ਤੋਂ ਚੈੱਕ ਮਿਲਣਾ ਸ਼ਾਇਦ ਇਸੇ ਲਈ..... ਅੱਜ ਤਾਂ ਮੇਰੀ ਜੇਬ ਵੀ ਖਾਲੀ ਸੀ।

ਸਾਰਾ ਦਿਨ ਸਰੀਰ ਟੁੱਟਿਆ ਰਿਹਾ। ਸ਼ਾਮੀ ਚੰਦੀ ਆਇਆ ਸਮਾਨ ਲੈ ਕੇ ਫੇਰ ਜਾਨ ਪਈ ਸਰੀਰ ਵਿੱਚ।

ਡੀ.ਅਡੀਕਸ਼ਨ ਸੈਂਟਰ ਤੋਂ ਆ ਕੇ ਮੈਂ ਛੇ ਮਹੀਨੇ ਬਾਹਰ ਨਹੀਂ ਸੀ ਨਿਕਲਿਆ ਘਰ ਤੋਂ।

ਸਾਰੇ ਖੁਸ਼ ਸਨ। ਪਾਪਾ ਨੇ ਕਾਰਾਂ ਦਾ ਸ਼ੋਰੂਮ ਖੋਲਣ ਦੀ ਸਲਾਹ ਬਣਾਈ। ਆਪਣੇ ਕਿਸੇ ਦੋਸਤ ਦੇ ਰਾਹੀਂ ਉਹਨਾਂ ਸਾਰੀ ਸੈਟਿੰਗ ਕਰ ਲਈ। ਬੱਸ ਸਟੈਂਡ ਦੇ ਨੇੜੇ ਬਿਲਡਿੰਗ ਕਿਰਾਏ 'ਤੇ ਲੈ ਲਈ। ਚੰਦੀ ਅਤੇ ਰਘੂ ਮੁੜ ਮਿਲਣ ਲੱਗੇ ਸਨ। ਉਹ ਸ਼ੋ ਰੂਮ ਹੀ ਆ ਜਾਂਦੇ ਪਰ ਮੈਂ ਡਰੱਗਸ ਨਾ ਲੈਂਦਾ। ਉਹ ਅਕਸਰ ਉਦੋਂ ਹੀ ਆਉਂਦੇ ਜਦੋਂ ਸ਼ੋ ਰੂਮ ਬੰਦ ਹੋ ਜਾਂਦਾ । ਸਾਰੇ ਜਾ ਚੁੱਕੇ ਹੁੰਦੇ। ਉਹ ਮੇਰੇ ਸਾਹਮਣੇ ਨਸ਼ਾ ਕਰਦੇ। ਪਰ ਮੈਂ ਖ਼ੁਦ 'ਤੇ ਕੰਟਰੋਲ ਰੱਖਦਾ।

"ਕੁਝ ਨਹੀਂ ਪਿਆ ਇਹਦੇ 'ਚ ਯਾਰ! ਨਾ ਖਰਾਬ ਕਰੋ ਆਪਣੀ ਜ਼ਿੰਦਗੀ।" ਮੈਂ ਉਹਨਾਂ ਨੂੰ ਸਮਝਾਉਣ ਵਾਂਗ ਆਖਦਾ।

"ਕਰੀਏ ਕੀ ਯਾਰ! ਹੁਣ ਨਹੀਂ ਛੁੱਟਦਾ ਕੁਝ ਵੀ। ਮੇਰਾ ਤਾਂ ਬਾਪ ਵੀ ਹੈਨ੍ਹੀ ਜਿਹੜਾ ਇਲਾਜ ਕਰਵਾ ਦੇਵੇ।"

ਰਘੂ ਦੇ ਪਾਪਾ ਦੀ ਮੌਤ ਹੋ ਚੁੱਕੀ ਸੀ। ਇੱਕ ਦਿਨ ਉਹ ਆਪਣੇ ਨਾਲ ਕਿਸੇ ਕੁੜੀ ਨੂੰ ਲੈ ਕੇ ਆਏ।

"ਦੋਸਤ ਏ ਆਪਣੀ।" ਚੰਦੀ ਨੇ ਹੌਲੀ ਜਿਹੇ ਆਖਿਆ।

"ਯਾਰ ਕਿਸੇ ਨੂੰ ਪਤਾ ਲੱਗ ਗਿਆ...।" ਰਘੂ ਨੇ ਮੈਨੂੰ ਬੋਲਣ ਨਾ ਦਿੱਤਾ। ਮੈਂ ਚਾਹ ਕੇ ਵੀ ਉਹਨਾਂ ਨੂੰ ਰੋਕ ਨਾ ਪਾਉਂਦਾ।

"ਅੱਜ ਤਾਂ ਲਗਾ ਲੈ...। ਐਵੇਂ ਠੁੱਸ ਹੀ ਨਾ ਹੋ ਜਾਈਂ...।" ਉਸ ਦਿਨ ਕੰਟਰੋਲ ਖ਼ਤਮ ਹੋ ਗਿਆ। ਜਾਣ ਲੱਗਿਆ ਉਸ ਕੁੜੀ ਨੂੰ ਪੈਸੇ ਵੀ ਮੈਂ ਆਪਣੀ ਜੇਬ 'ਚੋਂ ਦਿੱਤੇ। ਅਸੀਂ ਦੁਬਾਰਾ ਉਹੀ ਸਭ ਕੁਝ ਕਰਨ ਲੱਗੇ। ਜਦੋਂ ਜੇਬ ਖਾਲੀ ਹੁੰਦੀ ਰਘੂ ਮੈਡੀਕਲ ਸਟੋਰ ਤੋਂ ਕਫ-ਸਿਰਪ ਲੈ ਆਉਂਦਾ।

"ਅੱਜ ਇਸੇ ਨਾਲ ਸਾਰ ਲਉ।"

ਕਈ ਵਾਰ ਅਸੀਂ ਚਾਰ-ਚਾਰ ਕੈਪਸੂਲ ਇੱਕਠੇ ਅੰਦਰ ਸੁੱਟ ਲੈਂਦੇ। ਪਾਪਾ ਕਦੀ-ਕਦੀ ਗੇੜਾ ਮਾਰ ਜਾਂਦੇ। ਘਰੇ ਮੰਮੀ ਪੂਰੀ ਖਬਰ ਰੱਖਦੇ।

"ਫਾਲਤੂ ਨਾ ਉੱਠਣ ਬੈਠਣ ਦਈਂ ਕਿਸੇ ਨੂੰ।" ਉਹ ਜਦੋਂ ਇੰਜ ਆਖਦੇ, ਮੈਂ ਅੰਦਰੋਂ ਡਰ ਜਾਂਦਾ।

ਚਾਰ-ਛੇ ਮਹੀਨੇ ਸਾਡੇ ਇੰਜ ਹੀ ਲੰਘ ਗਏ। ਜਦੋਂ ਬਿਲਡਿੰਗ ਦੇ ਮਾਲਕ ਨੂੰ ਪਤਾ ਲੱਗਾ, ਉਹਨੇ ਪਾਪਾ ਨੂੰ ਦੱਸ ਦਿੱਤਾ। ਘਰ ਵਿੱਚ ਦੁਬਾਰਾ ਭੁਚਾਲ ਆ ਗਿਆ। ਪਾਪਾ ਨੇ ਸ਼ੋ ਰੂਮ ਬੰਦ ਕਰਵਾ ਦਿੱਤਾ। ਸ਼ੋ ਰੂਮ ਤੇ ਡੀ.ਅਡੀਕਸ਼ਨ 'ਤੇ ਲੱਗਾ ਲੱਖਾਂ ਰੁਪਈਆ ਖੂਹ ਵਿੱਚ ਪੈ ਗਿਆ।

ਮੰਮੀ ਪਾਪਾ ਮੈਨੂੰ ਬੁਲਾਉਂਦੇ ਨਾ।

"ਇਹਨੂੰ ਤੁਸੀਂ ਮੇਰੇ ਕੋਲ ਭੇਜੋ। ਜਦੋਂ ਮਾੜੇ ਲੋਕਾਂ ਦਾ ਸਾਥ ਛੁੱਟ ਗਿਆ ਆਪੇ ਠੀਕ ਹੋ ਜਾਣਾ ਸਭ...।" ਮੰਮੀ ਪਾਪਾ ਨੇ ਮੈਨੂੰ ਜਬਰਦਸਤੀ ਮਾਮਾ ਜੀ ਕੋਲ ਭੇਜ ਦਿੱਤਾ।


www.PunjabiLibrary.com

ਮਾਮਾ ਜੀ ਮੈਨੂੰ ਤੜਕੇ ਚਾਰ ਵਜੇ ਉਠਾ ਲੈਂਦੇ ਆ ਆਪਣੇ ਨਾਲ ਗੁਰਦੁਆਰੇ ਲੈ ਜਾਂਦੇ। ਫਿਰ ਦੁਕਾਨ ਤੇ ਜਾਣ ਤੋਂ ਪਹਿਲਾਂ ਆਪਣੇ ਕਿਸੇ ਡਾਕਟਰ ਦੋਸਤ ਕੋਲ ਲੈ ਕੇ ਜਾਂਦੇ।

ਡਾਕਟਰ ਹਫ਼ਤਾ ਭਰ ਮੈਨੂੰ ਇਜੈਕਸ਼ਨ ਤੇ ਦਵਾਈ ਦਿੰਦਾ ਰਿਹਾ। ਡਾਕਟਰ ਦੀ ਦਵਾਈ ਨਾਲ ਸਰੀਰ ਪਹਿਲਾਂ ਵਾਂਗ ਨਾ ਟੁੱਟਦਾ।ਮਾਮਾ ਜੀ ਦਾ ਬੇਟਾ ਸੱਤੀ ਕਾਲਜ ਚਲਿਆ ਜਾਂਦਾ। ਮੈਂ ਸਾਰਾ ਦਿਨ ਇੱਕਲਾ ਟੀ.ਵੀ ਦੇਖਦਾ। ਸ਼ਾਮ ਨੂੰ ਮੈਂ ਤੇ ਸੱਤੀ ਕਈ ਵਾਰ ਬਾਹਰ ਚਲੇ ਜਾਂਦੇ। ਇੱਕ ਦਿਨ ਸੱਤੀ ਮੈਨੂੰ ਆਪਣੇ ਦੋਸਤਾ ਕੋਲ ਲੈ ਗਿਆ।ਅਸੀਂ ਗੱਲਾਂ ਕਰਦੇ ਰਹੇ। ਫਿਰ ਉਹਨਾਂ ਦਾਰੂ ਦੀ ਬੋਤਲ ਮੰਗਵਾ ਲਈ। ਸੱਤੀ ਨੇ ਸਭ ਤੋਂ ਪਹਿਲਾਂ ਗਲਾਸੀ ਚੁੱਕੀ।

"ਸੱਤੀ ਤੂੰ ਇਹ...।" ਮੈਂ ਹੈਰਾਨ ਸਾਂ।

"ਘਰ ਜਾ ਕੇ ਨਾ ਦੱਸੀ ਬਾਈ। ਬੁੜੇ ਨੇ ਘਰ ਨਹੀਂ ਵੜਨ ਦੇਣਾ।" ਸੱਤੀ ਨਾਲ ਮੇਰੀ ਬੁੱਕਲ ਖੁੱਲ੍ਹ ਗਈ।

ਮੈਂ ਮਾਮਾ ਜੀ ਵੱਲ ਦੇਖਦਾ। ਉਹ ਦਿਨ ਰਾਤ ਪਾਠ ਕਰਦੇ। ਗੁਰਦੁਆਰੇ ਜਾਂਦੇ। ਮੈਂ ਉਦਾਸ ਹੋ ਗਿਆ। ਮਾਮਾ ਜੀ ਵੱਲ ਦੇਖ ਕੇ ਮੈਨੂੰ ਪਾਪਾ ਦਾ ਚਿਹਰਾ ਯਾਦ ਆ ਜਾਂਦਾ।

ਉਹ ਡਿਫੈਂਸ ਵਿੱਚ ਭੇਜਣਾ ਚਾਹੁੰਦੇ ਸਨ ਮੈਨੂੰ।ਪਰ ਜਦੋਂ ਉਹਨਾਂ ਨੂੰ ਇਹ ਸੁਪਨਾ ਅਧੂਰਾ ਰਹਿੰਦਾ ਦਿੱਸਿਆ, ਉਹਨਾਂ ਮੈਨੂੰ ਸਟੱਡੀ ਵੀਜ਼ੇ 'ਤੇ ਆਸਟ੍ਰੇਲੀਆ ਭੇਜਣ ਦਾ ਸੋਚਿਆ।

ਮੈਂ ਦੋ ਕੁ ਮਹੀਨੇ ਮਾਮਾ ਜੀ ਕੋਲ ਰਿਹਾ।ਮੰਮੀ ਪਾਪਾ ਦੀ ਯਾਦ ਆਉਂਦੀ।ਮੈਂ ਫੋਨ 'ਤੇ ਤਰਲੇ ਲਏ। ਵਾਅਦਾ ਕੀਤਾ। ਪਾਪਾ ਮੈਨੂੰ ਘਰ ਲੈ ਆਏ। ਮੈਂ ਸਾਰਾ ਦਿਨ ਘਰੋਂ ਨਾ ਨਿਕਲਦਾ। ਸਰੀਰ ਟੁੱਟਣ ਲੱਗਦਾ। ਮੰਮੀ ਤੋਂ ਅੱਖ ਬਚਾ ਕੇ ਮੈਂ ਸਮੋਕਿੰਗ ਕਰ ਲੈਂਦਾ।

"ਕਿੰਨੀਆਂ ਰੀਝਾਂ ਸੀ ਗੈਵੀ ਦੇ ਵਿਆਹ ਦੀਆਂ। ਪਰ ਇਹਨੇ ਤਾਂ...। ਜਦੋਂ ਮਾਸੀ ਕਜ਼ਨ ਦੇ ਵਿਆਹ ਦਾ ਕਾਰਡ ਦੇ ਕੇ ਗਏ।ਮੰਮੀ ਮੇਰੇ ਵਿਆਹ ਨੂੰ ਯਾਦ ਕਰਕੇ ਰੋਣ ਲੱਗ ਪਏ।

***

ਅਸੀਂ ਵਿਆਹ ਗਏ।

ਸੱਤੀ ਵੀ ਆਇਆ ਸੀ। ਅਸੀਂ ਇੱਕਠੇ ਇੰਜੁਆਏ ਕਰਦੇ ਰਹੇ। ਆਸਾ ਪਾਸਾ ਦੇਖ ਕੇ ਡਰਿੰਕ ਕਰ ਲਈ। ਜਦੋਂ ਸ਼ਰਾਬ ਦਾ ਨਸ਼ਾ ਹੋ ਗਿਆ। ਸੱਤੀ ਪੁੱਛਣ ਲੱਗਾ–

"ਲਾਉਣਾ ਸਮਾਨ ?"

"ਇਥੇ ਕਿਵੇਂ ?"

"ਟੈਂਸ਼ਨ ਨਾ ਲੈ ਆਜਾ।"

ਮੈਂ ਤੇ ਸੱਤੀ ਮੋਟਰ ਸਾਈਕਲ ਲੈ ਕੇ ਉਸਦੇ ਕਿਸੇ ਦੋਸਤ ਵੱਲ ਚਲੇ ਗਏ।

"ਡੋਜ਼ ਤੇਜ਼ ਕਰਨ ਦਾ ਤਰੀਕਾ ਦੱਸਾਂ ਅੱਜ ਤੈਨੂੰ।"

ਉਹਨੇ ਇੰਜੈਕਸ਼ਨ ਭਰ ਲਿਆ।

"ਪਰ ਯਾਰ...।"

"ਡਰਦਾ ਕਿਉਂ ਏ। ਸਰੂਰ ਦੇਖੀਂ।"

ਅਸੀਂ ਤਿੰਨਾਂ ਨੇ ਇਕੋ ਸਰਿੰਜ ਨਾਲ ਇੰਜੈਕਸ਼ਨ ਲੈ ਲਿਆ।

ਵਾਪਸ ਪੈਲਸ ਵਿੱਚ ਆਏ ਤਾਂ ਮੇਰੇ ਪੈਰ ਭੁੰਜੇ ਨਹੀਂ ਸੀ ਲੱਗ ਰਹੇ। ਮੈਂ ਤੇ ਸੱਤੀ ਸਟੇਜ 'ਤੇ ਚੜ੍ਹ ਕੇ ਡਾਂਸਰਾਂ ਨਾਲ ਨੱਚਦੇ ਰਹੇ। ਬਰਾਤ ਤੁਰਨ ਦੇ ਨਾਲ ਹੀ ਪਾਪਾ ਨੇ ਘਰ ਮੁੜਨ ਦਾ ਮਨ ਬਣਾ ਲਿਆ।

ਸ਼ਾਮ ਉਤਰ ਆਈ।

ਮੈਂ ਗੱਡੀ ਚਲਾਉਣ ਲੱਗਾ। ਨਸ਼ੇ ਨਾਲ ਮੇਰੀਆਂ ਅੱਖਾਂ ਮਿਚਦੀਆਂ ਪਈਆਂ ਸਨ। ਸਾਹਮਣਿਓਂ ਤੇਜ਼ ਟਰੱਕ ਆਇਆ। ਮੇਰੀ ਸੁਰਤੀ ਖਿੰਡ ਗਈ। ਸੰਤੁਲਨ ਵਿਗੜ ਗਿਆ। ਕਾਰ ਟਰੱਕ ਨਾਲ ਟਕਰਾ ਗਈ। ਮੈਂ ਕਾਰ 'ਚੋਂ ਬਾਹਰ ਜਾ ਡਿੱਗਾ। ਰੁਕਦਾ-ਰੁਕਦਾ ਟਰੱਕ ਕਾਰ ਨੂੰ ਧੂਹ ਕੇ ਦੱਸ ਫੁੱਟ ਪਿਛੇ ਲੈ ਗਿਆ। ਕਾਰ ਦਾ ਮੂੰਹ ਘੁੰਮ ਕੇ ਦੂਜੇ ਪਾਸੇ ਹੋ ਗਿਆ। ਪਾਪਾ ਦਾ ਸਿਰ ਕੁਚਲਿਆ ਗਿਆ। ਮੰਮੀ ਸਹਿਕ ਰਹੇ ਸਨ। ਇੱਕਠੇ ਹੋਏ ਲੋਕ ਉਹਨਾਂ ਨੂੰ ਹਸਪਤਾਲ ਲੈ ਕੇ ਦੌੜੇ। ਮੈਂ ਉਠ ਕੇ ਘਬਰਾਏ ਹੋਏ ਮਾਮਾ ਜੀ ਨੂੰ ਫੋਨ ਕੀਤਾ। ਕਿਸੇ ਦੀ ਗੱਡੀ 'ਤੇ ਮੰਮੀ ਦੇ ਪਿੱਛੇ ਹਸਪਤਾਲ ਦੌੜਿਆ। ਪਰ ਰਸਤੇ ਵਿੱਚ ਹੀ ਮੰਮੀ...। ਮੰਮੀ-ਪਾਪਾ ਦੀਆਂ ਲਾਸ਼ਾਂ ਸਾਰੀ ਰਾਤ ਹਸਪਤਾਲ ਪਈਆਂ ਰਹੀਆਂ। ਅਸੀਂ ਹਸਪਤਾਲ ਬੈਠੇ ਦਿਨ ਚੜ੍ਹਨ ਦੀ ਉਡੀਕ ਕਰਦੇ ਰਹੇ। ਮੇਰੀ ਬਾਂਹ ਦਰਦ ਨਾਲ ਸਿੱਧੀ ਨਹੀਂ ਸੀ ਹੋ ਰਹੀ। ਡਾਕਟਰ ਨੂੰ ਦਿਖਾਇਆ ਤਾਂ ਉਹਨੇ ਪਲੱਸਤਰ ਲਗਾ ਦਿੱਤਾ।

ਅਗਲੇ ਦਿਨ ਸਸਕਾਰ ਕੀਤਾ ਗਿਆ।

ਮੇਰਾ ਦਿਲ ਕੀਤਾ, ਪਾਪਾ ਨੂੰ ਫੇਰ ਕਹਾਂ-ਪਾਪਾ ਮੈਂ ਜਿਉਣਾ ਚਾਹੁੰਦਾ। ਬਚਾ ਲਉ ਮੈਨੂੰ। ਪਰ ਪਾਪਾ ਤਾਂ...।

ਮੈਨੂੰ ਰਘੂ ਯਾਦ ਆਇਆ।

"ਮੇਰਾ ਤਾਂ ਬਾਪੂ ਵੀ ਹੈਨੀ ਯਾਰ।" ਪਰ ਆਪਣੇ ਬਾਪ ਨੂੰ ਤਾਂ ਮੈਂ ਹੀ...।

ਮੈਂ ਉਚੀ ਸਾਰੀ ਭੁੱਬ ਮਾਰੀ।

**-ਹੁਣ**

# ਸਮਕਾਲ

ਇਹ ਸਭ ਕਹਾਣੀਆਂ ਮੁੱਖ ਸਮੱਸਿਆਂ ਦੀ ਪੇਸ਼ਕਾਰੀ ਵਜੋਂ ਤਾਂ ਵੱਖ-ਵੱਖ ਹਨ ਪਰ ਇਹਨਾਂ ਵਿੱਚ ਉਪ ਸਮਸਿਆਵਾਂ ਵਜੋਂ ਕਈ ਤੰਦਾਂ ਸਾਂਝੀਆਂ ਹਨ । ਪਿਆਰ ਤੇ ਵਿਆਹ ਸਬੰਧ, ਜ਼ਾਤ-ਪਾਤ, ਵਿਵਸਥਾ ਅਤੇ ਭੂਪਵਾਦੀ ਸੰਸਕਾਰਾਂ ਦਾ ਸੱਚ ਬਹੁਤ ਖ਼ੂਬਸੂਰਤੀ ਨਾਲ ਰੂਪਮਾਨ ਹੋਇਆ ਹੈ। ਭਾਸ਼ਾਗਤ ਮੁਹਾਰਤ ਅਤੇ ਕਹਾਣੀ ਕਹਿਣ ਦੀ ਉਸਦੀ ਜੁਗਤ ਬਾਰੇ ਤਾਂ ਇਸ ਤੋਂ ਵੱਧ ਕੀ ਕਿਹਾ ਜਾਵੇ ਕਿ ਵਿਸ਼ਾ ਵਸਤੂ ਭਾਵੇਂ ਕਿੰਨਾ ਵੀ ਰੁੱਖਾ-ਮਿੱਸਾ ਹੋਵੇ, ਸਿਮਰਨ ਧਾਲੀਵਾਲ ਦੀ ਕਹਾਣੀ ਵਿਚ ਰਸਕਿਤਾ ਦੀ ਕੋਈ ਘਾਟ ਨਹੀਂ ਮਹਿਸੂਸ ਹੋ ਸਕਦੀ।

-ਸਿਰਜਣਾ 2013

ਸਿਮਰਨ ਧਾਲੀਵਾਲ ਨੇ ਆਪਣੀਆਂ ਕੁਝ ਕੁ ਕਹਾਣੀਆਂ ਦੁਆਰਾ ਹੀ ਸਮਕਾਲ ਦੀ ਪੰਜਾਬੀ ਕਹਾਣੀ ਵਿਚ ਆਪਣੀ ਅਲੱਗ ਪਹਿਚਾਣ ਬਣਾਈ ਹੈ। ਉਹ ਆਧੁਨਿਕ ਜੀਵਨ ਦੇ ਨਵੇਂ ਯਥਾਰਥ ਦੀਆਂ ਪੇਚੀਦਗੀਆਂ ਨੂੰ ਸਮਝਣ ਵਾਲਾ ਕਥਾਕਾਰ ਹੈ।ਮਨੁੱਖੀ ਮਨ ਦੀਆਂ ਦਿਸਦੀਆਂ ਅਤੇ ਅਣਦਿਸਦੀਆਂ ਪਰਤਾਂ ਨੂੰ ਸਮਾਜਕ ਪ੍ਰਬੰਧ ਦੇ ਅਸਾਵੇਂ ਰੂਪ ਨਾਲ ਜੋੜ ਕੇ ਪੇਸ਼ ਕਰਦਿਆਂ ਉਹ ਮਨੋਯਥਾਰਥ ਦੇ ਗੁੱਝੇ ਧਰਾਤਲ ’ਤੇ ਆਪਣੇ ਕਲਾ-ਬਿੰਬਾਂ ਦੀ ਉਸਾਰੀ ਕਰ ਜਾਂਦਾ ਹੈ।

-ਸ਼ਬਦ 2013

ਸਿਮਰਨ ਧਾਲੀਵਾਲ ਨੇ ਅਜੋਕੇ ਸਮੇਂ ਵਿਚ ਸੂਚਨਾ ਤੇ ਸੰਚਾਰ ਸਾਧਨਾਂ ਦੇ ਵਿਸ਼ਵ ਵਿਆਪੀ ਪ੍ਰਭਾਵ ਅਤੇ ਸਮੁੱਚੇ ਵਿਸ਼ਵ ਵਿਚ ਪੂੰਜੀਵਾਦ ਦੇ ਹੱਥਾਂ ਵਿਚ ਆਈ ਏਕੀਕ੍ਰਿਤ ਸਾਮਰਾਜੀ ਵਿਸ਼ਵੀਕਰਨ ਦੀ ਗੋਲ-ਗੋਲ ਘੁੰਮਦੀ ਗੇਂਦ ਦੇ ਕੀਤੇ ਕਾਰਨਾਮਿਆਂ ਦੇ ਪ੍ਰਸੰਗਾਂ ’ਚ ਉਭਾਰਿਆ ਹੈ। ਉਸਨੇ ਮਾਨਵਤਾਵਾਦੀ ਪਹੁੰਚ ਅਤੇ ਉਤਮ ਪੁਰਖੀ ਬਿਰਤਾਂਤ ਵਿਧੀ ਦੀ ਕੁਸ਼ਲ ਵਰਤੋਂ ਸਦਕਾ ਕਹਾਣੀਆਂ ਦੇ ਰੂਪ ਤੇ ਵਸਤੂ ਵਿਚਕਾਰ ਇੰਝ ਤਵਾਜ਼ਨ ਕਾਇਮ ਰੱਖਿਆ ਹੈ ਕਿ ਕਹਾਣੀਆਂ ਵਿਚ ਪਰੋਏ ਕਈ ਵਾਕ ਲੋਕ ਸਿਆਣਪਾਂ ਵਰਗਾ ਪ੍ਰਭਾਵ ਛੱਡਦੇ ਹਨ।

-ਸਿਰਜਣਾ 2015

ਭਾਸ਼ਾਈ ਕੌਸਲਤਾ ਠੇਠ ਮੁਹਾਵਰਾ ਸਿਮਰਨ ਧਾਲੀਵਾਲ ਦੀ ਭਾਸ਼ਾਗਤ ਖਾਸੀਅਤ ਹੈ। ਸ਼ਿਲਪਕਾਰੀ ਪੱਖੋਂ ਵੇਖਿਆ ਜਾਵੇ ਤਾਂ ਉਸ ਦਾ ਕਥਾ ਬਿਰਤਾਂਤ ਕਿਸੇ ਮਾਨਸਿਕ ਅਥਵਾ ਵਸਤੂਗਤ ਸਥਿਤੀ ਤੋਂ ਆਰੰਭ ਹੋ ਕੇ ਰਹੱਸ ਸਿਰਜਣ ਵਿਚ ਆਉਂਦਾ

ਹੈ। ਹੌਲੀ-ਹੌਲੀ ਉਸ ਰਹੱਸ ਦਾ ਉਦਘਾਟਨ ਹੁੰਦਾ ਹੈ। ਵਾਰਤਾਲਾਪੀ ਅੰਸ਼, ਨਾਟਕੀ ਮੋੜ ਇਸ ਵਿਚ ਰੰਗ ਭਰਦੇ ਹਨ।

-ਨਵਾਂ ਜ਼ਮਾਨਾ 2012

ਇਹ ਕਹਾਣੀਆਂ ਮਨੋਵਿਗਿਆਨਕ ਧਰਾਤਲ 'ਤੇ ਲਿਖੀਆਂ ਗਈਆਂ ਹਨ। ਲੇਖਕ ਗੱਲ ਵਿਚੋਂ ਗੱਲ ਕੱਢਦਾ ਹੈ। ਪਾਤਰਾਂ ਦੀ ਮਾਨਸਿਕ ਟੱਟ-ਭੱਜ ਦੇ ਕਾਰਨ ਸਮਾਜਕ ਵੀ ਨੇ ਅਤੇ ਆਰਥਿਕ ਵੀ ਤੇ ਸਰੀਰਕ ਵੀ। ਭਾਸ਼ਾ ਸਰਲ ਅਤੇ ਮੁਹਾਵਰੇਦਾਰ ਹੈ।

-ਅਜੀਤ 2015

ਇਹ ਸਾਰੀਆਂ ਹੀ ਕਹਾਣੀਆਂ ਮਨੁੱਖੀ ਮਨ ਉਪਰ ਫੋਕਸ ਹਨ। ਮਨ ਉਪਰ ਸਥਿਤੀਆਂ ਕਿਵੇਂ ਅਸਰ ਕਰਦੀਆਂ ਹਨ, ਇਹ ਕਹਾਣੀਆਂ ਰਾਹੀਂ ਦੇਖਿਆ ਜਾ ਸਕਦਾ ਹੈ। ਮਨ ਦੀਆਂ ਅਨੇਕਾਂ ਪਰਤਾਂ ਹਨ। ਬੰਦੇ ਦੀਆਂ ਇਹਨਾਂ ਪਰਤਾਂ ਨੂੰ ਕਹਾਣੀਕਾਰ ਕਹਾਣੀਆਂ ਵਿਚ ਚਿਤਰ ਰਿਹਾ ਹੈ।

- ਮੇਘਲਾ 2012

ਆਪਣੀਆਂ ਸਾਰੀਆਂ ਹੀ ਕਹਾਣੀਆਂ ਵਿਚ ਸਿਮਰਨ ਧਾਲੀਵਾਲ ਨੇ ਅਜਿਹੇ ਮਨੁੱਖ ਨੂੰ ਕੇਂਦਰ ਵਿਚ ਰੱਖਿਆ ਹੈ, ਜੋ ਆਪਣੇ ਆਪ ਦੇ ਹੀ ਦੋ ਹਿੱਸਿਆਂ ਵਿਚ ਵੰਡਿਆ ਹੋਇਆ ਹੈ। ਉਸ ਦਾ ਇਕ ਹਿੱਸਾ ਉਸ ਦੇ ਕਹੇ ਅਨੁਸਾਰ ਚੱਲਦਾ ਹੈ। ਦੂਜਾ ਉਸ ਨੂੰ ਆਪਣੇ ਕਹੇ ਅਨੁਸਾਰ ਚਲਾਉਂਦਾ ਹੈ। ਇਸ ਲਿਹਾਜ਼ ਨਾਲ ਲੇਖਕ ਸਮੇਂ ਦੀ ਉਸ ਨਬਜ਼ ਨੂੰ ਫੜਦਾ ਹੈ ਜਿੱਥੇ ਮਨੁੱਖ ਦਾ ਅਸਤਿਤਵ ਖੇਰੂ-ਖੇਰੂ ਹੋ ਰਿਹਾ ਹੈ।

-ਸ਼ਬਦ 2015

ਸਿਮਰਨ ਧਾਲੀਵਾਲ ਦੀਆਂ ਇਨਾਂ ਸਾਰੀਆਂ ਹੀ ਕਹਾਣੀਆਂ ਦਾ ਪੈਟਰਨ ਉੱਤਮ ਪੁਰਖੀ ਹੈ। ਭਾਸ਼ਾ ਸਰਲ, ਠੇਠ ਅਤੇ ਭਾਵਪੂਰਕ ਹੈ । ਛੋਟੇ-ਛੋਟੇ ਵਾਕ ਰਚਨਾ ਨੂੰ ਹੋਰ ਵੀ ਖ਼ੂਬਸੂਰਤੀ ਪ੍ਰਦਾਨ ਕਰਦੇ ਹਨ। ਇਨ੍ਹਾਂ ਕਹਾਣੀਆਂ ਰਾਹੀਂ ਕਹਾਣੀਕਾਰ ਨੇ ਬੰਦੇ ਅੰਦਰ ਬੈਠੇ ਬੰਦੇ ਨੂੰ ਫੜਨ ਦਾ ਯਤਨ ਕੀਤਾ ਹੈ।

-ਅੱਖਰ 2013

ਸਾਰੀਆਂ ਹੀ ਕਹਾਣੀਆਂ ਦੀ ਬੋਲੀ, ਸ਼ੈਲ਼ੀ, ਵਿਉਂਤ ਅਤੇ ਤਕਨੀਕ ਲਪਭਗ ਸਮਾਨ ਹੈ ਤੇ ਬਹੁਤੇ ਸਮਕਾਲੀ ਕਥਾਕਰਾਂ ਤੋਂ ਨਿਵੇਕਲੀ ਤੇ ਮੌਲਿਕ ਹੈ। ਲੇਖਕ ਮਨੋਬਚਨੀ ਉਤਮ ਪੁਰਖ ਫਲੈਸ਼ਬੈਕ ਢੰਗ ਦੀ ਵਰਤੋਂ ਕਰਦਾ ਹੈ। ਰਚਨਾ ਵਿਚ ਪ੍ਰੌਢਤਾ ਅਤੇ ਗੰਭੀਰਤਾ ਹੈ।

-ਮਹਿਰਮ 2012

ਸਿਮਰਨ ਦੀਆਂ ਕਹਾਣੀਆਂ ਵਿਚ ਸਮਾਜਕ ਨਾ ਬਰਾਬਰੀ ਅਨਿਆਂ ਤੇ ਲੁੱਟ-ਖਸੁੱਟ ਜਿਹੇ ਵਿਸ਼ੇ ਪੇਸ਼ ਹੋਏ ਹਨ। ਮੈਂ ਹੁਣ ਝੂਠ ਨਹੀਂ ਬੋਲਦਾ ਜ਼ਾਤ-ਪਾਤ ਕਾਰਨ ਹੀਣ ਭਾਵਨਾਂ 'ਚੋਂ ਗੁਜ਼ਰਦੇ ਪਾਤਰ ਦੇ ਸੰਤਾਪ ਨੂੰ ਪੇਸ਼ ਕਰਦੀ ਹੈ। 'ਉਸ ਪਲ' ਤੇ 'ਲਕੀਰ ਦੇ ਉਸ ਪਾਰ' ਪੂੰਜੀਵਾਦੀ ਸਿਸਟਮ ਦੇ ਪਾਜ ਉਘਾੜਦੀਆਂ ਹਨ। ਇਹਨਾਂ ਕਹਾਣੀਆਂ ਵਿਚੋਂ ਮਾਨਵਵਾਦੀ ਸਰੋਕਾਰਾਂ ਦੀ ਝਲਕ ਪੈਂਦੀ ਹੈ। ਭਾਸ਼ਾ ਸਰਲ ਹੈ।

-ਪ੍ਰਵਚਨ 2016

ਕਹਾਣੀ ਦਾ ਨਿਭਾਅ ਅਤੇ ਉਸਨੂੰ ਕਾਬੂ ਰੱਖਣਾ ਸਿਮਰਨ ਧਾਲੀਵਾਲ ਦੀ ਖ਼ੂਬੀ ਹੈ। ਉਸ ਦੀਆਂ ਕਹਾਣੀਆਂ ਸੂਝ-ਬੂਝ ਸੰਗ, ਜ਼ਿੰਦਗੀ ਨਾਲ ਓਤ-ਪ੍ਰੋਤ ਹੁੰਦੀਆਂ ਕੁਝ ਕਹਿ ਜਾਂਦੀਆਂ ਹਨ।

-ਪੰਜਾਬੀ ਟ੍ਰਿਬਿਊਨ 2016


www.PunjabiLibrary.com

ਪਾਠਕ ਦੋਸਤੋ ਤੁਹਾਡੇ ਲਈ......................


www.PunjabiLibrary.com